ਮੰਗਲਵਾਰ, 29 ਅਗਸਤ, 2023
13 ਭਾਦੋਂ { ਨਾਨਕਸ਼ਾਹੀ 555
ਬਿਕਰਮੀ 2080
ਜਿਲਦ/VOL. : 72
ਅੰਕ/NO. : 88

# ਨਵਾਂ ਜ਼ਮਾਨਾ

DAILY NAWAN ZAMANA • TUESDAY, 29 AUGUST, 2023
ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12




ਖੇਡਾਂ ਵਤਨ ਪੰਜਾਬ ਦੀਆਂ
ਸੀਜ਼ਨ-2
ਚੈਂਪੀਅਨ ਪੰਜਾਬ

ਉਦਘਾਟਨੀ ਸਮਾਗਮ
29 ਅਗਸਤ, 2023 | ਸ਼ਾਮ 4:00 ਵਜੇ
ਸ਼ਹੀਦ ਭਗਤ ਸਿੰਘ ਖੇਡ ਸਟੇਡੀਅਮ, ਬਠਿੰਡਾ

35 ਖੇਡਾਂ ਲਈ ਅੱਠ ਉਮਰ ਵਰਗਾਂ ਵਿੱਚ ਮੁਕਾਬਲੇ

7 ਕਰੋੜ ਰੁਪਏ ਦੀ ਇਨਾਮੀ ਰਾਸ਼ੀ

ਬਲਾਕ ਪੱਧਰੀ ਮੁਕਾਬਲੇ : 31 ਅਗਸਤ ਤੋਂ 9 ਸਤੰਬਰ
ਜ਼ਿਲ੍ਹਾ ਪੱਧਰੀ ਮੁਕਾਬਲੇ : 26 ਸਤੰਬਰ ਤੋਂ 5 ਅਕਤੂਬਰ
ਰਾਜ ਪੱਧਰੀ ਮੁਕਾਬਲੇ : 10 ਤੋਂ 25 ਅਕਤੂਬਰ



ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ

29-AUG-PAGE-10.qxd 8/28/2023 10:48 PM Page 1



# ਪੰਜਾਬ ਸਰਕਾਰ ਨੂੰ ਰਾਜਪਾਲ ਦੀਆਂ ਧਮਕੀਆਂ ਜਮਹੂਰੀਅਤ ਵਿਰੋਧੀ ਤੇ ਗ਼ੈਰ-ਸੰਵਿਧਾਨਕ ਕਾਰਵਾਈ : ਲਿਬਰੇਸ਼ਨ

**ਮਾਨਸਾ (ਪਮਾਰ)**-ਬੀਤੇ ਦਿਨ ਪੰਜਾਬ ਦੇ ਰਾਜਪਾਲ ਵੱਲੋਂ ਮਾਨ ਸਰਕਾਰ ਨੂੰ ਉਨ੍ਹਾਂ ਦੀਆਂ ਚਿੱਠੀਆਂ ਦਾ ਜਵਾਬ ਨਾ ਦੇਣ ਦੇ ਬਹਾਨੇ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਧਮਕੀ ਬਾਰੇ ਪ੍ਰਤੀਕਰਮ ਦਿੰਦਿਆਂ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੀ ਪੰਜਾਬ ਇਕਾਈ ਨੇ ਕਿਹਾ ਹੈ ਕਿ ਜਿਵੇਂ ਮੋਦੀ ਸਰਕਾਰ ਵੱਲੋਂ ਅਪਣੇ ਸੌੜੇ ਸਿਆਸੀ ਸੁਆਰਥਾਂ ਦੀ ਪੂਰਤੀ ਲਈ ਸੂਬਿਆਂ ਦੇ ਹੱਕਾਂ /ਅਧਿਕਾਰਾਂ ਤੇ ਫੈਡਰਲ ਢਾਂਚੇ ਨੂੰ ਪੈਰਾਂ ਹੇਠ ਦਰੜਿਆ ਜਾ ਰਿਹਾ ਹੈ, ਉਸ ਨੂੰ ਵੇਖਦੇ ਹੋਏ ਬੀਜੇਪੀ ਦੇ ਇਕ ਲੀਡਰ ਵਾਂਗ ਕੰਮ ਕਰ ਰਹੇ ਸੂਬੇ ਦੇ ਰਾਜਪਾਲ ਤੋਂ ਕਿਸੇ ਪੰਜਾਬ ਹਿੱਤੂ ਪਹਿਲਕਦਮੀ ਦੀ ਬਜਾਏ, ਅਜਿਹੇ ਤਾਨਾਸ਼ਾਹੀ ਭਰੇ ਵਰਤਾਓ ਦੀ ਹੀ ਉਮੀਦ ਕੀਤੀ ਜਾ ਸਕਦੀ ਹੈ। ਪ੍ਰੋਹਿਤ ਸਾਹਿਬ ਇਹ ਵੀ ਯਾਦ ਰੱਖਣ ਕਿ ਪੰਜਾਬ ਕੋਈ ਰਸਗੁੱਲਾ ਨਹੀਂ ਕਿ ਇਸ ਨੂੰ ਜੋ ਚਾਹੇ ਮੂੰਹ ਵਿੱਚ ਪਾ ਲਵੇਗਾ, ਇਸ ਨੇ ਸਮੇਂ ਸਮੇਂ 'ਤੇ ਕਹਿੰਦੇ ਕਹਾਉਂਦੇ ਤਾਨਾਸ਼ਾਹਾਂ ਤੇ ਜਾਬਰਾਂ ਨੂੰ ਲੋਹੇ ਦੇ ਚਨੇ ਚਬਾਏ ਹਨ ਅਤੇ ਹਰ ਕੁਰਬਾਨੀ ਦੇ ਕੇ ਵੀ ਅਪਣੇ ਸਨਮਾਨ ਤੇ ਜਮਹੂਰੀਅਤ ਦੀ ਰਾਖੀ ਕੀਤੀ ਹੈ ਅਤੇ ਭਵਿੱਖ ਵਿੱਚ ਵੀ ਅਜਿਹਾ ਹੀ ਕਰੇਗਾ।

ਲਿਬਰੇਸ਼ਨ ਦੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਵੱਲੋਂ ਇਥੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਮਾਨ ਸਰਕਾਰ ਦੀ ਕਾਰਗੁਜ਼ਾਰੀ ਨਾਲ ਵੱਡੀ ਅਸਹਿਮਤੀ/ਮੱਤਭੇਦ ਰੱਖਣ ਦੇ ਬਾਵਜੂਦ ਵੀ ਸਾਡੀ ਪਾਰਟੀ ਸਮਝਦੀ ਹੈ ਕਿ ਸੂਬੇ ਦੇ ਰਾਜਪਾਲ ਵੱਲੋਂ ਭਾਰੀ ਬਹੁਗਿਣਤੀ ਨਾਲ ਸੱਤਾ ਵਿੱਚ ਆਈ ਸੂਬਾ ਸਰਕਾਰ ਨੂੰ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਉਣ ਦੀਆਂ ਧਮਕੀਆਂ ਦੇਣਾ ਘੋਰ ਜਮਹੂਰੀਅਤ ਵਿਰੋਧੀ ਤੇ ਗ਼ੈਰ-ਸੰਵਿਧਾਨਕ ਕਾਰਵਾਈ ਹੈ। ਅਸਲ ਵਿੱਚ ਪੰਜਾਬ ਦਾ ਰਾਜਪਾਲ ਪੰਜਾਬ ਦੇ ਹਿੱਤਾਂ ਦੀ ਨਹੀਂ, ਮੋਦੀ ਸਰਕਾਰ ਵੱਲੋਂ ਨਿਯੁਕਤ ਏਜੰਟ ਵਜੋਂ ਬੀਜੇਪੀ ਦੇ ਹਿੱਤਾਂ ਦੇ ਪੈਰਵੀ ਕਰ ਰਿਹਾ ਹੈ। ਇਹ ਸਿਆਸੀ ਵਰਤਾਰਾ ਬੀਜੇਪੀ ਸਮੁੱਚੇ ਦੇਸ਼ ਵਿਚਲੀਆਂ ਅਪੋਜ਼ੀਸ਼ਨ ਦੀਆਂ ਸਰਕਾਰਾਂ ਨੂੰ ਪ੍ਰੇਸ਼ਾਨ ਤੇ ਅਸਥਿਰ ਕਰਨ ਲਈ ਵਰਤ ਰਹੀ ਹੈ, ਪਰ ਪੰਜਾਬੀ ਇਸ ਨੂੰ ਕਦਾਚਿਤ ਬਰਦਾਸ਼ਤ ਨਹੀਂ ਕਰਨਗੇ। ਰਾਜਪਾਲ ਨੂੰ ਚੁਣੀ ਹੋਈ ਸਰਕਾਰ ਦੀ ਜਗ੍ਹਾ ਲੈਣ ਦੇ ਯਤਨ ਕਰਨ ਦੀ ਬਜਾਏ, ਆਪਣੀਆਂ ਵਿਧਾਨਕ ਹੱਦਾਂ ਵਿੱਚ ਰਹਿਣਾ ਚਾਹੀਦਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਉਹ ਆਪਣੀ ਸਰਕਾਰ ਦੇ ਵਿਗੜ ਰਹੇ ਅਕਸ ਨੂੰ ਸੁਧਾਰਨ ਵੱਲ ਵਿਸ਼ੇਸ਼ ਤਵੱਜੋਂ ਦੇਣ, ਤਾਂ ਜੋ ਰਾਜਪਾਲ ਨੂੰ ਸੂਬਾ ਸਰਕਾਰ ਦੇ ਕੰਮ ਕਾਜ ਵਿੱਚ ਦਖਲ ਦੇਣ ਦੀ ਕੋਈ ਗੁੰਜਾਇਜ਼ ਹੀ ਨਾ ਰਹੇ। ਮੁੱਖ ਮੰਤਰੀ ਮਾਨ ਵੱਲੋਂ ਗੈਂਗਸਟਰਾਂ, ਨਾਜਾਇਜ਼ ਹਥਿਆਰਾਂ, ਨਸ਼ਿਆਂ ਤੇ ਪੰਜਾਬ ਦੀ ਅਮਨ ਕਾਨੂੰਨ ਦੀ ਹਾਲਤ ਸਬੰਧੀ ਮਹਿਜ ਕਾਗਜ਼ੀ ਅੰਕੜੇ ਪੇਸ਼ ਕਰਨ ਤੱਕ ਸੀਮਤ ਰਹਿਣ ਦੀ ਬਜਾਏ, ਜ਼ਮੀਨੀ ਪੱਧਰ 'ਤੇ ਠੋਸ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਪੰਜਾਬ ਦੀ ਸਾਰੀਆਂ ਸਿਆਸੀ ਧਿਰਾਂ ਨੂੰ ਇਕਜੁੱਟ ਕਰਕੇ ਜਿੱਥੇ ਸੂਬੇ ਦੇ ਹਿੱਤਾਂ ਦੀ ਰਾਖੀ ਕੀਤੀ ਜਾਵੇ, ਉਥੇ ਨਿਆਂ ਪਾਲਿਕਾ, ਸੰਵਿਧਾਨ ਤੇ ਜਮਹੂਰੀਅਤ ਦੀ ਰਾਖੀ ਕਰਨ ਲਈ ਤਾਨਾਸ਼ਾਹ ਤੇ ਫਿਰਕੂ ਬੀਜੇਪੀ ਨੂੰ ਲੱਕ ਤੋੜਵੀਂ ਹਾਰ ਦੇਣ ਲਈ ਵਿਸ਼ਾਲ ਜਨਤਕ ਤੇ ਸਿਆਸੀ ਲਾਮਬੰਦੀ ਕੀਤੀ ਜਾਵੇ।

# ਸਤਵਿੰਦਰ ਸਿੰਘ ਪੰਡੋਰੀ ਭਾਰਤੀਯ ਅੰਬੇਡਕਰ ਮਿਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਨਿਯੁਕਤ



**ਸੰਗਰੂਰ (ਪ੍ਰਵੀਨ ਸਿੰਘ)**-ਭਾਰਤੀਯ ਅੰਬੇਡਕਰ ਮਿਸ਼ਨ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਵੱਲੋਂ ਸ੍ਰੀਮਤੀ ਹਰਜਿੰਦਰ ਕੌਰ ਚੱਬੇਵਾਲ ਸਰਪੰਚ ਸੂਬਾ ਪ੍ਰਧਾਨ ਮਹਿਲਾ ਵਿੰਗ ਦੀ ਜ਼ੋਰਦਾਰ ਸਿਫਾਰਸ਼ 'ਤੇ ਸਮਾਜ ਸੇਵਾ ਦਾ ਜਜ਼ਬਾ ਰੱਖਣ ਵਾਲੇ ਸ੍ਰੀ ਸਤਵਿੰਦਰ ਸਿੰਘ ਪੰਡੋਰੀ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦਿਹਾਤੀ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ। ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਸ੍ਰੀ ਪੰਡੋਰੀ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਸ੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਭਾਰਤੀਯ ਅੰਬੇਡਕਰ ਮਿਸ਼ਨ ਇੱਕ ਸਮਾਜਿਕ ਜਥੇਬੰਦੀ ਹੈ, ਜਿਸ ਦਾ ਮੁੱਖ ਮੰਤਵ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਸਮਝਣ ਵਾਲੇ ਸਾਥੀਆਂ ਨੂੰ ਇੱਕਜੁੱਟ ਕਰਨਾ ਤੇ ਬਾਬਾ ਸਾਹਿਬ ਦੀ ਸੋਚ ਨੂੰ ਘਰ ਘਰ ਲੈ ਕੇ ਜਾਣਾ ਹੈ। ਉਨ੍ਹਾ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਸਤਵਿੰਦਰ ਸਿੰਘ ਮਿਸ਼ਨ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਫਲ ਬਣਾਉਣ ਲਈ ਕੰਮ ਕਰਨਗੇ।

ਇਸ ਮੌਕੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਸਤਵਿੰਦਰ ਸਿੰਘ ਪੰਡੋਰੀ ਨੇ ਕਿਹਾ ਕਿ ਉਹ ਭਾਰਤੀਯ ਅੰਬੇਡਕਰ ਮਿਸ਼ਨ ਦੇ ਮੁੱਖ ਸਰਪ੍ਰਸਤ ਮੈਡਮ ਪੂਨਮ ਕਾਂਗੜਾ, ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਤੇ ਮਹਿਲਾ ਵਿੰਗ ਦੇ ਸੂਬਾ ਪ੍ਰਧਾਨ ਸ੍ਰੀਮਤੀ ਹਰਜਿੰਦਰ ਕੌਰ ਚੱਬੇਵਾਲ ਦੇ ਦਿਲੋਂ ਸ਼ੁਕਰਗੁਜ਼ਾਰ ਹਨ, ਜਿਨ੍ਹਾਂ ਵੱਲੋਂ ਉਨ੍ਹਾਂ ਨੂੰ ਸਮਾਜ ਦੀ ਸੇਵਾ ਕਰਨ ਤੇ ਮਿਸ਼ਨ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ ਹੈ। ਉਹ ਮਿਸ਼ਨ ਦੀ ਸਮੁੱਚੀ ਹਾਈਕਮਾਂਡ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ਮਿਸ਼ਨ ਦੀ ਮਜ਼ਬੂਤੀ ਲਈ ਹਰ ਸੰਭਵ ਯਤਨ ਕਰਨਗੇ।

# ਸਰਕਾਰਾਂ 5 ਰਾਜਾਂ 'ਚ ਹੜ੍ਹਾਂ ਦੌਰਾਨ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਦੇਣ : ਰਕੇਸ਼ ਟਿਕੈਤ



ਨੈਸ਼ਨਲ ਕਿਸਾਨ ਆਗੂ ਰਕੇਸ਼ ਟਿਕੈਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

**ਮੂਨਕ (ਰਾਜਪਾਲ ਸਿੰਗਲਾ)**-ਪਿਛਲੇ ਦਿਨੀਂ ਆਏ ਭਿਆਨਕ ਹੜ੍ਹਾਂ ਦੌਰਾਨ ਜਾਨੀ-ਮਾਲੀ ਨੁਕਸਾਨਾਂ ਨੂੰ ਲੈ ਕੇ ਪੰਜਾਬ ਦੇ ਪਿੰਡ ਲੌਂਗੋਵਾਲ ਵਿੱਚ ਕਿਸਾਨਾਂ ਦੇ ਚੱਲ ਰਹੇ ਸੰਘਰਸ਼ ਦੌਰਾਨ ਕਿਸਾਨ ਪ੍ਰੀਤਮ ਸਿੰਘ ਦੀ ਹੋਈ ਮੌਤ 'ਤੇ ਦੁੱਖ ਸਾਂਝਾ ਕਰਨ ਜਾਂਦੇ ਹੋਏ ਯੂ ਪੀ ਕਿਸਾਨ ਨੇਤਾ ਰਾਕੇਸ਼ ਟਿਕੈਤ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਆਏ ਹੜ੍ਹਾਂ ਦੌਰਾਨ 5 ਰਾਜਾਂ ਦਾ ਭਾਰੀ ਨੁਕਸਾਨ ਹੋਇਆ ਹੈ, ਜਿਸ ਦਾ ਸਰਕਾਰਾਂ ਨੂੰ ਪੂਰਾ ਮੁਆਵਜ਼ਾ ਦੇਣਾ ਚਾਹੀਦਾ ਹੈ। ਇਸ ਮੁਆਵਜ਼ੇ ਲਈ ਪਿੰਡ ਲੌਂਗੋਵਾਲ ਦੇ ਕੋਲ ਪਿੰਡ ਮੰਡੇਰ ਸਾਡੇ ਕਿਸਾਨ ਪ੍ਰੀਤਮ ਸਿੰਘ ਦੀ ਸੰਘਰਸ਼ ਦੌਰਾਨ ਮੌਤ ਹੋ ਗਈ ਸੀ, ਜਿਸ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾ ਰਿਹਾ ਹਾਂ ਅਤੇ ਪੰਜਾਬ ਸਰਕਾਰ ਤੋਂ ਹੜ੍ਹਾਂ ਦੌਰਾਨ ਹੋਏ ਜਾਨੀ-ਮਾਲੀ ਨੁਕਸਾਨਾਂ ਦੀ ਮੰਗ ਕਰਾਂਗੇ। ਦਿੱਲੀ ਹੋ ਰਹੇ ਜੀ 20 ਸੰਮੇਲਨ 'ਤੇ ਬੋਲਦਿਆਂ ਕਿਹਾ ਕਿ ਕੌਮਾਂਤਰੀ ਲੈਵਲ ਦਾ ਸੰਮੇਲਨ ਹੈ, ਜਿਸ ਦੀ ਅਗਵਾਈ ਭਾਰਤ ਦੇਸ਼ ਕਰ ਰਿਹਾ ਹੈ। ਦੇਸ ਦੁਨੀਆ ਵਿੱਚ ਸਾਡਾ ਨਾਮ ਵੀ ਹੁੰਦਾ ਹੈ ਤੇ ਅਸੀਂ ਉਮੀਦ ਕਰਦੇ ਹਾਂ ਕਿ ਸੰਮੇਲਨ ਵਧੀਆ ਹੋਵੇ। ਆਉਣ ਵਾਲੀ ਲੋਕ ਸਭਾ ਚੋਣਾਂ ਸਬੰਧੀ ਬੋਲਦਿਆਂ ਉਨ੍ਹਾ ਕਿਹਾ ਕਿ ਕਿਸਾਨ ਜਥੇਬੰਦੀਆਂ ਪਾਰਟੀ ਬਾਜ਼ੀ ਤੋਂ ਦੂਰ ਰਹਿਣਗੀਆਂ, ਜੋ ਜਨਤਾ ਨੇ ਕਿਸਾਨ ਜਥੇਬੰਦੀਆਂ ਦੀ ਚੋਣ ਕੀਤੀ ਹੈ, ਉਹ ਰਾਜਨੀਤਕ ਪਾਰਟੀਆਂ ਤੋਂ ਦੂਰ ਰਹਿਣ ਲਈ ਕੀਤੀ ਗਈ ਹੈ, ਜੋ ਸਾਨੂੰ ਰਾਜਨੀਤਕ ਪਾਰਟੀਆਂ ਤੋਂ ਦੂਰ ਰਹਿਣ ਦੀ ਲੋੜ ਹੈ। ਉਨ੍ਹਾ ਕਿਹਾ ਕਿ ਵਿਰੋਧੀ ਧਿਰ ਨੂੰ ਵੀ ਸਾਰੇ ਮੁੱਦੇ ਜ਼ੋਰ ਸ਼ੋਰ ਨਾਲ ਉਠਾਉਣ ਦੀ ਜ਼ਰੂਰਤ ਹੈ। ਵੋਟਾਂ ਪਾਉਣ ਦਾ ਸਭ ਨੂੰ ਅਧਿਕਾਰ ਹੈ, ਸਾਨੂੰ ਵੋਟ ਆਪਣੀ ਸੋਚ ਸਮਝ ਦੇ ਨਾਲ ਇਸਤੇਮਾਲ ਕਰਨ ਦੀ ਲੋੜ ਹੈ। ਸਾਨੂੰ ਆਪਣੇ ਮੁੱਦੇ ਉਠਾਉਣੇ ਚਾਹੀਦੇ ਹਨ। ਐੱਮ ਐੱਸ ਪੀ 'ਤੇ ਬੋਲਦਿਆਂ ਕਿਹਾ ਕਿ ਵੱਡੇ ਕਿਸਾਨ ਅੰਦੋਲਨ ਦੀ ਫਿਰ ਤੋਂ ਜ਼ਰੂਰਤ ਪਵੇਗੀ। ਜਦੋਂ ਤੱਕ ਕਿਸਾਨ ਰਹੇਗਾ, ਉਸ ਸਮੇਂ ਤੱਕ ਕਿਸਾਨਾਂ ਦੇ ਮੁੱਦੇ ਰਹਿਣਗੇ, ਜੇਕਰ ਅੰਦੋਲਨ ਕਮਜ਼ੋਰ ਹੋ ਜਾਵੇਗਾ ਤਾਂ ਸਰਕਾਰਾਂ ਬੇਲਗਾਮ ਹੋ ਜਾਣਗੀਆਂ। ਅੰਦੋਲਨ ਚਲਦੇ ਰਹਿਣੇ ਚਾਹੀਦੇ ਹਨ।

## ਕਾਤਰਾਂ

### ਬੀ ਕੇ ਯੂ ਡਕੌਂਦਾ (ਧਨੇਰ) ਇਕਾਈ ਦੀ ਚੋਣ

**ਬਰੇਟਾ (ਰੀਤਵਾਲ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਇਕਾਈ ਧਰਮਪੁਰਾ ਦੀ ਚੋਣ ਜ਼ਿਲ੍ਹਾ ਆਗੂ ਦੇਵੀ ਰਾਮ, ਬਲਾਕ ਆਗੂ ਤਾਰਾ ਚੰਦ ਬਰੇਟਾ, ਗੁਰਮੇਲ ਸਿੰਘ ਜਲਵੇੜਾ ਤੇ ਵਸਾਵਾ ਸਿੰਘ ਦੀ ਮੌਜੂਦਗੀ ਵਿੱਚ ਹੋਈ, ਜਿਸ ਵਿੱਚ ਪ੍ਰਧਾਨ ਬਲਦੇਵ ਸਿੰਘ, ਮੀਤ ਪ੍ਰਧਾਨ ਭੂਰਾ ਸਿੰਘ, ਦਾਰਾ ਸਿੰਘ, ਸਕੱਤਰ ਜਗਿੰਦਰ ਸਿੰਘ, ਖਜ਼ਾਨਚੀ ਬਲਜੀਤ ਸਿੰਘ, ਪ੍ਰੈੱਸ ਸਕੱਤਰ ਕੁਲਦੀਪ ਸਿੰਘ, ਕਮੇਟੀ ਮੈਂਬਰ ਤੇਜਾ ਸਿੰਘ, ਰੂਪ ਸਿੰਘ, ਸ਼ੇਰਾ ਸਿੰਘ, ਬੰਤ ਸਿੰਘ, ਦਾਰਾ ਸਿੰਘ, ਜਗਤਾਰ ਸਿੰਘ, ਜਰਨੈਲ ਸਿੰਘ, ਕਾਲਾ ਸਿੰਘ ਨੂੰ ਚੁਣਿਆ ਗਿਆ। ਇਸ ਮੌਕੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਥੇਬੰਦਕ ਢਾਂਚੇ ਨਾਲ ਹੀ ਕਿਸਾਨੀ ਮਸਲੇ ਜਿੱਤੇ ਜਾ ਸਕਦੇ ਹਨ।

### ਨਹਿਰੀ ਪੁਲ ਦੀ ਖਸਤਾ ਹਾਲਤ ਨੂੰ ਲੈ ਕੇ ਧਰਨਾ ਅੱਜ

**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੀ ਮੀਟਿੰਗ ਅੰਦਰਲੀ ਬਾਰਾਂਦਰੀ ਵਿੱਚ ਸੰਤ ਰਾਮ ਸਿੰਘ ਬਲਾਕ ਪ੍ਰਧਾਨਗੀ ਹੇਠ ਹੋਈ। ਉਨ੍ਹਾ ਆਪਣੇ ਪ੍ਰੈੱਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਕਿਹਾ ਕਿ ਲਹਿਰਾਗਾਗਾ-ਸੁਨਾਮ ਰੋਡ 'ਤੇ ਜੋ ਨਹਿਰੀ ਪੁਲ ਬਣਿਆ ਹੋਇਆ ਹੈ, ਉਸ ਦੀ ਹਾਲਤ ਬਹੁਤ ਹੀ ਖਸਤਾ ਹੈ। ਇਹ ਪੁਲ ਨੂੰ ਪ੍ਰਸ਼ਾਸਨ ਵੱਲੋਂ ਕਈ ਵਾਰ ਬੰਦ ਕਰ ਦਿੱਤਾ ਗਿਆ ਹੈ ਤੇ ਰਾਹਗੀਰ ਆਪਣੇ ਆਪ ਇਸ ਨੂੰ ਖੋਲ੍ਹ ਲੈਂਦੇ ਹਨ, ਜਿਸ ਕਾਰਨ ਕਿਸੇ ਵੇਲੇ ਵੀ ਕੋਈ ਅਣ-ਸੁਖਾਵੀਂ ਘਟਨਾ ਵਾਪਰ ਸਕਦੀ ਹੈ। ਇਸ ਸੰਬੰਧੀ 29 ਅਗਸਤ ਨੂੰ ਐੱਸ.ਡੀ.ਐੱਮ. ਸੁਨਾਮ ਦੇ ਦਫਤਰ ਅੱਗੇ ਧਰਨਾ ਲਾ ਕੇ ਪੁਲ ਨੂੰ ਬਣਾਉਣ ਲਈ ਮੰਗ ਪੱਤਰ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਅੱਗੇ ਜ਼ੀਰੀ ਦਾ ਸੀਜ਼ਨ ਆਉਣ ਵਾਲਾ ਹੈ, ਇਸ ਲਈ ਪੁਲ ਦਾ ਮੁਕੰਮਲ ਹੋਣਾ ਜ਼ਰੂਰੀ ਹੈ। ਇਸ ਮੌਕੇ ਭੋਲਾ ਸਿੰਘ ਇਕਾਈ ਪ੍ਰਧਾਨ, ਪ੍ਰਗਟ ਸਿੰਘ, ਪ੍ਰਿਤਪਾਲ ਸਿੰਘ, ਜਰਨੈਲ ਸਿੰਘ ਸੂਚ, ਨਛੱਤਰ ਸਿੰਘ, ਲਛਮਣ ਸਿੰਘ, ਦਰਸ਼ਨ ਸਿੰਘ, ਗੋਕਲ ਰਾਮ, ਹਾਕਮ ਸਿੰਘ ਤੇ ਗੁਰਸੇਵਕ ਸਿੰਘ ਆਦਿ ਹਾਜ਼ਰ ਸਨ।

### ਚੱਕ ਸੈਦੋਕੇ ਸਕੂਲ ਦੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਰੱਸ਼ਾਕਸ਼ੀ ਮੁਕਾਬਲੇ 'ਚ ਸੈਕਿੰਡ ਰਹੇ

**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਵਿੱਚ ਚੱਲ ਰਹੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਦੇ ਵਿਦਿਆਰਥੀਆਂ ਨੇ ਅੰਡਰ-19 ਰੱਸਾਕਸ਼ੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਅਨੀਤਾ ਰਾਣੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਲਖਵਿੰਦਰ ਸਿੰਘ ਫਿਜ਼ੀਕਲ ਟੀਚਰ ਦੀ ਅਗਵਾਈ ਹੇਠ ਸਕੂਲ ਦੀ ਅੰਡਰ-17 ਟੀਮ ਨੇ ਵੀ ਰੱਸਾਕਸ਼ੀ ਵਿੱਚ ਭਾਗ ਲਿਆ ਸੀ ਤੇ ਚੌਥੇ ਨੰਬਰ 'ਤੇ ਰਹੀ। ਪ੍ਰਿੰਸੀਪਲ ਨੇ ਦੱਸਿਆ ਕਿ ਸਕੂਲ ਵਿੱਚ ਸਬੰਧਤ ਅਧਿਆਪਕ ਤੇ ਵਿਦਿਆਰਥੀਆਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਸਵੇਰ ਦੀ ਸਭਾ ਵਿੱਚ ਮੈਡਲ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ ਨੇ ਵਧਾਈ ਦਿੱਤੀ ਤੇ ਭਵਿੱਖ ਵਿੱਚ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਣ ਦਾ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ।

### ਬਾਬਾ ਬਾਲਕ ਨਾਥ ਦੇ ਸਾਲਾਨਾ ਸਮਾਗਮ ਸੰਬੰਧੀ ਮੀਟਿੰਗ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੌਨੂੰ)**-ਸ੍ਰੀ ਗਣਪਤੀ ਸੇਵਾ ਸੰਘ ਵੱਲੋਂ ਪ੍ਰਧਾਨ ਮਹਿੰਦਰ ਅਰੋੜਾ ਤੇ ਪ੍ਰਧਾਨ ਸੁਖਦੇਵ ਰਤਨ ਆਸ਼ੂ ਦੀ ਅਗਵਾਈ ਹੇਠ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਜਥੇਬੰਦੀ ਦੇ ਸਮੂਹ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਸੰਸਥਾ ਦੇ ਉੱਪ ਪ੍ਰਧਾਨ ਰਮਨ ਵਰਮਾ ਤੇ ਜਨਰਲ ਸਕੱਤਰ ਕਰਨ ਵਰਮਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਸਥਾ ਵੱਲੋਂ 23 ਸਤੰਬਰ ਨੂੰ ਬਾਬਾ ਬਾਲਕ ਨਾਥ ਜੀ ਦੀ 9ਵਾਂ ਵਿਸ਼ਾਲ ਚੌਕੀ ਸ੍ਰੀ ਮਾਤਾ ਰਾਣੀ ਮੰਦਰ ਖੰਨਾ ਵਿਖੇ ਕਰਵਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਦੇ ਨਾਲ ਹੀ ਵਿਸਾਲ ਭੰਡਾਰਾ ਵੀ ਕਰਵਾਇਆ ਜਾਵੇਗਾ। ਇਸ ਵਿੱਚ ਮਾਸਟਰ ਬਿਹਾਰੀ ਲਾਲ ਐਂਡ ਪਾਰਟੀ ਨੰਗਲ ਵਾਲੇ ਬਾਬਾ ਜੀ ਦਾ ਗੁਣਗਾਨ ਕਰਨਗੇ। ਜਨਰਲ ਸਕੱਤਰ ਕਰਨ ਵਰਮਾ ਨੇ ਸਮੂਹ ਨਗਰ ਨਿਵਾਸੀਆਂ ਨੂੰ ਇਸ ਧਾਰਮਿਕ ਪ੍ਰੋਗਰਾਮ 'ਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਕੈਸ਼ੀਅਰ ਸੁਰਿੰਦਰ ਪੱਪੂ, ਭਾਰਤ ਭੂਸ਼ਨ ਰਿੰਕੂ, ਦੀਪਕ ਵਰਮਾ, ਵਿਜੇ ਕੁਮਾਰ, ਤਰੁਣ ਸ਼ਰਮਾ, ਵਿੱਕੀ, ਅਮਿਤ ਮਹਿਰਾ, ਸਾਜਨ ਮਹਿਰਾ, ਦੀਪਾ ਬਾਊਂਸਰ, ਸੰਨੀ, ਹਿਤੇਸ਼ ਆਹੂਜਾ, ਉਮੰਗ ਅਰਮਾਨੀ ਆਦਿ ਹਾਜ਼ਰ ਸਨ।

# ਕਮਿਸ਼ਨਰ ਸਿੱਧੂ ਦਾ ਜੱਦੀ ਪਿੰਡ ਪਹੁੰਚਣ 'ਤੇ ਭਰਵਾਂ ਸਵਾਗਤ

## ਕਮਿਸ਼ਨਰ ਨਹੀਂ, ਪਿੰਡ ਦਾ ਪੁੱਤ ਬਣ ਕੇ ਆਇਆ ਹਾਂ : ਸਿੱਧੂ



**ਜਗਰਾਓਂ (ਅਮਿਤ ਖੰਨਾ)**-ਕਮਿਸ਼ਨਰ ਨਦੀਪ ਸਿੰਘ ਸਿੱਧੂ ਬਤੌਰ ਕਮਿਸ਼ਨਰ ਲੁਧਿਆਣਾ ਵਿਖੇ ਸੇਵਾ ਨਿਭਾਅ ਰਹੇ ਹਨ। ਐਤਵਾਰ ਉਨ੍ਹਾਂ ਦੇ ਆਪਣੇ ਜੱਦੀ ਪਿੰਡ ਸਿਧਵਾਂ ਬੇਟ ਪਹੁੰਚਣ 'ਤੇ ਪਿੰਡ ਵਾਲਿਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਜਿਵੇਂ ਹੀ ਮਨਦੀਪ ਸਿੰਘ ਸਿੱਧੂ ਆਪਣੇ ਜੱਦੀ ਪਿੰਡ ਪਹੁੰਚੇ, ਫੁੱਲਾਂ ਦੀ ਵਰਖਾ ਨਾਲ ਉਨ੍ਹਾਂ ਦਾ ਸਵਾਗਤ ਹੋਇਆ। ਕਮਿਸ਼ਨਰ ਮਨਦੀਪ ਸਿੰਘ ਸਿੱਧੂ ਆਪਣੇ ਪੂਰੇ ਪਰਿਵਾਰ ਸਮੇਤ ਆਪਣੇ ਜੱਦੀ ਪਿੰਡ ਸਿਧਵਾਂ ਬੇਟ ਵਿਖੇ ਪਹੁੰਚੇ। ਰਾਜ ਸਭਾ ਮੈਂਬਰ ਸੰਦੀਪ ਅਰੋੜਾ ਵੀ ਉਨ੍ਹਾਂ ਦੇ ਨਾਲ ਪਹੁੰਚੇ। ਸ੍ਰ. ਗੁਰਿੰਦਰ ਸਿੰਘ ਸਿੱਧੂ ਵੱਲੋਂ ਫੁੱਲਾਂ ਦਾ ਹਾਰ ਪਾ ਕੇ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਢੋਲ, ਨਗਾਰੇ ਵਜਾ ਕੇ ਸਿੱਧੂ ਤੇ ਸੰਸਦ ਮੈਂਬਰ ਅਰੋੜਾ ਨੂੰ ਲਿਜਾਇਆ ਗਿਆ। ਕਮਿਸ਼ਨਰ ਸਿੱਧੂ ਦੇ ਨਾਲ ਉਨ੍ਹਾਂ ਦੀ ਮਾਤਾ, ਪਤਨੀ, ਬੱਚੇ ਤੇ ਭੈਣਾਂ ਸਮੇਤ ਪਰਿਵਾਰ ਦੇ ਹੋਰ ਮੈਂਬਰ ਵੀ ਮੌਜੂਦ ਸਨ। ਪੂਰੇ ਪਿੰਡ ਵਾਲੇ ਆਪਣੇ ਸਪੁੱਤਰ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੂੰ ਮਿਲ ਕੇ ਬਹੁਤ ਖੁਸ਼ ਸਨ। ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਰੱਖਿਆ ਗਿਆ। ਕਮਿਸ਼ਨਰ ਸਿੱਧੂ ਤੇ ਉਨ੍ਹਾਂ ਦਾ ਪਰਿਵਾਰ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਏ। ਸ੍ਰੀ ਗੁਰਿੰਦਰ ਸਿੰਘ ਸਿੱਧੂ ਤੇ ਪਿੰਡ ਵਾਸੀਆਂ ਵੱਲੋਂ ਕਮਿਸ਼ਨਰ ਸਿੱਧੂ ਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਏ ਪੀ ਰਿਫਾਇਨਰੀ ਦੇ ਡਾਇਰੈਕਟਰ ਭੁਵਨ ਗੋਇਲ ਨੇ ਪਿੰਡ ਦੇ ਵਿਕਾਸ ਕਾਰਜਾਂ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਐਡਵੋਕੇਟ ਮਹਿੰਦਰ ਸਿੰਘ ਸਿੱਧਵਾਂ ਨੇ ਕਿਹਾ ਪਿੰਡ ਦੇ ਵਿਕਾਸ ਕਾਰਜਾਂ, ਲਾਇਬ੍ਰੇਰੀ ਤੇ ਕਮਿਊਨਿਟੀ ਸੈਂਟਰ ਲਈ ਰਾਜ ਸਭਾ ਮੈਂਬਰ ਸਜੀਵ ਅਰੋੜਾ ਤੇ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਦੇ ਸਾਥ ਦੀ ਬਹੁਤ ਲੋੜ ਹੈ। ਇਸ ਮੌਕੇ ਐਡਵੋਕੇਟ ਮਹਿੰਦਰ ਸਿੰਘ ਸਿੱਧਵਾਂ, ਸਰਪੰਚ ਪਰਮਜੀਤ ਸਿੰਘ, ਸਾਬਕਾ ਸਰਪੰਚ ਪਰਮਜੀਤ ਕੌਰ, ਸੁਰਿੰਦਰ ਸਿੰਘ ਟੀਟੂ, ਪ੍ਰੀਤਮ ਅਖਾੜਾ, ਅਵਤਾਰ ਸਿੰਘ ਬਿੱਲੂ, ਜਸਵਿੰਦਰ ਸਿੰਘ, ਗੁਰਮੇਲ ਸਿੰਘ ਸਿੱਧੂ, ਰਾਕੇਸ਼ ਕੁਮਾਰ, ਸੁਰਜੀਤ ਸਿੰਘ, ਰੋਹਿਤ ਸ਼ਰਮਾ, ਹਰਦਿਆਲ ਸਿੰਘ, ਪ੍ਰੋ. ਹਰਮਿੰਦਰ ਸਿੱਧੂ, ਸਾਧੂ ਸਿੰਘ, ਸੁਰਿੰਦਰ ਸਿੰਘ, ਜਰਨੈਲ ਸਿੰਘ ਸਿੱਧੂ, ਦੀਪਾ ਸਰਪੰਚ, ਦਵਿੰਦਰ ਚੱਢਾ, ਜਗਜੀਤ ਸਿੰਘ ਗਿਆਨੀ, ਨਵਰਾਜ ਸਮਰਾ, ਪਰਮਜੀਤ ਧਾਲੀਵਾਲ ਤੇ ਗੁਰਮੀਤ ਸਿੰਘ ਬੋਪਾਰਾਏ ਮੌਜੂਦ ਸਨ।

# 'ਖੇਡਾਂ ਵਤਨ ਪੰਜਾਬ ਦੀਆਂ' ਦੇ ਮਸ਼ਾਲ ਮਾਰਚ ਦਾ ਨਾਭਾ 'ਚ ਨਿੱਘਾ ਸਵਾਗਤ

## ਖੇਡਾਂ ਨੂੰ ਲੈ ਕੇ ਖਿਡਾਰੀਆਂ 'ਚ ਭਾਰੀ ਉਤਸ਼ਾਹ : ਜੱਸੀ ਸੋਹੀਆਂ ਵਾਲਾ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਸ਼ੁਰੂ ਕੀਤੀਆਂ 'ਖੇਡਾਂ ਵਤਨ ਪੰਜਾਬ-2023' ਦੇ ਆਗਾਜ਼ ਨੂੰ ਲੈ ਕੇ ਲੁਧਿਆਣਾ ਤੋਂ ਸ਼ੁਰੂ ਹੋਈ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦਾ ਸੁਨੇਹਾ ਦਿੰਦੀ ਮਿਸ਼ਾਲ ਦਾ ਨਾਭਾ ਸ਼ਹਿਰ ਪੁੱਜਣ 'ਤੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਤੇ ਐੱਸ.ਡੀ.ਐੱਮ. ਤਰਸੇਮ ਚੰਦ ਦੀ ਅਗਵਾਈ ਹੇਠ ਖਿਡਾਰੀਆਂ ਤੇ ਸ਼ਹਿਰ ਵਾਸੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਇਸ ਮਸ਼ਾਲ ਮਾਰਚ ਨੂੰ ਰੋਹਟੀ ਪੁਲ ਤੋਂ ਵਿਦਾਇਗੀ ਦੇ ਕੇ ਅਗਲੇ ਪੜਾਅ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੂਬੇ ਅੰਦਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਤੇ ਉਤਸ਼ਾਹਤ ਕਰਨ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਤੇ ਖੇਡਾਂ ਵਤਨ ਪੰਜਾਬ ਦੀਆਂ ਨਾਲ ਨੌਜਵਾਨਾਂ ਵਿੱਚ ਮੁੜ ਤੋਂ ਖੇਡਾਂ ਖੇਡਣ ਲਈ ਉਤਸ਼ਾਹ ਵਧਿਆ ਹੈ ਅਤੇ ਇਨ੍ਹਾਂ ਖੇਡਾਂ ਵਿੱਚ ਹਰ ਵਰਗ ਦੀ ਉਮਰ ਦੇ ਖਿਡਾਰੀਆ ਭਾਗ ਲੈ ਕੇ ਆਪਣੀ ਖੇਡ ਦਾ ਪ੍ਰਦਰਸ਼ਨ ਕਰ ਸਕਦੇ ਹਨ। ਉਨ੍ਹਾ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ-2023. ਜੋ 1 ਸਤੰਬਰ ਤੋਂ ਸ਼ੁਰੂ ਹੋਣਗੀਆਂ, ਜਿਨ੍ਹਾਂ ਵਿੱਚ ਭਾਗ ਲੈਣ ਲਈ ਖਿਡਾਰੀ ਆਨਲਾਈਨ ਆਪਣੀ ਰਜਿਸਟੇਸ਼ਨ ਕਰਵਾ ਸਕਦੇ ਹਨ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਦੌਰਾਨ 1 ਸਤੰਬਰ ਤੋਂ 10 ਸਤੰਬਰ ਤੱਕ ਬਲਾਕ ਪੱਧਰੀ ਟੂਰਨਾਮੈਂਟ, 16 ਸਤੰਬਰ ਤੋਂ 26 ਸਤੰਬਰ ਤੱਕ ਜ਼ਿਲ੍ਹਾ ਪੱਧਰੀ ਤੇ 1 ਅਕਤੂਬਰ ਤੋਂ 20 ਅਕਤੂਬਰ ਤੱਕ ਰਾਜ ਪੱਧਰੀ ਟੂਰਨਾਮੈਂਟ ਕਰਵਾਏ ਜਾਣਗੇ। ਐੱਸ.ਡੀ.ਐਮ ਤਰਸੇਮ ਚੰਦ ਨੇ ਦੱਸਿਆ ਕਿ ਸੂਬਾ ਸਰਕਾਰ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਵਚਨਬੱਧ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ, ਰਣਧੀਰ ਸਿੰਘ ਮੰਡੌਰ ਰੈਸਲਿੰਗ ਕੋਚ, ਰੁਪਿੰਦਰ ਸਿੰਘ ਬਾਲੀਵਾਲ ਕੋਚ, ਮਨਪ੍ਰੀਤ ਸਿੰਘ ਐਮ.ਡੀ. ਕਰਤਾਰ ਕੰਬਾਈਨ ਭਾਦਸੋਂ, ਪ੍ਰੋ. ਦੀਪਕ ਕੌਸ਼ਲ, ਪ੍ਰੋ. ਸੁਨੀਤਾ ਰਾਣੀ, ਮਾ. ਸਤਪਾਲ ਸਿੰਘ ਚੌਹਾਨ, ਤਰਨੀਂ ਭੁੱਲਰ, ਜਸਕਰਨਵੀਰ ਸਿੰਘ ਤੇਜੇ, ਤਰਨੀਂ ਭੁੱਲਰ ਆਦਿ ਮੌਜੂਦ ਸਨ।

# ਬੰਗੜ ਹਸਪਤਾਲ ਵਿਖੇ ਮੁਫ਼ਤ ਕੈਂਪ ਦੌਰਾਨ 373 ਮਰੀਜ਼ਾਂ ਦੀ ਜਾਂਚ

**ਮਮਦੋਟ (ਹਰਪਾਲ ਸਿੰਘ ਸੋਢੀ)**-ਬੰਗੜ ਸੁਪਰ ਸਪੈਸ਼ਲਿਟੀ ਹਸਪਤਾਲ ਜ਼ੀਰਾ ਗੇਟ ਫਿਰੋਜ਼ਪੁਰ ਵਿਖੇ ਹੱਡੀਆਂ ਦੀ ਕਮਜ਼ੋਰੀ (ਟੈਸਟ) ਤੇ ਲਿਵਰ ਦੀ ਜਾਂਚ ਸਬੰਧੀ (ਫਾਈਬਰੋ ਸਕੈਨ) ਮੁਫ਼ਤ ਕੈਂਪ ਲਗਾਇਆ ਗਿਆ, ਜਿਸ ਵਿੱਚ ਕਰੀਬ 373 ਮਰੀਜ਼ਾਂ ਦੀ ਜਾਂਚ ਮੁਫ਼ਤ ਕੀਤੀ ਗਈ। ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਆਸ਼ੂ ਬੰਗੜ ਐੱਮ ਡੀ, ਡਾਕਟਰ ਅਜਾਜ ਸ਼ਾਹ ਨੇ ਦੱਸਿਆ ਕਿ ਫਾਈਬਰੋ ਸਕੈਨ ਮਸ਼ੀਨ ਨਾਲ ਲਿਵਰ ਦੀ ਸ਼ੁਰੂਆਤੀ ਬਿਮਾਰੀਆਂ ਦੀ ਸਟੇਜ ਦਾ ਪਤਾ ਲੱਗਦਾ ਹੈ। ਇਹ ਬਿਲਕੁਲ ਅਲਟਰਾਸਾਊਂਡ ਵਾਂਗ ਹੀ ਹੁੰਦਾ ਹੈ ਤੇ ਹੁਣ ਫਿਰੋਜ਼ਪੁਰ ਵਾਸੀਆਂ ਨੂੰ ਕਿਤੇ ਦੂਰ ਦੁਰੇਡੇ ਜਾਣ ਦੀ ਲੋੜ ਨਹੀਂ। ਉਨ੍ਹਾ ਦੱਸਿਆ ਕਿ ਮਹਿੰਗਾਈ ਦੇ ਜ਼ਮਾਨੇ ਵਿੱਚ ਬੰਗੜ ਸੁਪਰ ਸਪੈਸ਼ਲਿਟੀ ਹਸਪਤਾਲ ਦੀ ਇੱਕੋ ਛੱਤ ਹੇਠ ਹਰ ਤਰ੍ਹਾਂ ਦੀ ਇਲਾਜ ਕੀਤੇ ਜਾਂਦੇ ਹਨ। ਉਨ੍ਹਾ ਦੱਸਿਆ ਕਿ ਓ ਪੀ ਡੀ ਖਰਚਾ ਸਿਰਫ਼ 10 ਰੁਪਏ ਵਿੱਚ ਰੱਖਿਆ ਗਿਆ ਹੈ। ਇਸ ਮੌਕੇ ਜਗਜੀਤ ਸਿੰਘ, ਡਾਕਟਰ ਨਿਸ਼ਾਂਤ ਪਵਾਰ, ਡਾਕਟਰ ਨਵਜੋਤ ਕੌਰ ਲੂਨਾ, ਡਾਕਟਰ ਹਰਬਿੰਦਰ ਸਿੰਘ, ਡਾਕਟਰ ਨਵੀਨ ਕੁਮਾਰ, ਡਾਕਟਰ ਕੁਲਵਿੰਦਰ ਸਿੰਘ, ਡਾਕਟਰ ਕਾਰਤਿਕ ਕੁਮਾਰ, ਡਾਕਟਰ ਗਗਨਦੀਪ ਸਿੰਘ, ਡਾਕਟਰ ਕੁਲਦੀਪ ਸਿੰਘ ਧੀਰਾ ਪੱਤਰਾਂ, ਨਿਸ਼ਾਨ ਸਿੰਘ ਅਰਮਾਨਪੁਰਾ, ਸਰਬਜੀਤ ਸਿੰਘ ਹੈਪੀ, ਗੁਰਪ੍ਰੀਤ ਸਿੰਘ ਕਟੋਰਾ, ਰਾਣਾ ਥਿੰਦ, ਰਾਜ ਸਿੰਘ, ਕਮਲ ਗਿੱਲ ਸੋਨੂੰ (ਨਿੱਜੀ ਆਸ਼ੂ ਬੰਗੜ) ਤੋਂ ਇਲਾਵਾ ਨਰਸਿੰਗ ਸਟਾਫ ਮੈਂਬਰ ਮੌਜੂਦ ਸਨ।

# ਹੜ੍ਹ ਪੀੜਤ ਪਰਵਾਰ ਦੀ ਕੀਤੀ ਆਰਥਕ ਮਦਦ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਕੁਦਰਤੀ ਕਰੋਪੀ ਦਾ ਸ਼ਿਕਾਰ ਹੜ੍ਹਾਂ ਦੀ ਮਾਰ ਝੱਲ ਰਹੇ ਲੋੜਵੰਦ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਗਈ। ਇਹ ਆਰਥਿਕ ਸਹਾਇਤਾ ਬਲਵੀਰ ਸਿੰਘ ਸੋਹੀ ਰਿਟਾਇਰ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਵੱਲੋਂ ਵੰਡੀ ਗਈ, ਜੋ ਕਿ ਉਨ੍ਹਾਂ ਦੇ ਐੱਨ ਆਰ ਆਈ ਰਿਸ਼ਤੇਦਾਰ ਗੁਰਚਰਨ ਸਿੰਘ ਵੱਲੋਂ ਭੇਜੀ ਗਈ ਸੀ। ਇਸ ਮਾਮਲੇ ਸੰਬੰਧੀ ਜਾਣਕਾਰੀ ਦਿੰਦਿਆਂ ਜਗਜੀਤ ਸਿੰਘ ਭੁਟਾਲ, ਕਾਮਰੇਡ ਜਸਵੰਤ ਸਿੰਘ ਖੰਡੇਬਾਦ, ਨਾਮਦੇਵ ਸਿੰਘ ਭੁਟਾਲ ਨੇ ਦੱਸਿਆ ਕਿ ਸਾਡੀ ਟੀਮ ਵੱਲੋਂ ਪੂਰੀ ਇਮਾਨਦਾਰੀ ਨਾਲ ਪਾਤੜਾਂ ਸਮਾਣਾ, ਮੂਣਕ, ਬਰੇਟਾ, ਬੁਢਲਾਡਾ ਆਦਿ ਹਲਕਿਆਂ ਵਿੱਚ ਲਗਭਗ 40 ਪਿੰਡਾਂ ਵਿੱਚ ਕੀਤੇ ਗਏ ਸਰਵੇਖਣ ਅਨੁਸਾਰ ਹੜ੍ਹਾਂ ਕਾਰਨ ਘਰਾਂ ਦੀ ਕਿਸੇ ਨੁਕਸਾਨ ਜਾਂ ਵਿਅਕਤੀਗਤ ਤੌਰ 'ਤੇ ਹੋਏ ਨੁਕਸਾਨ ਵਾਲੇ 19 ਪਰਿਵਾਰਾਂ ਨੂੰ ਸ਼ਾਮਲ ਕੀਤਾ ਗਿਆ, ਜਿਨ੍ਹਾਂ ਨੂੰ 3 ਲੱਖ 60 ਹਜ਼ਾਰ ਰੁਪਏ ਦੀ ਰਾਸ਼ੀ ਲੋੜਵੰਦ ਪਰਿਵਾਰਾਂ ਨੂੰ ਵੰਡੀ ਗਈ। ਬਲਬੀਰ ਸਿੰਘ ਸੋਹੀ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਮਦਦ ਕਰੀਏ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਬਲਾਕ ਸਮਾਣਾ ਦੇ ਪ੍ਰਧਾਨ ਗੁਰਨਾਮ ਸਿੰਘ ਵੈਂਠਲ ਵੱਲੋਂ ਬਲਵੀਰ ਸਿੰਘ ਸੋਹੀ ਤੇ ਉਨ੍ਹਾਂ ਦੀ ਸਾਰੀ ਟੀਮ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਲੋੜਵੰਦ ਪਰਿਵਾਰਾਂ ਦੇ ਦਰਦ ਨੂੰ ਮਹਿਸੂਸ ਕੀਤਾ। ਇਸ ਮੌਕੇ ਬਲਾਕ ਸਮਾਣਾ ਦੇ ਪਿੰਡਾਂ ਦੇ ਹੜ੍ਹ ਪੀੜਤਾਂ ਨੂੰ ਮਾਲੀ ਮਦਦ ਦਿੱਤੀ ਗਈ। ਇਸ ਮੌਕ ਬਿਕਰਮ ਜੀਤ ਸਿੰਘ ਪਾਤੜਾਂ ਬਲਾਕ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਖਜ਼ਾਨਚੀ ਪਸਵਿੰਦਰ ਸਿੰਘ ਰਤਨਹੇੜੀ, ਅੰਗਰੇਜ ਸਿੰਘ, ਮਾਨਸਾ ਸਿੰਘ, ਰਿਟਾਇਰਡ ਲੈਕਚਰਾਰ ਰਘੁਬੀਰ ਸਿੰਘ ਭੁਪਾਲ, ਲਛਮਣ ਸਿੰਘ ਅਲੀਸ਼ੇਰਾ, ਪ੍ਰੈੱਸ ਸਕੱਤਰ ਸੁਖਜਿੰਦਰ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

# ਫਿਰੋਜ਼ਪੁਰ ਧਰਨੇ 'ਚ ਸ਼ਾਮਲ ਹੋਣ ਲਈ ਕਾਂਗਰਸੀ ਵਰਕਰਾਂ ਦਾ ਕਾਫਲਾ ਰਵਾਨਾ



**ਮੱਖੂ (ਰਛਪਾਲ ਸਿੰਘ ਸੰਧੂ)**

ਸੂਬੇ ਵਿੱਚ ਵਧ ਰਹੇ ਨਸ਼ੇ ਨੂੰ ਠੱਲ੍ਹ ਪਾਉਣ ਲਈ, ਲਾਅ ਐਂਡ ਆਰਡਰ ਦੀ ਸਥਿਤੀ ਦੇ ਵਿਗੜ ਰਹੇ ਹਲਾਤਾਂ ਲਈ ਤੇ ਹੜ੍ਹ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣ ਲਈ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਸਾਬਕਾ ਵਿਧਾਇਕ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਵੱਲੋਂ ਐੱਸ ਐੱਸ ਪੀ ਫਿਰੋਜ਼ਪੁਰ ਤੇ ਡੀ ਸੀ ਫਿਰੋਜ਼ਪੁਰ ਦੇ ਦਫਤਰਾਂ ਅੱਗੇ ਅੱਜ ਲਗਾਏ ਜਾ ਧਰਨੇ 'ਚ ਸ਼ਾਮਲ ਹੋਣ ਲਈ ਕਾਂਗਰਸ ਕਮੇਟੀ ਬਲਾਕ ਮੱਖੂ ਦੇ ਸ਼ਹਿਰੀ ਪ੍ਰਧਾਨ ਸ਼ਿਵ ਸਾਗਰ ਸ਼ਰਮਾ ਦੀ ਅਗਵਾਈ ਹੇਠ ਮੱਖੂ ਤੋਂ ਕਾਂਗਰਸੀ ਵਰਕਰਾਂ ਦਾ ਕਾਫਲਾ ਜ਼ੁਰ ਲਈ ਰਵਾਨਾ ਹੋਇਆ। ਇਸ ਮੌਕੇ ਸ਼ਿਵ ਸਾਗਰ ਸ਼ਰਮਾ ਨਾਲ ਬਲਵੀਰ ਸਿੰਘ ਮੋਚੀ ਵਾਲਾ, ਰਛਪਾਲ ਸਿੰਘ ਲਾਡਾ, ਨਰਿੰਦਰ ਮਹਿਤਾ ਐੱਮ ਸੀ, ਰਵੀ ਚੋਪੜਾ ਐੱਮ ਸੀ, ਲੁਕਾ ਮਸੀਹ, ਨਸੀਬ ਸਿੰਘ ਨੰਬਰਦਾਰ, ਸੰਦੀਪ ਭੱਟੀ, ਗੁਰਸੇਵਕ ਸਿੰਘ ਐੱਮ ਸੀ, ਡਾ. ਬਿਮਲ ਸ਼ਰਮਾ, ਕੀਮਤੀ ਕਟਾਰੀਆ, ਜਤਿੰਦਰ ਖੁਰਾਣਾ, ਕਿੱਕਰ ਸਿੰਘ ਨੰਗਲ, ਹਰਵਿੰਦਰ ਸਿੰਘ ਖਹਿਰਾ, ਤਰੁਣ ਸ਼ਰਮਾ ਕਲੋਨੀ, ਲੱਕੀ ਸ਼ਰਮਾ ਕਲੋਨੀ, ਹੈਪੀ ਕਲੋਨੀ, ਥੋਮਸ ਮੱਖੂ, ਬੋਧ ਮੱਖੂ, ਕਾਲਾ ਗਾਬਾ, ਯਸਪਾਲ ਕੱਕੜ ਲਾਡਾ, ਫੌਜੀ ਮਖੂ, ਅੰਸ ਸ਼ਰਮਾ, ਸੁਮਿਤ, ਯਸਪਾਲ ਭੱਟੀ ਆਦਿ ਹਾਜ਼ਰ ਸਨ।

# ਹਰਪਾਲ ਚੀਮਾ ਨੇ ਭੂ-ਮਾਫੀਏ ਤੋਂ ਪਲਾਟ ਵਾਪਸ ਦੁਆਇਆ



**ਮੋਗਾ (ਅਮਰਜੀਤ ਬੱਬਰੀ)**-ਪਿਛਲੀਆਂ ਸਰਕਾਰਾਂ ਵੱਲੋਂ ਪੈਦਾ ਕੀਤੇ ਭੂ-ਮਾਫੀਆ ਗੈਂਗ, ਜੋ ਲੋਕਾਂ ਦੀਆਂ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਕਰਦੇ ਸਨ, ਦੇ ਇੱਕ ਗਰੋਹ ਨੂੰ ਨੱਥ ਪਾਉਣ ਲਈ 83 ਸਾਲਾ ਮਾਤਾ ਅਮਰ ਕੌਰ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਧੰਨਵਾਦ ਕੀਤਾ, ਕਿਉਂਕਿ ਮੰਤਰੀ ਚੀਮਾ ਨੇ ਮਾਤਾ ਅਮਰ ਕੌਰ ਦਾ 265 ਗਜ਼ ਦਾ ਪਲਾਟ ਨਿੱਜੀ ਦਿਲਚਸਪੀ ਲੈ ਕੇ ਭੂ-ਮਾਫੀਏ ਤੋਂ ਮੁਕਤ ਕਰਵਾ ਕੇ ਮਾਤਾ ਨੂੰ ਕਾਬਜ਼ ਕੀਤਾ ਹੈ ਤੇ ਨਜਾਇਜ਼ ਕਬਜ਼ਾ ਕਰਨ ਵਾਲਿਆਂ ਖਿਲਾਫ ਬਣਦੀਆਂ ਧਾਰਾਵਾਂ ਅਨੁਸਾਰ ਪਰਚਾ ਵੀ ਦਰਜ ਕਰਵਾਇਆ ਹੈ। ਜ਼ਿਕਰਯੋਗ ਹੈ ਕਿ ਲੁਧਿਆਣਾ ਹੈਬੋਵਾਲ ਕਲਾਂ ਵਿੱਚ ਮਾਤਾ ਅਮਰ ਕੌਰ ਦਾ 265 ਗਜ ਦਾ ਪਲਾਟ ਤੇਲੂ ਰਾਮ ਨੇ ਜਾਲ੍ਹੀ ਵਸੀਕਾ ਤਿਆਰ ਕਰਕੇ ਆਪਣੇ ਨਾਮ ਕਰਵਾ ਲਿਆ ਸੀ। ਅਮਰ ਕੌਰ ਕਾਫੀ ਸਮਾਂ ਜੱਦੋ ਜਹਿਦ ਕਰਨ ਤੋਂ ਬਾਅਦ ਜਦੋਂ ਪੂਰੀ ਤਰ੍ਹਾਂ ਥੱਕ ਹਾਰ ਚੁੱਕੇ ਸਨ ਤਾਂ ਉਨ੍ਹਾਂ ਦਾ ਸੰਪਰਕ ਕੁਲਦੀਪ ਸਿੰਘ ਮੰਡੇਰ ਨਾਲ ਹੋਇਆ, ਜਿਨ੍ਹਾਂ ਦੇ ਯਤਨਾਂ ਸਦਕਾ ਵਿੱਤ ਮੰਤਰੀ ਰਹਪਾਲ ਸਿੰਘ ਚੀਮਾ ਨੇ ਆਪ ਦਿਲਚਸਪੀ ਲੈਂਦੇ ਹੋਏ 83 ਸਾਲਾ ਮਾਤਾ ਅਮਰ ਕੌਰ ਨੂੰ ਪਲਾਟ ਦਾ ਕਬਜ਼ਾ ਦੁਆਇਆ ਤੇ ਦੋਸ਼ੀਆਂ ਉੱਪਰ ਪਰਚਾ ਦਰਜ ਕਰਵਾ ਦਿੱਤਾ ਅਤੇ ਸਾਰੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਵਾਉਣ ਦਾ ਵਿਸ਼ਵਾਸ ਦਿਵਾਇਆ ਤਾਂ ਜੋ ਅੱਗੇ ਤੋਂ ਇਸ ਤਰ੍ਹਾਂ ਗੈਂਗ ਕਿਸੇ ਹੋਰ ਨਾਲ ਧੋਖਾਧੜੀ ਨਾ ਕਰਨ ਤੇ ਲੋਕ ਆਮ ਆਦਮੀ ਦੀ ਸਰਕਾਰ ਵਿੱਚ ਆਪਣੀਆਂ ਜਾਇਦਾਦਾਂ ਸੁਰੱਖਿਆ ਸਮਝਣ। ਇਸ ਪਰਉਪਕਾਰੀ ਕੰਮ ਲਈ ਮਾਤਾ ਅਮਰ ਕੌਰ, ਕੁਲਦੀਪ ਸਿੰਘ ਮੰਡੇਰ, ਜੋਰਾ ਸਿੰਘ ਸਿੱਧੂ ਦਾਉਧਰ, ਚਮਕੌਰ ਸਿੰਘ ਮਨੀਲਾ ਦਾਉਧਰ, ਜੱਸਾ ਢੁੱਡੀਕੇ ਨੇ ਮੰਤਰੀ ਹਰਪਾਲ ਸਿੰਘ ਚੀਮਾ ਦਾ ਧੰਨਵਾਦ ਕੀਤਾ।

# ਮਹਿਲਾ ਸਮਾਨਤਾ ਦਿਵਸ ਮੌਕੇ ਪ੍ਰਮੁੱਖ ਮਹਿਲਾ ਸ਼ਖਸੀਅਤਾਂ ਸਨਮਾਨਤ



ਮਹਿਲਾ ਸਮਾਨਤਾ ਦਿਵਸ ਮੌਕੇ ਮੈਨੇਜਿੰਗ ਡਾਇਰੈਕਟਰ ਆਰਸ਼ ਸੱਚਰ, ਅੰਜੂ ਸੱਚਰ, ਨੀਲਮ ਸੱਚਰ, ਡਾ. ਨਿਸ਼ੀ ਗਰਗ ਨਾਲ ਸਨਮਾਨਤ ਹਸਤੀਆਂ ਤੇ ਪ੍ਰਮੁੱਖ ਸ਼ਖ਼ਸੀਅਤਾਂ।

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਹੋਟਲ ਸ਼ਾਹੀ ਹਵੇਲੀ ਫ਼ਰੀਦਕੋਟ ਵਿਖੇ ਸ਼ਾਹੀ ਹਵੇਲੀ ਦੇ ਮੈਨੇਜਿੰਗ ਡਾਇਰੈਕਟਰ ਆਰਸ਼ ਸੱਚਰ ਦੀ ਯੋਗ ਅਗਵਾਈ ਹੇਠ ਮਹਿਲਾ ਸਮਾਨਤਾ ਦਿਵਸ ਬਹੁਤ ਹੀ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਪੰਜਾਬ ਦੀ ਨਾਮਵਰ ਲੇਖਿਕਾ, ਅਗਾਂਹਵਧੂ ਅਧਿਆਪਕਾ ਪਰਮਜੀਤ ਕੌਰ ਸਰਾਂ ਵਿਸ਼ੇਸ਼ ਬੁਲਾਰੇ ਵਜੋਂ ਸ਼ਾਮਲ ਹੋਏ। ਸਮਾਗਮ ਦੇ ਪ੍ਰਧਾਨਗੀ ਮੰਡਲ 'ਚ ਸ਼੍ਰੀਮਤੀ ਨੀਲਮ ਸੱਚਰ, ਮੈਨੇਜਿੰਗ ਡਾਇਰੈਕਟਰ ਆਰਸ਼ ਸੱਚਰ, ਸ਼੍ਰੀਮਤੀ ਅੰਜੂ ਸੱਚਰ, ਇਨਰਵੀਲ ਕਲੱਬ ਦੇ ਪ੍ਰਧਾਨ/ਔਰਤ ਰੋਗਾਂ ਦੇ ਮਾਹਰ ਡਾ. ਨਿਸ਼ੀ ਗਰਗ ਸ਼ਾਮਲ ਹੋਏ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਬੁਲਾਰੇ ਪਰਮਜੀਤ ਕੌਰ ਸਰਾਂ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਜੇਕਰ ਅਸੀਂ ਆਪਣੇ ਇਤਿਹਾਸ ਨੂੰ ਫ਼ਰੋਲੀਏ ਤਾਂ ਪੁਰਾਣੇ ਸਮੇਂ ਤੋਂ ਔਰਤ ਨੂੰ ਬਣਦੇ ਹੱਕ ਨਹੀਂ ਮਿਲੇ। ਔਰਤ ਨੂੰ ਕਦੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਹੈ ਤੇ ਕਦੇ ਉਨ੍ਹਾਂ ਨੂੰ ਸਮਾਜ 'ਚ ਖੁਸ਼ੀਆਂ-ਗਮੀਆਂ ਦੇ ਮੌਕੇ ਵੀ ਸਾਹਮਣੇ ਆਉਣ ਤੋਂ ਰੋਕਿਆ ਜਾਂਦਾ ਰਿਹਾ। ਸਮੇਂ ਦੇ ਬਦਲਣ ਨਾਲ ਅੱਜਕੱਲ ਔਰਤਾਂ ਨੂੰ ਬਹੁਤ ਸਾਰੇ ਅਧਿਕਾਰ ਮਿਲੇ ਹਨ, ਉਨ੍ਹਾਂ ਦੀ ਇਸ ਤਰ੍ਹਾਂ ਦੁਰਵਰਤੋਂ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਅੱਜ ਲੋੜ ਹੈ ਕਿ ਔਰਤ ਤੇ ਮਰਦ ਰਲ ਕੇ ਸਮਾਨਤਾ ਦਾ ਮਾਹੌਲ ਸਿਰਜਣ। ਉਨ੍ਹਾਂ ਇਸ ਮੌਕੇ ਹਾਜ਼ਰ ਔਰਤਾਂ, ਬੇਟੀਆਂ ਨੂੰ ਸਮਾਨਤਾ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਤੇਜਿੰਦਰਪਾਲ ਕੌਰ ਮਾਨ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫ਼ਰੀਦਕੋਟ, ਰਵਿੰਦਰ ਕੌਰ ਹਿੰਦੀ ਮਿਸਟ੍ਰੈੱਸ ਸਰਕਾਰੀ ਮਿਡਲ ਸਕੂਲ ਬੇਸਿਕ ਕੁੜੀਆਂ ਫ਼ਰੀਦਕੋਟ, ਰਮਨਦੀਪ ਕੌਰ, ਨਵਦੀਪ ਕੌਰ ਮੌੜ, ਮਨਜੀਤ ਕੌਰ ਨੰਗਲ ਸਮਾਜ ਸੇਵੀ, ਜਤਿੰਦਰ ਕੌਰ ਕਲਸੀ ਤੇ ਸਿਮਰਨ ਕੌਰ ਨੂੰ ਵੱਖ-ਵੱਖ ਖੇਤਰਾਂ 'ਚ ਸ਼ਲਾਘਾਯੋਗ ਕਾਰਗੁਜ਼ਾਰੀ ਵਾਸਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਨਮਾਨਤ ਹਸਤੀਆਂ ਨੇ ਆਪਣੇ ਸਥਾਪਤੀ ਦੇ ਸਫ਼ਰ ਦੀ ਕਹਾਣੀ ਨੂੰ ਸਟੇਜ 'ਤੇ ਬਿਆਨ ਕਰਦਿਆਂ ਦੱਸਿਆ ਕਿ ਉਨ੍ਹਾਂ ਇਸ ਮੁਕਾਮ ਤੱਕ ਪਹੁੰਚਣ ਵਾਸਤੇ ਕਿਸ ਤਰ੍ਹਾਂ ਮੁਸ਼ਕਲਾਂ ਆਈਆਂ ਤੇ ਉਨ੍ਹਾਂ ਕਿਵੇਂ ਉਸ ਦਾ ਸਾਹਮਣਾ ਕੀਤਾ। ਸਭ ਨੇ ਸਾਂਝੇ ਰੂਪ 'ਚ ਦੱਸਿਆ ਸਵੈ ਵਿਸ਼ਵਾਸ, ਦ੍ਰਿੜ੍ਹ ਇਰਾਦੇ ਨਾਲ ਨਿਰੰਤਰ ਚੱਲਦੇ ਰਹਿਣ ਨਾਲ ਮਨਚਾਹੀ ਮੰਜ਼ਿਲ ਇੱਕ ਦਿਨ ਜ਼ਰੂਰ ਮਿਲਦੀ ਹੈ। ਇਸ ਮੌਕੇ ਸ਼ਾਹੀ ਹਵੇਲੀ ਦੇ ਮੈਨੇਜਿੰਗ ਡਾਇਰੈਕਟਰ ਅਰਸ਼ ਸੱਚਰ ਨੇ ਕਿਹਾ ਸਮਾਨਤਾ ਦਿਵਸ ਨੂੰ ਮਨਾਉਣ ਦਾ ਉਦੇਸ਼ ਔਰਤਾਂ ਤੇ ਪੁਰਸ਼ਾਂ 'ਚ ਸਮਾਨਤਾ ਲਿਆਉਣ ਲਈ ਜਾਗਰੂਕਤਾ ਪੈਦਾ ਕਰਨਾ ਹੈ। ਇਸ ਮੌਕੇ ਹਾਜ਼ਰ ਔਰਤਾਂ ਨੇ ਪੰਜਾਬੀ ਸੱਭਿਆਚਾਰ ਤੇ ਸਾਹਿਤ ਦੀਆਂ ਵੰਨਗੀਆਂ ਪੇਸ਼ ਕਰਦਿਆਂ ਖੂਬ ਰੰਗ ਬੰਨ੍ਹਿਆ। ਸਮਾਗਮ ਦੌਰਾਨ ਨੰਨ੍ਹੇ-ਮੁੰਨੇ ਬੱਚਿਆਂ ਦੀਆਂ ਪੇਸ਼ਕਾਰੀਆਂ ਨੇ ਸਭ ਦਾ ਮਨ ਮੋਹ ਲਿਆ। ਇਸ ਮੌਕੇ ਪ੍ਰਿੰਸੀਪਲ ਗੁਰਮੇਲ ਕੌਰ, ਸੀਮਾ ਸ਼ਰਮਾ, ਪੂਜਾ ਚਾਵਲਾ ਨੇ ਵੀ ਵਿਚਾਰ ਪੇਸ਼ ਕੀਤੇ। ਅੰਤ 'ਚ ਨੀਲਮ ਸੱਚਰ ਨੇ ਸਭ ਦਾ ਧੰਨਵਾਦ ਕੀਤਾ।

# ਸ਼੍ਰੋਮਣੀ ਕਮੇਟੀ ਨੇ ਹੜ੍ਹ ਪੀੜਤਾਂ ਲਈ ਮੁਫਤ ਮੈਡੀਕਲ ਕੈਂਪ ਲਗਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਹੜ੍ਹ ਪੀੜਤਾਂ ਨੂੰ ਮੈਡੀਕਲ ਸਹੂਲਤਾਂ ਦੇਣ ਦੇ ਮੰਤਵ ਨਾਲ ਫ਼ਿਰੋਜ਼ਪੁਰ ਸ਼ਹਿਰੀ ਦੇ ਪਿੰਡ ਨਿਹਾਲਾ ਲਵੇਰਾ ਵਿਖੇ ਸ਼੍ਰੋਮਣੀ ਗੁਰੂ ਘਰ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਟਰੱਸਟ ਅੰਮ੍ਰਿਤਸਰ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਚੈੱਕਅੱਪ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਜਥੇਦਾਰ ਦਰਸ਼ਨ ਸਿੰਘ ਸ਼ੇਰਖਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਵੱਖ-ਵੱਖ ਥਾਵਾਂ 'ਤੇ ਲੰਗਰ ਲਗਾਏ ਜਾ ਰਹੇ ਹਨ ਤੇ ਪਸ਼ੂਆਂ ਨੂੰ ਹਰਾ ਚਾਰਾ ਮੁਹੱਈਆ ਕਰਵਾਇਆ ਜਾ ਰਿਹਾ ਹੈ, ਤਾਂ ਜੋ ਲੋਕਾਂ ਨੂੰ ਇਸ ਔਖੀ ਘੜੀ 'ਚ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਦੱਸਿਆ ਕਿ ਹੜ੍ਹਾਂ ਕਾਰਨ ਲੋਕਾਂ ਵਿੱਚ ਚਮੜੀ ਦੀਆਂ ਬਿਮਾਰੀਆਂ ਵਧ ਰਹੀਆਂ ਹਨ, ਜਿਸ ਕਾਰਨ ਸ੍ਰੀ ਗੁਰੂ ਰਾਮ ਦਾਸ ਚੈਰੀਟੇਬਲ ਟਰੱਸਟ ਅੰਮ੍ਰਿਤਸਰ ਦੇ ਡਾਕਟਰ ਤੇ ਹੋਰ ਸਟਾਫ਼ ਟੀਮਾਂ ਵੱਲੋਂ ਲੋਕਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਓਮਕਾਰ ਸਿੰਘ ਨਿੱਜੀ ਸਕੱਤਰ ਮੌਂਟੂ ਵੋਹਰਾ, ਹਰਪ੍ਰੀਤ ਸਿੰਘ ਸ਼ੇਰਖਾਨ, ਕਮਲਜੀਤ ਸਿੰਘ, ਗੁਰਚਰਨ ਸਿੰਘ, ਕਸ਼ਮੀਰ ਸਿੰਘ ਬਾਗੇ ਵਾਲਾ ਆਦਿ ਹਾਜ਼ਰ ਸਨ।

# ਲੋਕ ਸੁਖਬੀਰ ਬਾਦਲ ਨੂੰ ਅਕਾਲੀ ਦਲ ਦੇ ਪ੍ਰਧਾਨ ਦੇ ਰੂਪ 'ਚ ਦੇਖਣਾ ਨਹੀਂ ਚਾਹੁੰਦੇ : ਢੀਂਡਸਾ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਦੇ ਲੋਕ ਅਜੇ ਵੀ ਅਕਾਲੀ ਦਲ ਦੀ ਸੱਤਾ ਵਿੱਚ ਵਾਪਸੀ ਦੇ ਹਮਾਇਤੀ ਹਨ, ਪਰ ਉਹ ਸੁਖਬੀਰ ਬਾਦਲ ਨੂੰ ਪਾਰਟੀ ਪ੍ਰਧਾਨ ਦੇ ਰੂਪ ਵਿੱਚ ਸਵੀਕਾਰ ਕਰਨ ਨੂੰ ਬਿਲਕੁਲ ਵੀ ਤਿਆਰ ਨਹੀਂ ਹਨ। ਜੇਕਰ ਸੁਖਬੀਰ ਬਾਦਲ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਲਾਂਭੇ ਹੋ ਜਾਂਦਾ ਹੈ ਤਾਂ ਅਕਾਲੀ ਦਲ ਵਿੱਚ ਏਕਤਾ ਸੰਭਵ ਹੈ। ਇਹ ਵਿਚਾਰ ਇੱਥੇ ਸਾਬਕਾ ਰਾਜ ਸਭਾ ਮੈਂਬਰ ਤੇ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਸੁਖਬੀਰ ਬਾਦਲ ਅਕਾਲੀ ਦਲ ਦੀ ਪ੍ਰਧਾਨਗੀ 'ਤੇ ਕਾਬਜ਼ ਹੈ, ਜਦਕਿ ਉਸ ਦੀ ਪਾਰਟੀ ਲਈ ਕੋਈ ਕੁਰਬਾਨੀ ਨਹੀਂ ਹੈ।

ਉਨ੍ਹਾ ਕਿਹਾ ਕਿ ਜਿਨ੍ਹਾਂ ਸੀਨੀਅਰ ਅਕਾਲੀ ਆਗੂਆਂ ਨੇ ਪਾਰਟੀ ਲਈ ਕੁਰਬਾਨੀਆਂ ਕੀਤੀਆਂ ਤੇ ਜੇਲ੍ਹਾਂ ਵਿੱਚ ਤਸੀਹੇ ਝੱਲੇ, ਉਨ੍ਹਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਉਨ੍ਹਾ ਕਿਹਾ ਸੁਖਬੀਰ ਬਾਦਲ ਨੇ ਪਾਰਟੀ ਦਾ ਜਮਹੂਰੀ ਢਾਂਚਾ ਤਹਿਸ-ਨਹਿਸ ਕਰਕੇ ਤਾਨਾਸ਼ਾਹੀ ਰਵੱਈਆ ਅਪਣਾਇਆ ਹੋਇਆ ਹੈ, ਜੋ ਵੀ ਫੈਸਲੇ ਲਏ ਜਾਂਦੇ ਹਨ, ਉਹ ਬਿਨਾਂ ਪਾਰਟੀ ਆਗੂਆਂ ਦੀ ਸਹਿਮਤੀ ਨਾਲ ਲਏ ਜਾ ਰਹੇ ਹਨ, ਜਿਸ ਕਾਰਨ ਪਾਰਟੀ ਆਗੂ ਪਾਰਟੀ ਵਿੱਚ ਘੁਟਨ ਮਹਿਸੂਸ ਕਰ ਰਹੇ ਹਨ। ਉਨ੍ਹਾ ਕਿਹਾ ਕਿ ਅਕਾਲੀ ਦਲ ਇੱਕ ਧਰਮ ਅਧਾਰਤ ਪਾਰਟੀ ਹੈ, ਜੋ ਧਰਮ ਦੇ ਅਧਾਰ 'ਤੇ ਸਿਆਸਤ ਕਰਦੀ ਹੈ, ਪਰ ਸੁਖਬੀਰ ਬਾਦਲ ਨੇ ਸਿਆਸਤ ਨੂੰ ਧਰਮ ਤੋਂ ਉੱਪਰ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਜਦੋਂ ਸਾਲ 2017 ਦੀਆਂ ਚੋਣਾਂ 'ਚ ਪਾਰਟੀ ਮਹਿਜ 15 ਸੀਟਾਂ 'ਤੇ ਹੀ ਸਿਮਟ ਆਈ ਸੀ ਤਾਂ ਉਸ ਵੇਲੇ ਉਨ੍ਹਾਂ ਵੱਲੋਂ ਵੱਡੇ ਬਾਦਲ ਨੂੰ ਪਾਰਟੀ ਪ੍ਰਧਾਨ ਬਦਲਣ ਦੀ ਸਲਾਹ ਦਿੱਤੀ ਸੀ, ਜਿਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਇਸ ਤੋਂ ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦਾ ਬਿਲਕੁੱਲ ਹੀ ਸਫਾਇਆ ਹੋ ਗਿਆ, ਜਿਹੜੇ ਦੋ ਉਮੀਦਵਾਰ ਜਿੱਤੇ ਹਨ, ਉਹ ਪਾਰਟੀ ਦੇ ਨਹੀਂ ਬਲਕਿ ਆਪਣੇ ਦਮ 'ਤੇ ਜਿੱਤੇ ਹਨ। ਢੀਂਡਸਾ ਨੇ ਕਿਹਾ ਕਿ ਸਿਆਸੀ ਪਾਰਟੀਆਂ ਕਿਸੇ ਸਿਧਾਂਤ ਨਾਲ ਹੀ ਚਲਦੀਆਂ ਹਨ, ਨਾ ਕਿ ਤਾਨਾਸ਼ਾਹੀ ਨਾਲ। ਉਨ੍ਹਾ ਪਾਰਟੀ ਦੀ ਏਕਤਾ ਬਾਰੇ ਕਿਹਾ ਕਿ ਉਨ੍ਹਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਤੱਕ ਪਹੁੰਚ ਕਰਕੇ ਕਿਹਾ ਸੀ ਕਿ ਉਹ ਪਾਰਟੀ ਵਿੱਚ ਏਕਤਾ ਕਰਾਉਣ ਲਈ 5-7 ਮੈਂਬਰੀ ਕਮੇਟੀ ਦਾ ਗਠਨ ਕਰ ਦੇਣ, ਜਿਸ ਦੀਆਂ ਸਿਫਾਰਸ਼ਾਂ ਥੱਲੇ ਪਾਰਟੀ ਦਾ ਨਵਾਂ ਢਾਂਚਾ ਹੋਂਦ ਵਿੱਚ ਆ ਸਕੇ, ਪਰ ਉਨ੍ਹਾ ਦੇ ਇਸ ਵਿਚਾਰ 'ਤੇ ਗੌਰ ਹੀ ਨਹੀਂ ਕੀਤੀ ਗਈ। ਉਨ੍ਹਾ ਕਿਹਾ ਕਿ ਅਕਾਲੀ ਆਗੂ ਤੇ ਪੰਜਾਬ ਦੇ ਲੋਕ ਤਾਂ ਪਾਰਟੀ ਦੀ ਏਕਤਾ ਲਈ ਤਿਆਰ ਬੈਠੇ ਹਨ, ਬਸ ਕੋਈ ਪਹਿਲ ਤਾਂ ਕਰੇ।

ਸ੍ਰ. ਢੀਂਡਸਾ ਨੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ 'ਆਪ' ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈ ਹੈ। ਉਨ੍ਹਾ ਮੁੱਖ ਮੰਤਰੀ ਭਗਵੰਤ ਮਾਨ ਦੇ ਗਵਰਨਰ ਪੰਜਾਬ ਦੇ ਨਾਲ ਟਕਰਾਅ ਨੂੰ ਮੰਦਭਾਗਾ ਦੱਸਦਿਆਂ ਕਿਹਾ ਕਿ ਮੁੱਖ ਮੰਤਰੀ ਨੂੰ ਗਵਰਨਰ ਦੇ ਪੱਤਰਾਂ ਦਾ ਜਵਾਬ ਦੇਣਾ ਚਾਹੀਦਾ ਹੈ। ਜੇਕਰ ਮੁੱਖ ਮੰਤਰੀ ਲੋਕਾਂ ਦਾ ਚੁਣਿਆ ਹੋਇਆ ਹੈ ਤਾਂ ਗਵਰਨਰ ਵੀ ਸੂਬੇ ਦਾ ਸਵਿਧਾਨਕ ਮੁਖੀਆ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਦਾ ਰਵੱਈਆ ਆਕੜਖੋਰ ਹੈ। ਨਸ਼ਿਆਂ ਦੇ ਮਸਲੇ 'ਤੇ ਉਨ੍ਹਾ ਕਿਹਾ ਕਿ ਸਰਕਾਰਾਂ ਦੀ ਢਿੱਲ-ਮੱਠ ਨਾਲ ਨਸ਼ਿਆਂ 'ਤੇ ਕਾਬੂ ਨਹੀਂ ਪਾਇਆ ਜਾ ਰਿਹਾ, ਜਿਸ ਕਰਕੇ ਪੰਜਾਬ ਦੀ ਜਵਾਨੀ ਤਬਾਹ ਹੋ ਰਹੀ ਹੈ।

# 'ਗੱਡੀਆਂ ਵਾਲੇ' ਗੀਤ ਗੱਡੀਆਂ ਵਾਲਿਆਂ ਦੀ ਬਣਿਆ ਪਹਿਲੀ ਪਸੰਦ : ਜਸਵੀਰ ਭਲੂਰੀਆ




**ਕੋਟਕਪੂਰਾ (ਰਛਪਾਲ ਭੁੱਲਰ)**

ਗਾਇਕ ਜੋੜੀ ਸਤਪਾਲ ਕਿੰਗਰਾ ਤੇ ਕੁਲਵੀਰ ਗੋਗੀ ਪੰਜਾਬੀ ਸੱਭਿਆਚਾਰ ਨੂੰ ਪ੍ਰਣਾਈ ਹੋਈ ਜੋੜੀ ਹੈ। ਅੱਜ ਤੱਕ ਉਨ੍ਹਾਂ ਕਿਸੇ ਵੀ ਗੀਤ 'ਤੇ ਉਂਗਲ ਧਰਨ ਜੋਗੀ ਗੁੰਜ਼ਾਇਸ਼ ਨਹੀਂ ਛੱਡੀ। ਏਸੇ ਕਰਕੇ ਹੀ ਉੱਚੀ ਸੋਚ ਵਾਲੇ ਤੇ ਸੂਝਵਾਨ ਸੰਗੀਤ ਪ੍ਰੇਮੀ ਉਨ੍ਹਾਂ ਦੇ ਗੀਤਾਂ ਨੂੰ ਰੱਜਵਾਂ ਪਿਆਰ/ਸਤਿਕਾਰ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਕੁੱਝ ਦਿਨ ਪਹਿਲਾਂ ਹੀ ਇਸ ਗਾਇਕ ਜੋੜੀ ਦਾ ਨਵਾਂ ਦੋਗਾਣਾ 'ਗੱਡੀਆਂ ਵਾਲੇ' ਰਿਲੀਜ਼ ਹੋਇਆ ਹੈ, ਜਿਸ ਨੂੰ ਪ੍ਰਸਿੱਧ ਗੀਤਕਾਰ ਜਸਵੰਤ ਬੋਪਾਰਾਏ ਨੇ ਕਲਮਬੱਧ ਕੀਤਾ ਹੈ। ਇਸ ਗੀਤ ਵਿੱਚ ਗੀਤਕਾਰ ਬੋਪਾਰਾਏ ਨੇ 'ਗੱਡੀਆਂ ਵਾਲੇ ਕਬੀਲੇ' ਦੀਆਂ ਮੌਜੂਦਾ ਸਮੱਸਿਆਵਾਂ ਨੂੰ ਬਾਖੂਬੀ ਥੋੜ੍ਹੇ ਸ਼ਬਦਾਂ ਵਿੱਚ ਵਰਨਣ ਕੀਤਾ ਹੈ। ਗੀਤ ਦੇ ਬੋਲਾਂ ਨੂੰ ਸਤਪਾਲ ਕਿੰਗਰਾ ਤੇ ਕੁਲਵੀਰ ਗੋਗੀ ਨੇ ਆਪਣੀ ਮਿੱਠੀ ਤੇ ਸੁਰੀਲੀ ਅਵਾਜ਼ ਦੇ ਕੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ ਹੈ। ਅਦਾਕਾਰਾ ਕਿਰਨਾ ਖਾਨ ਗੱਡੀਆਂ ਵਾਲੀ ਦੇ ਰੋਲ ਵਿੱਚ ਖੂਬ ਜਚੀ ਹੈ। ਵੀਡੀਓ ਡਾਇਰੈਕਟਰ ਜਸ ਸੁੱਖਾ ਮਾਝੀ ਮੁਸਤਫਾ ਨੇ ਗੀਤ ਦੇ ਬੋਲਾਂ ਨੂੰ ਕੈਮਰੇ ਦੀ ਅੱਖ ਰਾਹੀਂ ਤਸਵੀਰ-ਬੱਧ ਕਰਕੇ ਆਪਣੀ ਕਲਾ ਦਾ ਖੂਬ ਪ੍ਰਦਰਸ਼ਨ ਕੀਤਾ ਹੈ। ਸਾਰੀ ਟੀਮ ਦੀ ਸਖਤ ਮਿਹਨਤ ਸਦਕਾ ਇਹ ਗੀਤ ਗੱਡੀਆਂ ਵਾਲਿਆਂ ਦੀ ਪਹਿਲੀ ਪਸੰਦ ਬਣਿਆ ਹੈ। ਸਤਪਾਲ ਕਿੰਗਰਾ ਤੇ ਜਸਵੰਤ ਬੋਪਾਰਾਏ ਨੇ ਫੋਨ 'ਤੇ ਗੱਲਬਾਤ ਕਰਦਿਆਂ ਜਸਵੀਰ ਭਲੂਰੀਏ ਨੂੰ ਦੱਸਿਆ ਕਿ ਸਾਨੂੰ ਲਗਾਤਾਰ ਗੱਡੀਆਂ ਵਾਲਿਆਂ ਦੇ ਫੋਨ ਆ ਰਹੇ ਹਨ ਤੇ ਇਸ ਅਣਗੌਲੇ ਕਬੀਲੇ ਦੇ ਠੱਪ ਹੋਏ ਧੰਦੇ ਦਾ ਜ਼ਿਕਰ ਕਰਨ ਲਈ ਧੰਨਵਾਦ ਕਰ ਰਹੇ ਹਨ ਤੇ ਆਮ ਸਰੋਤੇ ਵੀ ਯੂ-ਟਿਊਬ ਰਾਹੀਂ ਇਸ ਗੀਤ ਦਾ ਖੂਬ ਅਨੰਦ ਮਾਣ ਰਹੇ ਹਨ।

29-AUG-PAGE-1.qxd 8/28/2023 10:45 PM Page 1

ਮੰਗਲਵਾਰ, 29 ਅਗਸਤ, 2023
13 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 88

# ਨਵਾਂ ਜ਼ਮਾਨਾ

DAILY NAWAN ZAMANA • TUESDAY, 29 AUGUST, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਪੰਜਾਬ ਕੈਬਨਿਟ ਵੱਲੋਂ ਅਹਿਮ ਫੈਸਲੇ

# ਮੁੱਖ ਮੰਤਰੀ ਤੇ ਮੰਤਰੀਆਂ ਦੀਆਂ ਗਰਾਂਟਾਂ 'ਚ ਕਟੌਤੀ

• 2 ਵਿਭਾਗਾਂ 'ਚ ਭਰਤੀ, 4 ਕੈਦੀਆਂ ਦੀ ਰਿਹਾਈ ਨੂੰ ਮਨਜ਼ੂਰੀ • ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਅਲਰੀ ਸਾਇੰਸਜ਼ ਦੀ ਸਥਾਪਨਾ ਨੂੰ ਪ੍ਰਵਾਨਗੀ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਕੈਬਨਿਟ ਦੀ ਮੀਟਿੰਗ 'ਚ ਸੋਮਵਾਰ ਕਈ ਫੈਸਲੇ ਲਏ ਗਏ। ਮੁੱਖ ਮੰਤਰੀ ਭਗਵੰਤ ਮਾਨ ਸਮੇਤ ਹੋਰ ਕੈਬਨਿਟ ਮੰਤਰੀਆਂ ਨੂੰ ਮਿਲਣ ਵਾਲੀ ਗਰਾਂਟ 'ਚ ਕਟੌਤੀ ਕੀਤੀ ਗਈ। ਮੁੱਖ ਮੰਤਰੀ ਦੀ ਸਾਲਾਨਾ 50 ਕਰੋੜ ਰੁਪਏ ਦੀ ਗਰਾਂਟ ਘਟਾ ਕੇ 37 ਕਰੋੜ ਰੁਪਏ ਕੀਤੀ ਗਈ, ਜਦਕਿ ਕੈਬਨਿਟ ਮੰਤਰੀਆਂ ਦੀ ਡੇਢ ਕਰੋੜ ਰੁਪਏ ਗ੍ਰਾਂਟ ਘਟਾ ਕੇ ਇੱਕ ਕਰੋੜ ਕੀਤੀ ਗਈ ਹੈ। ਇਹ ਫੈਸਲੇ ਬਾਅਦ ਦੁਪਹਿਰ ਇੱਥੇ ਮੁੱਖ ਮੰਤਰੀ ਦੀ ਅਗਵਾਈ 'ਚ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ 'ਚ ਲਏ ਗਏ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਗ੍ਰਾਂਟਾਂ ਘਟਾਉਣ ਦਾ ਫੈਸਲਾ ਇਸ ਲਈ ਲਿਆ ਗਿਆ ਹੈ, ਕਿਉਂਕਿ ਸੂਬੇ ਭਰ ਦੀਆਂ ਪੰਚਾਇਤਾਂ ਕੋਲ 15ਵੇਂ ਵਿੱਤ ਕਮਿਸ਼ਨ ਵੱਲੋਂ ਦਿੱਤੇ ਫੰਡਾਂ ਦੀ ਬਹੁਤ ਜਿਆਦਾ ਵਰਤੋਂ ਨਹੀਂ ਹੋਈ। ਉਨ੍ਹਾ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਇਹ ਫੰਡ ਮੰਤਰੀਆਂ ਦੇ ਅਖਤਿਆਰੀ ਫੰਡਾਂ ਦੀ ਵਰਤੋਂ ਕਰਨ ਦੀ ਬਜਾਏ ਵਿਕਾਸ ਕਾਰਜਾਂ ਲਈ ਵਰਤੇ ਜਾਣ। ਇਸ ਕੈਲੰਡਰ ਸਾਲ ਦੌਰਾਨ ਇਹ ਦੂਜੀ ਵਾਰ ਹੈ, ਜਦੋਂ ਮੰਤਰੀਆਂ ਦੀਆਂ ਅਖਤਿਆਰੀ ਗ੍ਰਾਂਟਾਂ 'ਚ ਕਟੌਤੀ ਕੀਤੀ ਗਈ ਹੈ। ਜਨਵਰੀ 'ਚ ਕੈਬਨਿਟ ਮੰਤਰੀਆਂ ਦੀਆਂ ਅਖਤਿਆਰੀ ਗ੍ਰਾਂਟਾਂ 3 ਕਰੋੜ ਰੁਪਏ (ਕਾਂਗਰਸ ਸਰਕਾਰ ਵੇਲੇ ਦਿੱਤੀਆਂ ਗਈਆਂ) ਤੋਂ ਘਟਾ ਕੇ 1.5 ਕਰੋੜ ਰੁਪਏ ਕਰ ਦਿੱਤੀਆਂ ਗਈਆਂ ਸਨ। ਕਾਂਗਰਸ ਸਰਕਾਰ ਦੇ ਸ਼ੁਰੂਆਤੀ ਦਿਨਾਂ ਦੌਰਾਨ ਮੰਤਰੀਆਂ ਨੂੰ 5 ਕਰੋੜ ਰੁਪਏ ਅਖਤਿਆਰੀ ਗਰਾਂਟ ਵਜੋਂ ਮਿਲਦੇ ਸਨ। ਉਦੋਂ ਮੁੱਖ ਮੰਤਰੀ ਦੀ ਅਖਤਿਆਰੀ ਗ੍ਰਾਂਟ 50 ਕਰੋੜ ਰੁਪਏ ਰੱਖੀ ਗਈ ਸੀ।

ਮੰਤਰੀ ਮੰਡਲ ਨੇ ਵਿੱਤੀ ਸਾਲ 2023-24 ਲਈ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀਆਂ ਵੱਲੋਂ ਅਖਤਿਆਰੀ ਫੰਡਾਂ ਦੀ ਵੰਡ ਦੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਫੰਡਾਂ ਨੂੰ ਬੁਨਿਆਦੀ ਢਾਂਚਾ ਸਥਾਪਤ ਜਾਂ ਮੁਰੰਮਤ ਕਰਨ, ਵਾਤਾਵਰਣ ਦੇ ਸੁਧਾਰ ਅਤੇ ਸੂਬੇ ਦੇ ਗਰੀਬ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਲਈ ਸੁਚੱਜੇ ਰੂਪ 'ਚ ਵਰਤੋਂ 'ਚ ਲਿਆਂਦਾ ਜਾਵੇਗਾ। ਇਸ ਨੀਤੀ ਤਹਿਤ ਵਿੱਤੀ ਸਾਲ 2023-24 ਦੌਰਾਨ ਮੁੱਖ ਮੰਤਰੀ ਦਾ ਅਖਤਿਆਰੀ ਫੰਡ 37 ਕਰੋੜ ਰੁਪਏ, ਜਦਕਿ ਹਰੇਕ ਕੈਬਨਿਟ ਮੰਤਰੀ ਲਈ ਇਕ ਕਰੋੜ ਰੁਪਏ ਹੋਵੇਗਾ।

ਪੰਜਾਬ 'ਚ ਜਿਗਰ ਦੀਆਂ ਬਿਮਾਰੀਆਂ ਦੇ ਇਲਾਜ ਲਈ ਵਿਸ਼ਵ ਪੱਧਰੀ ਸਹੂਲਤਾਂ ਮੁਹੱਈਆ ਕਰਨ ਦੇ ਉਦੇਸ਼ ਨਾਲ ਇੱਕ ਅਹਿਮ ਫੈਸਲੇ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਸੋਮਵਾਰ ਐੱਸ ਏ ਐੱਸ ਨਗਰ 'ਚ ਪੰਜਾਬ ਇੰਸਟੀਚਿਊਟ ਆਫ਼ ਲਿਵਰ ਐਂਡ ਬਿਅਲਰੀ ਸਾਇੰਸਜ਼ ਦੀ ਸਥਾਪਨਾ ਨੂੰ ਹਰੀ ਝੰਡੀ ਦੇ ਦਿੱਤੀ। ਇਸ ਸੰਬੰਧੀ ਫੈਸਲਾ ਪੰਜਾਬ ਸਿਵਲ ਸਕੱਤਰੇਤ-1 ਵਿਖੇ ਮੁੱਖ ਮੰਤਰੀ ਦੇ ਦਫ਼ਤਰ 'ਚ ਉਨ੍ਹਾ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ 'ਚ ਲਿਆ ਗਿਆ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਫੈਸਲੇ ਦਾ ਮੰਤਵ ਪੰਜਾਬ ਨੂੰ ਦੇਸ਼ ਭਰ ਵਿੱਚੋਂ ਮੈਡੀਕਲ ਸਿਹਤ ਸੰਭਾਲ ਸਹੂਲਤਾਂ ਦੇ ਗੜ੍ਹ ਵਜੋਂ ਉਭਾਰਨਾ ਹੈ। ਇਹ ਕੇਂਦਰ ਜਿਗਰ ਨਾਲ ਸੰਬੰਧਤ ਬਿਮਾਰੀਆਂ ਦੇ ਡਾਇਗਨੋਸ, ਸਿਹਤ ਸਹੂਲਤਾਂ ਅਤੇ ਵਾਜਬ ਦਰਾਂ 'ਤੇ ਇਲਾਜ ਤੇ ਕੌਂਸਲਿੰਗ ਦੀਆਂ ਸਹੂਲਤਾਂ ਮੁਹੱਈਆ ਕਰਨ 'ਚ ਮੋਹਰੀ ਭੂਮਿਕਾ ਨਿਭਾਏਗਾ। ਕੈਬਨਿਟ ਨੇ ਲੋਕਾਂ ਨੂੰ ਲਾਭ ਦੇਣ ਲਈ ਇਸ ਇੰਸਟੀਚਿਊਟ ਲਈ 484 ਆਰਜ਼ੀ ਅਸਾਮੀਆਂ ਸਿਰਜਣ ਦੀ ਵੀ ਪ੍ਰਵਾਨਗੀ ਦੇ ਦਿੱਤੀ। ਕੈਬਨਿਟ ਨੇ ਪ੍ਰਸ਼ਾਸਕੀ ਸੁਧਾਰ ਤੇ ਜਨਤਕ ਸ਼ਿਕਾਇਤਾਂ ਵਿਭਾਗ 'ਚ ਵਿਭਾਗੀ ਨਿਯਮਾਂ ਮੁਤਾਬਕ ਸਿੱਧੇ ਭਰਤੀ ਕੋਟੇ ਦੀਆਂ ਤਕਨੀਕੀ ਕਾਡਰ ਦੀਆਂ 20 ਆਸਾਮੀਆਂ ਭਰਨ ਦੀ ਵੀ ਪ੍ਰਵਾਨਗੀ ਦੇ ਦਿੱਤੀ। ਇਸ ਕਦਮ ਦਾ ਉਦੇਸ਼ ਵਡੇਰੇ ਜਨਤਕ ਹਿੱਤ 'ਚ ਵਿਭਾਗ ਦੇ ਕੰਮਕਾਜ 'ਚ ਕਾਰਜਕੁਸ਼ਲਤਾ ਲਿਆ ਕੇ ਇਸ ਨੂੰ ਸੁਚਾਰੂ ਕਰਨਾ ਹੈ। ਇਨ੍ਹਾਂ 20 ਅਸਾਮੀਆਂ 'ਚੋਂ ਚਾਰ ਆਸਾਮੀਆਂ ਸਹਾਇਕ ਮੈਨੇਜਰ (ਗਰੁੱਪ ਏ), ਛੇ ਅਸਾਮੀਆਂ ਤਕਨੀਕੀ ਸਹਾਇਕ (ਗਰੁੱਪ ਬੀ) ਅਤੇ 10 ਜ਼ਿਲ੍ਹਾ ਤਕਨੀਕੀ ਕੋਆਰਡੀਨੇਟਰ (ਗਰੁੱਪ ਬੀ) ਦੀਆਂ ਹਨ। ਸੂਬੇ ਦੇ ਸਰਕਾਰੀ ਸਕੂਲਾਂ 'ਚ ਵਿਜ਼ਟਿੰਗ ਫੈਕਲਟੀ ਦੀ ਨਿਯੁਕਤੀ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਪਹਿਲੇ ਪੜਾਅ ਵਿਚ ਸੂਬੇ ਦੇ 117 ਸਰਕਾਰੀ ਸਕੂਲਾਂ 'ਚ ਵਿਜ਼ਟਿੰਗ ਫੈਕਲਟੀ ਨਿਯੁਕਤ ਕੀਤੇ ਜਾਣਗੇ ਅਤੇ ਉਸ ਤੋਂ ਬਾਅਦ ਬਾਕੀ ਸਕੂਲਾਂ ਵਿਚ ਇਹ ਨਿਯੁਕਤੀਆਂ ਕੀਤੀਆਂ ਜਾਣਗੀਆਂ। ਪੰਜਾਬ ਵਿੱਤੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧਨ ਐਕਟ-2003 ਦੀ ਧਾਰਾ-4 ਦੀ ਉਪ ਧਾਰਾ (2) ਦੇ ਕਲਾਜ਼-ਏ, ਬੀ ਤੇ ਸੀ, ਉਪ-ਧਾਰਾ (5) ਅਤੇ ਉਪ-ਧਾਰਾ (6) 'ਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਸੋਧਾਂ ਜ਼ਿੰਮੇਵਾਰੀ ਤੇ ਬਜਟ ਪ੍ਰਬੰਧਨ ਐਕਟ-2003 ਦੇ ਕਲਾਜ਼ ਦਾ ਆਪਸੀ ਤਾਲਮੇਲ ਬਣਾ ਸਕਣਗੀਆਂ, ਤਾਂ ਕਿ ਹਰੇਕ ਸਾਲ ਸੋਧਾਂ ਦੀ ਲੋੜ ਨਾ ਰਹੇ। ਸੂਬੇ ਦੀਆਂ ਜੇਲ੍ਹਾਂ 'ਚ ਬੰਦ ਕੈਦੀਆਂ ਦੀ ਅਗਾਊਂ ਰਿਹਾਈ ਲਈ ਚਾਰ ਕੈਦੀਆਂ ਦੇ ਕੇਸ ਅਤੇ ਅਜਿਹੇ ਮਾਮਲੇ 'ਚ ਇਕ ਕੈਦੀ ਦੀ ਅਗੇਤੀ ਰਿਹਾਈ ਰੱਦ ਕਰਨ ਲਈ ਕੇਸ ਭੇਜਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਮੰਤਰੀ ਮੰਡਲ ਦੀ ਮਨਜ਼ੂਰੀ ਤੋਂ ਬਾਅਦ ਭਾਰਤੀ ਸੰਵਿਧਾਨ ਦੀ ਧਾਰਾ 163 ਤਹਿਤ ਵਿਸ਼ੇਸ਼ ਮੁਆਫੀ/ਰਿਹਾਈ ਦੇ ਮਾਮਲੇ ਵਿਚਾਰਨ ਲਈ ਭਾਰਤੀ ਸੰਵਿਧਾਨ ਦੀ ਧਾਰਾ 161 ਤਹਿਤ ਪੰਜਾਬ ਦੇ ਰਾਜਪਾਲ ਨੂੰ ਸੌਂਪ ਦਿੱਤੇ ਜਾਣਗੇ। ਮੰਤਰੀ ਮੰਡਲ ਨੇ ਸਾਲ 2021-22 ਲਈ ਜਲ ਸਰੋਤ ਵਿਭਾਗ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਪ੍ਰਵਾਨ ਕਰ ਲਈ ਹੈ।

# ਕੋਟਾ : ਕੋਚਿੰਗ ਸੈਂਟਰ ਬਣ ਰਹੇ ਖ਼ੁਦਕੁਸ਼ੀ ਸੈਂਟਰ

**ਕੋਟਾ** : ਰਾਜਸਥਾਨ ਦਾ ਕੋਟਾ ਕੋਚਿੰਗ ਸੈਂਟਰਾਂ ਦਾ ਗੜ੍ਹ ਹੈ, ਪਰ ਹੁਣ ਲੱਗਦਾ ਹੈ ਇਹ ਤਿਆਰੀ ਕਰ ਰਹੇ ਬੱਚਿਆਂ ਦਾ ਖ਼ੁਦਕੁਸ਼ੀ ਸੈਂਟਰ ਬਣ ਰਿਹਾ ਹੈ। ਦੇਸ਼ ਦੇ ਕਈ ਸੂਬਿਆਂ ਤੋਂ ਬੱਚੇ ਇੱਥੇ ਕੋਚਿੰਗ ਲੈਣ ਆਉਂਦੇ ਹਨ, ਅੱਖਾਂ 'ਚ ਡਾਕਟਰ, ਇੰਜੀਨੀਅਰ ਬਣਨ ਦੇ ਸੁਪਨੇ ਹੁੰਦੇ ਹਨ, ਪਰ ਪਰਵਾਰ ਦੀਆਂ ਉਮੀਦਾਂ, ਕੋਚਿੰਗ ਸੈਂਟਰਾਂ ਦੀ ਭਾਰੀ ਫੀਸ ਅਤੇ ਕਈ ਮਾਮਲਿਆਂ 'ਚ ਇਕੱਲੇਪਨ ਦਾ ਦਰਦ ਵਿਦਿਆਰਥੀਆਂ ਨੂੰ ਅੰਦਰ ਤੱਕ ਏਨਾ ਜ਼ਿਆਦਾ ਤੋੜ ਦਿੰਦਾ ਹੈ ਕਿ ਉਹ ਖ਼ੁਦਕੁਸ਼ੀ ਤੱਕ ਕਰ ਲੈਂਦੇ ਹਨ। ਇਸ ਸਾਲ ਅਗਸਤ ਤੱਕ 23 ਵਿਦਿਆਰਥੀਆਂ ਨੇ ਖ਼ੁਦਕਸ਼ੀ ਕਰ ਲਈ। ਇਕੱਲੇ ਕੁੰਡਲੀ 'ਚ 8 ਵਿਦਿਆਰਥੀਆਂ ਨੇ ਆਪਣੀ ਜਾਨ ਦਿੱਤੀ ਹੈ। ਕੋਟਾ 'ਚ ਇਸ ਸਮੇਂ ਕੁੱਲ 4000 ਦੇ ਕਰੀਬ ਹੋਸਟਲ ਹਨ, 40 ਹਜ਼ਾਰ ਤੋਂ ਜਿਆਦਾ ਪੀ ਜੀ ਚੱਲ ਰਹੇ ਹਨ ਅਤੇ ਦੋ ਲੱਖ ਦੇ ਕਰੀਬ ਵਿਦਿਆਰਥੀ ਆਪਣੇ ਘਰਾਂ ਤੋਂ ਦੂਰ ਇੱਥੇ ਭਵਿੱਖ ਬਣਾਉਣ ਲਈ ਲਗਾਤਾਰ ਆ ਰਹੇ ਹਨ, ਪਰ ਦੇਸ਼ ਦਾ ਇਹ ਭਵਿੱਖ ਇਸ ਸਮੇਂ ਪ੍ਰੇਸ਼ਾਨੀ 'ਚ ਚੱਲ ਰਿਹਾ ਹੈ, ਅੱਖਾਂ 'ਚ ਸੁਪਨੇ ਹੋਣ ਦੇ ਬਾਵਜੂਦ ਉਦਾਸੀ ਉਨ੍ਹਾਂ ਨੂੰ ਜਕੜ ਰਹੀ ਹੈ। ਐਤਵਾਰ ਚਾਰ ਘੰਟਿਆਂ ਦੇ ਅੰਦਰ ਦੋ ਵਿਦਿਆਰਥੀਆਂ ਨੇ ਆਪਣੀ ਜਾਨ ਲੈ ਲਈ। ਪੁਲਸ ਮੁਤਾਬਕ ਅਵਿਸਕਾਰ ਸੰਭਾਜੀ ਕਾਸਲੇ (17) ਨੇ ਐਤਵਾਰ ਬਾਅਦ ਦੁਪਹਿਰ ਕਰੀਬ 3.15 ਵਜੇ ਜਵਾਹਰ ਨਗਰ ਸਥਿਤ ਆਪਣੇ ਕੋਚਿੰਗ ਇੰਸਟੀਚਿਊਟ ਦੀ ਇਮਾਰਤ ਦੀ ਛੇਵੀਂ ਮੰਜਲ ਤੋਂ ਛਾਲ ਮਾਰ ਦਿੱਤੀ। ਕਾਸਲੇ ਨੇ ਕੋਚਿੰਗ ਇੰਸਟੀਚਿਊਟ ਦੀ ਤੀਜੀ ਮੰਜਲ 'ਤੇ ਕੁਝ ਮਿੰਟ ਪਹਿਲਾਂ ਹੀ ਪ੍ਰੀਖਿਆ ਦਿੱਤੀ ਸੀ। ਪੁਲਸ ਅਨੁਸਾਰ ਕਾਸਲੇ ਦੀ ਮੌਤ ਦੇ ਚਾਰ ਘੰਟੇ ਬਾਅਦ ਨੀਟ ਦੀ ਤਿਆਰੀ ਕਰ ਰਹੇ ਆਦਰਸ਼ ਰਾਜ (18) ਨੇ ਸ਼ਾਮ ਕਰੀਬ 7 ਵਜੇ ਕੁਨਹੜੀ ਥਾਣਾ ਖੇਤਰ 'ਚ ਆਪਣੇ ਕਿਰਾਏ ਦੇ ਕਮਰੇ ਵਿੱਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਦੋਵਾਂ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀ ਵਰਗੇ ਸਖਤ ਕਦਮ ਚੁੱਕਣ ਦਾ ਕਾਰਨ ਕੋਚਿੰਗ ਸੰਸਥਾਵਾਂ ਵੱਲੋਂ ਲਏ ਜਾਂਦੇ ਰੈਗੂਲਰ ਇਮਤਿਹਾਨਾਂ ਦੌਰਾਨ ਘੱਟ ਨੰਬਰ ਸਨ। ਕੋਟਾ ਜ਼ਿਲ੍ਹੇ ਦੇ ਕੁਲੈਕਟਰ ਓ ਪੀ ਬੁਨਕਰ ਨੇ ਬੱਚਿਆਂ ਦੀ ਖ਼ੁਦਕੁਸ਼ੀ ਨੂੰ ਦੇਖਦੇ ਹੋਏ ਤਤਕਾਲ ਇੱਕ ਐਡਵਾਈਜ਼ਰੀ ਜਾਰੀ ਕੀਤੀ, ਜਿਸ 'ਚ ਸਾਰੀਆਂ ਕੋਚਿੰਗ ਸੰਸਥਾਵਾਂ ਨੂੰ ਅਗਲੇ ਦੋ ਮਹੀਨੇ ਤੱਕ ਕੋਚਿੰਗ 'ਚ ਟੈਸਟ ਲੈਣ 'ਤੇ ਰੋਕ ਲਗਾਉਣ ਦੇ ਆਦੇਸ਼ ਜਾਰੀ ਕੀਤੇ ਹਨ। ਜ਼ਿਲ੍ਹਾ ਪ੍ਰਸ਼ਾਸਨ ਲਗਾਤਾਰ ਇਸ ਕੋਸ਼ਿਸ਼ 'ਚ ਹੈ ਕਿ ਤਿਆਰੀ ਕਰ ਰਹੇ ਬੱਚੇ ਤਣਾਅ ਮੁਕਤ ਰਹਿਣ, ਪਰ ਮਾਮਲੇ ਲਗਤਾਰ ਵਧ ਰਹੇ ਹਨ। ਪੁਲਸ ਨੇ ਆਪਣੀ ਜਾਂਚ ਤੋਂ ਬਾਅਦ ਦੱਸਿਆ ਕਿ ਕੋਟਾ 'ਚ ਦੇਸ਼ ਦੀਆਂ ਦੂਜੀਆਂ ਯੂਨੀਵਰਸਿਟੀਆਂ ਵਰਗੇ ਹਾਲਾਤ ਨਹੀਂ ਹਨ। ਇੱਥੇ ਵੀ ਵਿਦਿਆਰਥੀ ਪਰਵਾਰ ਦੀਆਂ ਉਮੀਦਾਂ ਤੋਂ ਪ੍ਰੇਸ਼ਾਨ, ਡਿਪਰੈਸ਼ਨ ਦਾ ਸ਼ਿਕਾਰ ਹਨ ਅਤੇ ਕਈ ਵਾਰ ਪੜ੍ਹਾਈ 'ਚ ਪਿੱਛੇ ਰਹਿਣ ਦਾ ਡਰ ਵੀ ਉਨ੍ਹਾਂ ਨੂੰ ਸਤਾਉਂਦਾ ਰਹਿੰਦਾ ਹੈ। ਇਸ ਦੇ ਨਾਲ ਘਰ ਦੀ ਯਾਦ ਆਉਣਾ ਅਤੇ ਰਿਲੇਸ਼ਨਸ਼ਿਪ 'ਚ ਚੱਲ ਰਹੀਆਂ ਪ੍ਰੇਸ਼ਾਨੀਆਂ ਵੀ ਉਨ੍ਹਾਂ ਦੇ ਤਣਾਅ ਨੂੰ ਵਧਾਉਣ ਦਾ ਕੰਮ ਕਰਦੀਆਂ ਹਨ। ਪੁਲਸ ਨੇ ਕਿਹਾ ਕਿ ਰਿਫੰਡ, ਸਕਿਉਰਿਟੀ ਡਿਪਾਜ਼ਿਟ ਵਰਗੀਆਂ ਪ੍ਰੇਸ਼ਾਨੀਆਂ ਨੂੰ ਲੈ ਕੇ ਵੀ ਫੋਨ ਆਉਂਦੇ ਰਹਿੰਦੇ ਹਨ।

### ਅੰਕੜੇ ਦੇ ਰਹੇ ਗਵਾਹੀ

-ਸਾਲ 2015 'ਚ 17 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ, 2016 'ਚ 16, 2017 'ਚ 7, 2018 'ਚ 20, 2019 'ਚ 8, 2020 'ਚ 4 ਅਤੇ 2022 'ਚ 15। ਅੰਕੜਾ ਦੱਸਦਾ ਹੈ ਕਿ ਪਿਛਲੇ ਸਾਲ 'ਚ ਇੱਕ ਵਾਰ ਫਿਰ ਖ਼ੁਦਕੁਸ਼ੀ ਕੇਸਾਂ 'ਚ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਪੁਲਸ ਵੱਲੋਂ ਇੱਕ ਟੀਮ ਦਾ ਗਠਨ ਕੀਤਾ ਗਿਆ, ਉਹ ਲਗਾਤਾਰ ਜ਼ਮੀਨ 'ਤੇ ਜਾ ਕੇ ਵਿਦਿਆਰਥੀਆਂ ਨਾਲ ਗੱਲਬਾਤ ਕਰ ਰਹੀ ਹੈ, ਉਨ੍ਹਾਂ ਦੀਆਂ ਪ੍ਰੇਸ਼ਾਨੀਆ ਨੂੰ ਸੁਣ ਰਹੀ ਹੈ, ਹੈੱਲਪ ਲਾਈਨ ਨੰਬਰ ਜ਼ਰੀਏ ਵੀ ਮਦਦ ਪਹੁੰਚਾਈ ਜਾ ਰਹੀ ਹੈ, ਪਰ ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਖ਼ੁਦਕੁਸ਼ੀਆਂ ਹੋ ਰਹੀਆਂ ਹਨ ਤੇ ਵਿਦਿਆਰਥੀ ਆਪਣਾ ਜੀਵਨ ਖ਼ਤਮ ਕਰ ਰਹੇ ਹਨ।

# ਆਰਟੀਕਲ 370 ਦਾ ਵਿਰੋਧ ਕਰਨ ਵਾਲਾ ਲੈਕਚਰਾਰ ਮੁਅੱਤਲ

**ਸੁਪਰੀਮ ਕੋਰਟ ਦਾ ਕੇਂਦਰ ਨੂੰ ਸਖ਼ਤ ਸਵਾਲ**

**ਨਵੀਂ ਦਿੱਲੀ** : ਧਾਰਾ 370 ਮਾਮਲੇ 'ਚ ਸੁਪਰੀਮ ਕੋਰਟ 'ਚ ਪੇਸ਼ ਹੋਏ ਲੈਕਚਰਾਰ ਜਹੂਰ ਅਹਿਮਦ ਭੱਟ ਨੂੰ ਮੁਅੱਤਲ ਕਰਨ ਦਾ ਮਾਮਲਾ ਤੂਲ ਫੜ ਰਿਹਾ ਹੈ। ਸੋਮਵਾਰ ਸੁਪਰੀਮ ਕੋਰਟ ਨੇ ਇਸ ਮਾਮਲੇ 'ਚ ਸਰਕਾਰ ਤੋਂ ਸਵਾਲ ਪੁੱਛਿਆ। ਭਾਰਤ ਦੇ ਮੁੱਖ ਜੱਜ ਡੀ ਵਾਈ ਚੰਦਰਚੂੜ ਨੇ ਲੈਕਚਰਾਰ ਦੀ ਮੁਅੱਤਲੀ 'ਤੇ ਸਵਾਲ ਉਠਾਏ। ਭੱਟ ਬੀਤੇ ਹਫ਼ਤੇ ਹੋਈ ਸੁਣਵਾਈ ਦੌਰਾਨ ਕੋਰਟ 'ਚ ਪੇਸ਼ ਹੋਏ ਸਨ। ਸੀਨੀਅਰ ਐਡਵੋਕੇਟ ਕਪਿਲ ਸਿੱਬਲ ਵੱਲੋਂ ਕੋਰਟ ਦੇ ਸਾਹਮਣੇ ਮੁਅੱਤਲੀ ਦਾ ਮੁੱਦਾ ਉਠਾਇਆ ਗਿਆ ਸੀ। ਸਿੱਬਲ ਦਾ ਕਹਿਣਾ ਸੀ ਕਿ ਭੱਟ ਨੇ ਕੋਰਟ 'ਚ ਪੇਸ਼ ਹੋਣ ਲਈ ਦੋ ਦਿਨ ਦੀ ਛੁੱਟੀ ਲਈ, ਪਰ ਉਹ ਵਾਪਸ ਜਾਂਦੇ ਹੀ ਸਸਪੈਂਡ ਹੋ ਗਿਆ। ਉਨ੍ਹਾ ਨੇ ਕਿਹਾ, 'ਇਹ ਠੀਕ ਨਹੀਂ ਹੈ। ਮੈਨੂੰ ਭਰੋਸਾ ਹੈ ਕਿ ਏ ਜੀ ਇਸ ਮਾਮਲੇ ਨੂੰ ਦੇਖਣਗੇ।' ਸਾਲੀਸਿਟਰ ਜਨਰਲ ਆਫ਼ ਇੰਡੀਆ ਤੁਸ਼ਾਰ ਮਹਿਤਾ ਨੇ ਵੀ ਮੁਅੱਤਲੀ ਨਾਲ ਜੁੜੇ ਦਸਤਾਵੇਜ਼ ਕੋਰਟ 'ਚ ਪੇਸ਼ ਕਰਨ ਦੀ ਗੱਲ ਕਹੀ। ਮਹਿਤਾ ਨੇ ਕਿਹਾ, 'ਮੈਂ ਅਖ਼ਬਾਰਾਂ 'ਚ ਪੜ੍ਹਨ ਤੋਂ ਬਾਅਦ ਇਸ ਦੀ ਜਾਣਕਾਰੀ ਇਕੱਠੀ ਕੀਤੀ। ਅਖ਼ਬਾਰਾਂ 'ਚ ਜੋ ਕਿਹਾ ਜਾ ਰਿਹਾ ਹੈ, ਉਹ ਸ਼ਾਇਦ ਪੂਰਾ ਸੱਚ ਨਹੀਂ ਹੋ ਸਕਦਾ।' ਉਨ੍ਹਾ ਕਿਹਾ, 'ਕੁਝ ਹੋਰ ਵੀ ਮੁੱਦੇ ਹਨ। ਉਹ ਕਈ ਅਦਾਲਤਾਂ 'ਚ ਪੇਸ਼ ਹੋਇਆ ਹੈ। ਅਸੀਂ ਇਸ ਕੋਰਟ ਸਾਹਮਣੇ ਪੇਸ਼ ਕਰ ਸਕਦੇ ਹਾਂ।' ਇਸ 'ਤੇ ਸਿੱਬਲ ਨੇ ਕਿਹਾ, 'ਤਾਂ ਫਿਰ ਉਸ ਨੂੰ ਪਹਿਲਾਂ ਮੁਅੱਤਲ ਕੀਤਾ ਜਾਣਾ ਸੀ, ਪਰ ਹੁਣ ਕਿਉਂ? ਇਹ ਠੀਕ ਨਹੀਂ। ਇਹ ਲੋਕਤੰਤਰ ਦੇ ਕੰਮ ਕਰਨ ਦਾ ਤਰੀਕਾ ਨਹੀਂ ਹੋਣਾ ਚਾਹੀਦਾ।' ਸਿੱਬਲ ਨੇ ਕਿਹਾ, '24 ਅਗਸਤ ਨੂੰ ਉਹ ਪੇਸ਼ ਹੋਇਆ ਅਤੇ ਅਗਲੇ ਹੀ ਦਿਨ ਮੁਅੱਤਲ ਕਰ ਦਿੱਤਾ ਗਿਆ।'

ਸੀ ਜੇ ਆਈ ਨੇ ਕਿਹਾ, 'ਕੋਈ ਵਿਅਕਤੀ, ਜੋ ਇਸ ਕੋਰਟ ਸਾਹਮਣੇ ਪੇਸ਼ ਹੋਇਆ ਹੈ, ਉਹ ਮੁਅੱਤਲ ਹੋ ਗਿਆ।' ਉਨ੍ਹਾ

● ਬਾਕੀ ਸਫ਼ਾ 10 'ਤੇ

### ਭੱਟ ਦਾ ਤਰਕ

ਭੱਟ ਨੇ ਧਾਰਾ 370 ਹਟਾਏ ਜਾਣ ਦੇ ਤਰੀਕੇ 'ਤੇ ਸਵਾਲ ਚੁੱਕੇ ਸਨ। ਉਨ੍ਹਾ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਹ ਵਿਦਿਆਰਥੀਆਂ ਨੂੰ ਭਾਰਤੀ ਸੰਵਿਧਾਨ ਅਤੇ ਲੋਕਤੰਤਰ ਦੀ ਗੱਲ ਦੱਸਣ 'ਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾ ਕੋਰਟ ਨੂੰ ਦੱਸਿਆ, 'ਜਦ ਅਸੀਂ ਜੰਮੂ ਅਤੇ ਕਸ਼ਮੀਰ ਦੇ ਸਾਡੇ ਵਿਦਿਆਰਥੀਆਂ ਨੂੰ ਇਸ ਸੰਵਿਧਾਨ ਦੇ ਸਿਧਾਂਤ ਹੋਰਨਾਂ ਨੂੰ ਪੜ੍ਹਾਉਣ ਲਈ ਜਾਂਦੇ ਹਾਂ, ਤਾਂ ਇਹ ਮੇਰੇ ਵਰਗੇ ਅਧਿਆਪਕਾਂ ਲਈ ਕਾਫ਼ੀ ਚੁਣੌਤੀ ਹੈ। ਵਿਦਿਆਰਥੀ ਕਈ ਵਾਰ ਮੁਸ਼ਕਲ ਸਵਾਲ ਪੁਛਦੇ ਹਨ, ਜਿਸ ਤਰ੍ਹਾਂ 'ਕਿ ਅਸੀਂ ਅਗਸਤ 2019 ਨੂੰ ਜੋ ਹੋਇਆ, ਉਸ ਤੋਂ ਬਾਅਦ ਵੀ ਲੋਕਤੰਤਰ 'ਚ ਹਾਂ।' ਇਸ ਦਾ ਜਵਾਬ ਦੇਣਾ ਮੇਰੇ ਲਈ ਬਹੁਤ ਮੁਸ਼ਕਲ ਹੋ ਜਾਂਦਾ ਹੈ।

## ਫਰਾਂਸ ਦੇ ਸਕੂਲਾਂ 'ਚ ਅਬਾਯਾ ਪਹਿਨਣ 'ਤੇ ਪਾਬੰਦੀ



**ਪੈਰਿਸ** : ਫਰਾਂਸ ਦੇ ਸਰਕਾਰੀ ਸਕੂਲਾਂ 'ਚ ਲੜਕੀਆਂ ਦੇ ਅਬਾਯਾ ਪਹਿਨਣ 'ਤੇ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਹੈ। ਫਰਾਂਸ ਦੇ ਸਿੱਖਿਆ ਮੰਤਰੀ ਗੈਬਰੀਅਲ ਏਟਾਲ ਨੇ ਇੱਕ ਟੀ ਵੀ ਚੈਨਲ ਨੂੰ ਦਿੱਤੇ ਇੰਟਰਵਿਊ ਦੌਰਾਨ ਕਿਹਾ ਕਿ ਅਸੀਂ ਫੈਸਲਾ ਕੀਤਾ ਹੈ ਕਿ ਸਰਕਾਰੀ ਸਕੂਲਾਂ 'ਚ ਅਬਾਯਾ ਨਹੀਂ ਪਹਿਨਿਆ ਜਾਵੇਗਾ। ਉਨ੍ਹਾ ਕਿਹਾ ਕਿ ਜਦ ਤੁਸੀਂ ਕਲਾਸਰੂਮ 'ਚ ਜਾਂਦੇ ਹੋ ਤਾਂ ਤੁਹਾਡੇ ਧਾਰਮਕ ਪਛਾਣ ਕੱਪਣੇ ਦੇਖ ਕੇ ਤੈਅ ਨਹੀਂ ਹੋਣਾ ਚਾਹੀਦਾ। ਇਹ ਫੈਸਲਾ ਫਰਾਂਸੀਸੀ ਸਕੂਲਾਂ 'ਚ ਅਬਾਯਾ ਪਹਿਨਣ ਦੀ ਬਹਿਸ ਤੋਂ ਬਾਅਦ ਆਇਆ ਹੈ, ਜਿੱਥੇ ਮਹਿਲਾਵਾਂ ਦੇ ਹਿਜਾਬ ਪਹਿਨਣ 'ਤੇ ਲੰਮੇ ਸਮੇਂ ਤੋਂ ਪਾਬੰਦੀ ਲੱਗੀ ਹੋਈ ਹੈ। ਫਰਾਂਸ ਨੇ 2004 'ਚ ਸਕੂਲਾਂ 'ਚ ਹੈੱਡ ਸਕਾਰਫ ਪਹਿਨਣ 'ਤੇ ਅਤੇ 2010 'ਚ ਜਨਤਕ ਰੂਪ 'ਚ ਪੂਰੇ ਚਿਹਰੇ ਦੇ ਨਕਾਬ 'ਤੇ ਪਾਬੰਦੀ ਲਾ ਦਿੱਤੀ ਸੀ। ਇਸ ਨਾਲ ਫਰਾਂਸ 'ਚ ਰਹਿਣ ਵਾਲੇ 50 ਲੱਖ ਮੁਸਲਿਮ ਲੋਕਾਂ 'ਚ ਹੁਣ ਤੱਕ ਨਰਾਜ਼ਗੀ ਹੈ। ਫਰਾਂਸ ਦੇ ਸੱਜੇ ਪੱਖੀ ਲੋਕਾਂ ਨੇ ਅਬਾਯਾ 'ਤੇ ਪਾਬੰਦੀ ਲਾਉਣ ਲਈ ਸਰਕਾਰ 'ਤੇ ਦਬਾਅ ਪਾਇਆ ਸੀ, ਜਦਕਿ ਖੱਬੇ ਪੱਖੀਆਂ ਦਾ ਤਰਕ ਸੀ ਕਿ ਇਸ ਨਾਲ ਲੋਕਾਂ ਦੀ ਆਜ਼ਾਦੀ ਦਾ ਹਨਨ ਹੋਵੇਗਾ। ਕਈ ਮੁਸਲਿਮ ਸੰਗਠਨਾਂ ਵਾਲੀ ਇੱਕ ਰਾਸ਼ਟਰੀ ਸੰਸਥਾ ਫਰੈਂਚ ਕਾਊਂਸਲ ਆਫ਼ ਮੁਸਲਿਮ ਫੇਥ ਨੇ ਕਿਹਾ ਕਿ ਇਕੱਲੇ ਕੱਪੜਿਆਂ ਨਾਲ ਕਿਸੇ ਦੀ ਧਾਰਮਿਕ ਪਛਾਣ ਨਹੀਂ ਹੁੰਦੀ। ਧਰਮ ਨਿਰਪੇਖਤਾ ਦੀ ਰੱਖਿਆ ਕਰਨਾ ਫਰਾਂਸ 'ਚ ਇੱਕ ਨਾਅਰਾ ਹੈ ਤੇ ਪੂਰੇ ਦੇਸ਼ ਦੀ ਰਾਜਨੀਤੀ ਇਸ ਦੇ ਦੁਆਲੇ ਘੁੰਮਦੀ ਹੈ।

## ਹਰਿਆਣਾ ਵਿਧਾਨ ਸਭਾ 'ਚ ਮੰਤਰੀ ਸੰਦੀਪ ਸਿੰਘ 'ਤੇ ਹੰਗਾਮਾ

*ਨਹੀਂ ਲਵਾਂਗੇ ਅਸਤੀਫ਼ਾ : ਖੱਟਰ, ਇਹ ਅਲੋਕਤੰਤਰ : ਹੁੱਡਾ*

**ਚੰਡੀਗੜ੍ਹ** : ਹਰਿਆਣਾ 'ਚ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਦੂਜੇ ਦਿਨ ਦੀ ਕਾਰਵਾਈ ਪ੍ਰਸ਼ਨਕਾਲ ਦੇ ਨਾਲ ਸ਼ੁਰੂ ਹੋਈ। ਮੁੱਖ ਮੰਤਰੀ ਮਨੋਹਰ ਲਾਲ ਨੇ ਐਥਲੈਟਿਕਸ ਚੈਂਪੀਅਨਸ਼ਿਪ 'ਚ ਸੋਨੇ ਦਾ ਤਮਗਾ ਜਿੱਤਣ ਵਾਲੇ ਨੀਰਜ ਚੋਪੜਾ ਨੂੰ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਨੀਰਜ ਨੇ ਹਰਿਆਣਾ ਦੇ ਨਾਲ ਪੂਰੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਤੋਂ ਬਾਅਦ ਜੂਨੀਅਰ ਮਹਿਲਾ ਕੋਚ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ਾਂ 'ਚ ਘਿਰੇ ਸੰਦੀਪ ਸਿੰਘ ਦੇ ਅਸਤੀਫ਼ੇ ਨੂੰ ਲੈ ਕੇ ਸਦਨ 'ਚ ਵਿਰੋਧੀ ਧਿਰ ਨੇ ਹੰਗਾਮਾ ਕੀਤਾ। ਕੁਝ ਵਿਧਾਇਕ ਸਪੀਕਰ ਕੋਲ ਪਹੁੰਚ ਗਏ। ਸਾਬਕਾ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਮੁੱਖ ਮੰਤਰੀ ਕਹਿ ਰਹੇ ਹਨ ਕਿ ਮਾਮਲਾ ਕੋਰਟ 'ਚ ਵਿਚਾਰ-ਅਧੀਨ ਹੈ ਤਾਂ ਫਿਰ ਸੰਦੀਪ ਨੂੰ ਖੁਦ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਜਾਂ ਮੁੱਖ ਮੰਤਰੀ ਖੁਦ ਸੰਦੀਪ ਤੋਂ ਅਸਤੀਫ਼ਾ ਮੰਗਣ। ਇਸ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਕਿਸੇ ਐਕਸ਼ਨ ਲਈ ਦਬਾਅ ਨਹੀਂ ਪਾ ਸਕਦੀ। ਅਸੀਂ ਬੋਲਣਾ ਸ਼ੁਰੂ ਕੀਤਾ ਤਾਂ ਧੱਜੀਆਂ ਉਡ ਜਾਣਗੀਆਂ। ਮੁੱਖ ਮੰਤਰੀ ਦੇ ਇਨ੍ਹਾਂ ਸ਼ਬਦਾਂ ਨੂੰ ਸਦਨ 'ਚ ਹੁੱਡਾ ਨੇ ਗਲਤ ਦੱਸਿਆ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਦੀ ਲੋਕਤੰਤਰਿਕ ਭਾਸ਼ਾ ਨਹੀਂ। ਇਸ 'ਤੇ ਸਪੀਕਰ ਗਿਆਨ ਚੰਦ ਗੁਪਤਾ ਨੇ ਕਿਹਾ ਕਿ ਇਹ ਸ਼ਬਦ (ਧੱਜੀਆਂ) ਸਾਡੀ ਸੂਚੀ, ਜੋ ਅਲੋਕਤੰਤਰਿਕ ਸ਼ਬਦਾਂ ਦੀ ਬਣੀ ਹੈ, ਉਸ 'ਚ ਹੋਵੇਗਾ ਤਾਂ ਇਹ ਸ਼ਬਦ ਡਲੀਟ ਕਰ ਦਿੱਤਾ ਜਾਵੇਗਾ।

# ਬਾਰਿਸ਼ ਨੇ ਕੀਤਾ ਸ਼ਹਿਰ ਜਲ ਮਗਨ



**ਚੰਡੀਗੜ੍ਹ** : ਦੇਸ਼ ਭਰ 'ਚ ਮਾਨਸੂਨ ਭਾਵੇਂ ਸੁਸਤ ਹੋ ਗਿਆ ਹੋਵੇ, ਪਰ ਕਈ ਸੂਬਿਆਂ 'ਚ ਇਸ ਦੀਆਂ ਸਰਗਰਮੀਆਂ ਜਾਰੀ ਹਨ। ਜਲੰਧਰ 'ਚ ਸੋਮਵਾਰ ਸਵੇਰੇ ਤੇਜ਼ ਹਵਾਵਾਂ ਦੇ ਨਾਲ ਕਾਲੀ ਘਟਾ ਛਾਉਣ ਤੋਂ ਬਾਅਦ ਤੇਜ਼ ਮੀਂਹ ਪੈਣ ਨਾਲ ਸ਼ਹਿਰ ਜਲ ਮਗਨ ਹੋ ਗਿਆ। ਉਥੇ ਹੀ ਤੇਜ਼ ਹਨੇਰੀ ਕਾਰਨ ਜਲੰਧਰ-ਲੁਧਿਆਣਾ ਰੇਲਵੇ ਲਾਈਨ 'ਤੇ ਗੁਰਾਇਆ ਕੋਲ ਇੱਕ ਦਰੱਖਤ ਰੇਲਵੇ ਟਰੈਕ 'ਤੇ ਡਿੱਗ ਗਿਆ, ਜਿਸ ਕਾਰਨ ਟਰੈਕ ਕਈ ਘੰਟੇ ਜਾਮ ਰਿਹਾ। ਜਿੱਥੇ ਬਾਰਿਸ਼ ਹੋਣ ਨਾਲ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ, ਉਥੇ ਸਵੇਰੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਭਾਰਤੀ ਮੌਸਮ ਵਿਭਾਗ ਨੇ ਸੋਮਵਾਰ ਹਿਮਾਲਿਆ ਦੀਆਂ ਤਹਿਆਂ, ਪੂਰਬੀ ਤੇ ਉੱਤਰ-ਪੂਰਬੀ ਭਾਰਤ ਦੇ ਕੁਝ ਹਿੱਸਿਆਂ, ਪੱਛਮੀ ਤੱਟਾਂ ਅਤੇ ਟਾਪੂਆਂ 'ਚ ਅਗਲੇ 6 ਦਿਨਾਂ ਤੱਕ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ। ਆਈ ਐੱਮ ਡੀ ਨੇ ਆਪਣੇ ਪੂਰਵ ਅਨੁਮਾਨ 'ਚ ਕਿਹਾ ਕਿ ਆਉਣ ਵਾਲੇ 6 ਦਿਨਾਂ ਦੌਰਾਨ ਦੇਸ਼ ਦੇ ਬਾਕੀ ਹਿੱਸਿਆਂ 'ਚ ਹਲਕੀ ਬਾਰਿਸ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ 2 ਸਤੰਬਰ ਤੱਕ ਬੱਦਲ ਛਾਏ ਰਹਿਣ ਦੀ ਭਵਿੱਖਬਾਣੀ ਕੀਤੀ ਗਈ ਹੈ। ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ 'ਚ 29 ਅਗਸਤ ਨੂੰ ਕੁਝ ਥਾਵਾਂ 'ਤੇ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਦੇ ਅਨੁਸਾਰ ਇੱਕ ਚੱਕਰਵਾਤੀ ਸਰਕੂਲੇਸ਼ਨ ਪੱਛਮੀ ਅਸਾਮ 'ਚ ਹੇਠਲੇ ਟ੍ਰੋਪੋਸਫੈਰਿਕ ਪੱਧਰ 'ਤੇ ਸਥਿਤ ਹੈ। ਇਸ ਕਾਰਨ ਭਵਿੱਖਬਾਣੀ ਅਤੇ ਚਿਤਾਵਨੀ ਜਾਰੀ ਕੀਤੀ ਹੈ, ਜਿਸ ਕਾਰਨ ਅਗਲੇ 5 ਦਿਨਾਂ ਦੌਰਾਨ ਉੱਤਰ-ਪੂਰਬੀ ਰਾਜਾਂ 'ਚ ਹਲਕੀ ਤੋਂ ਦਰਮਿਆਨੀ ਤੇ ਵਿਆਪਕ ਬਾਰਿਸ਼, ਤੂਫਾਨ ਅਤੇ ਬਿਜਲੀ ਦੇ ਨਾਲ-ਨਾਲ ਕੁਝ ਥਾਵਾਂ 'ਤੇ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ।

## ਚੁਣੀ ਸਰਕਾਰ ਨਾਲ ਰਾਜਪਾਲ ਪੰਗਾ ਨਾ ਲੈਣ : ਮਮਤਾ

**ਕੋਲਕਾਤਾ** : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਰਾਜਪਾਲ ਸੀ ਵੀ ਅਨੰਦ ਬੋਸ ਵਿਚਾਲੇ ਜੰਗ ਤੇਜ਼ ਹੋ ਗਈ ਹੈ। ਸੋਮਵਾਰ ਮਮਤਾ ਬੈਨਰਜੀ ਨੇ ਗਵਰਨਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਚੁਣੀ ਹੋਈ ਸਰਕਾਰ ਨਾਲ ਪੰਗਾ ਨਾ ਲਓ। ਉਨ੍ਹਾ ਕਿਹਾ ਕਿ ਰਾਜਪਾਲ ਸੰਵਿਧਾਨਕ ਨਿਯਮਾਂ ਦਾ ਉਲੰਘਣ ਕਰ ਰਹੇ ਹਨ। ਮੈਂ ਇਸ ਅਹੁਦੇ ਦਾ ਸਨਮਾਨ ਕਰਦੀ ਹਾਂ, ਪਰ ਉਨ੍ਹਾ ਦੀਆਂ ਅਸੰਵਿਧਾਨਕ ਗਤੀਵਿਧੀਆਂ ਦਾ ਸਮਰਥਨ ਨਹੀਂ ਕਰਦੀ।

ਇਸ ਦੌਰਾਨ ਉਨ੍ਹਾ ਕਿਹਾ ਕਿ ਲੋਕ ਸਭਾ ਚੋਣਾਂ 'ਚ ਅਸੀਂ ਭਾਜਪਾ ਨੂੰ ਹਰਾਵਾਂਗੇ। ਗਵਰਨਰ ਨੇ ਐਤਵਾਰ ਸਿਲੀਗੁੜੀ 'ਚ ਇੱਕ ਨਾਬਾਲਗ ਨਾਲ ਬਲਾਤਕਾਰ ਅਤੇ ਕਤਲ ਦੀ ਘਟਨਾ 'ਤੇ ਸੂਬਾ ਸਰਕਾਰ ਦੀ ਨਿੰਦਾ ਕੀਤੀ ਸੀ।

## ਕਸ਼ਮੀਰ ਤੋਂ ਵੱਖ ਹੋਣ ਦੇ ਚਾਰ ਸਾਲ ਬਾਅਦ ਪਹਿਲੀ ਵਾਰ ਵੋਟ ਪਾਉਣਗੇ ਕਾਰਗਿਲ ਦੇ ਲੋਕ



**ਜੰਮੂ** : ਜੰਮੂ-ਕਸ਼ਮੀਰ 'ਚ ਧਾਰਾ 370 ਹਟਣ ਅਤੇ ਸੂਬੇ ਦੇ ਪੁਨਰਗਠਨ ਤੋਂ ਬਾਅਦ ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ ਦੇ ਕਾਰਗਿਲ 'ਚ ਪਹਿਲੀ ਵਾਰ ਚੋਣਾਂ ਹੋ ਰਹੀਆਂ ਹਨ। ਲੱਦਾਖ ਆਟੋਨੋਮਸ ਹਿੱਲ ਡਿਵੈੱਲਪਮੈਂਟ ਕਾਊਂਸਲ ਦੀਆਂ ਚੋਣਾਂ 'ਚ ਕਾਰਗਿਲ ਹਿੱਲ ਕਾਊਂਸਲ ਦੀਆਂ 26 ਸੀਟਾਂ ਲਈ 10 ਸਤੰਬਰ ਨੂੰ ਵੋਟਿੰਗ ਹੋਣੀ ਹੈ। ਇਸ ਲਈ ਮੰਚ ਸਜ ਚੁੱਕਾ ਹੈ। 26 ਸੀਟਾਂ 'ਤੇ 88 ਉਮੀਦਵਾਰ ਮੈਦਾਨ 'ਚ ਹਨ। ਹਿੱਲ ਕਾਊਂਸਲ ਦੀ ਸੱਤਾ ਲਈ ਭਾਰਤੀ ਜਨਤਾ ਪਾਰਟੀ, ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਵਿਚਾਲੇ ਤਿਕੋਣਾ ਮੁਕਾਬਲਾ ਹੈ। ਨੈਸ਼ਨਲ ਕਾਨਫਰੰਸ ਦੇ ਉਮੀਦਵਾਰ ਬਤੌਰ ਆਜ਼ਾਦ ਚੋਣ ਮੈਦਾਨ 'ਚ ਹੈ। ਉਥੇ ਹੀ ਦਿੱਲੀ ਅਤੇ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਵੀ ਚਾਰ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇ ਹਨ। ਆਮ ਆਦਮੀ ਪਾਰਟੀ ਤੋਂ ਮੁਹੰਮਦ ਹੁਸੈਨ ਪੋਇਨ ਸੀਟ ਤੋਂ ਚੋਣ ਮੈਦਾਨ 'ਚ ਹੈ। 30 ਮੈਂਬਰੀ ਕਾਊਂਸਲ ਦੀਆਂ 26 ਸੀਟਾਂ ਲਈ ਹੋ ਰਹੀਆਂ ਚੋਣਾਂ 'ਚ ਕਾਂਗਰਸ ਨੇ ਸਭ ਤੋਂ ਵੱਧ 21 ਸੀਟਾਂ 'ਤੇ ਉਮੀਦਵਾਰ ਉਤਾਰੇ ਹਨ। ਭਾਜਪਾ ਨੇ 17 ਸੀਟਾਂ 'ਤੇ ਉਮੀਦਵਾਰ ਉਤਾਰੇ ਹਨ।

## ਕੋਟਕਪੂਰਾ ਗੋਲੀ ਕਾਂਡ 'ਚ ਤੀਜੀ ਚਾਰਜਸ਼ੀਟ ਦਾਖ਼ਲ

**ਕੋਟਕਪੂਰਾ** : 2015 ਦੇ ਕੋਟਕਪੂਰਾ ਗੋਲੀਬਾਰੀ ਮਾਮਲੇ 'ਚ ਐੱਲ ਕੇ ਯਾਦਵ ਏ ਡੀ ਜੀ ਪੀ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ 2502 ਪੰਨਿਆਂ ਦਾ ਤੀਜਾ ਸਪਲੀਮੈਂਟਰੀ ਚਲਾਨ ਸੋਮਵਾਰ ਫਰੀਦਕੋਟ ਅਦਾਲਤ ਦੇ ਇਲਾਕਾ ਮੈਜਿਸਟ੍ਰੇਟ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਕੋ-ਆਪਟਿਡ ਮੈਂਬਰ ਡੀ ਐੱਸ ਪੀ ਗੁਰਦੀਪ ਸਿੰਘ ਇੰਸਪੈਕਟਰ ਇਕਬਾਲ ਸਿੰਘ ਨਾਲ ਫਰੀਦਕੋਟ ਅਦਾਲਤ 'ਚ ਪੁੱਜੇ ਤੇ 11 ਜਿਲਦਾਂ 'ਚ 56 ਪੰਨਿਆਂ ਦੀ ਚਾਰਜਸ਼ੀਟ ਤੇ 2446 ਪੰਨਿਆਂ ਦੇ ਸਹਾਇਕ ਦਸਤਾਵੇਜ਼ ਪੇਸ਼ ਕੀਤੇ। ਜ਼ਿਕਰਯੋਗ ਹੈ ਕਿ ਏ ਆਈ ਜੀ ਰਾਕੇਸ਼ ਅਗਰਵਾਲ ਤੇ ਐੱਸ ਐੱਸ ਪੀ ਬਠਿੰਡਾ ਗੁਲਨੀਤ ਖੁਰਾਣਾ ਦੀ ਅਗਵਾਈ ਵਾਲੀ ਏ ਡੀ ਜੀ ਪੀ ਯਾਦਵ ਦੀ ਅਗਵਾਈ ਵਾਲੀ ਐੱਸ ਆਈ ਟੀ ਨੇ 24 ਫਰਵਰੀ 2023 ਨੂੰ ਸੱਤ ਹਜ਼ਾਰ ਪੰਨਿਆਂ ਦਾ ਪਹਿਲਾ ਚਲਾਨ ਪੇਸ਼ ਕੀਤਾ ਸੀ ਤੇ ਉਸ ਤੋਂ ਬਾਅਦ 2400 ਪੰਨਿਆਂ ਦਾ ਦੂਜਾ ਚਲਾਨ ਪੇਸ਼ ਕੀਤਾ।



ਕਾਮਰੇਡ ਦਵਿੰਦਰ ਸਿੰਘ ਸੰਧੂ ਐਡਵੋਕੇਟ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾ ਦੀ ਮ੍ਰਿਤਕ ਦੇਹ 'ਤੇ ਪਾਰਟੀ ਦਾ ਝੰਡਾ ਪਾਉਂਦੇ ਬੰਤ ਬਰਾੜ ਸੂਬਾ ਸਕੱਤਰ ਸੀ ਪੀ ਆਈ ਪੰਜਾਬ ਨਾਲ ਹਨ ਸੂਰਤ ਸਿੰਘ ਧਰਮਕੋਟ, ਬੇਟੀ ਸਪਨਦੀਪ, ਬੇਟਾ ਅਮਨਦੀਪ, ਕਾਮਰੇਡ ਅੰਮ੍ਰਿਤ ਕੌਰ ਸੰਧੂ ਅਤੇ ਕਾਮਰੇਡ ਮਹਿੰਦਰਪਾਲ। ਕਾਮਰੇਡ ਦਵਿੰਦਰ ਸਿੰਘ ਸੰਧੂ ਦਾ ਅੰਤਮ ਸੰਸਕਾਰ 28 ਅਗਸਤ ਨੂੰ ਮੋਗਾ ਵਿਖੇ ਕਰ ਦਿੱਤਾ ਗਿਆ।

## ਅੱਜ-ਨਾਮਾ

ਇੱਕ ਸਰਕਾਰ ਸੀ ਬੜਾ ਐਲਾਨ ਕਰਿਆ,
ਕਿਸ-ਕਿਸ ਚੀਜ਼ ਦੀ ਦੇਊਗੀ ਛੋਟ ਬੇਲੀ।
ਦੂਸਰੀ ਲੱਗੀ ਪਈ ਦੁੱਗਣੀਆਂ ਦੇਣ ਛੋਟਾਂ,
ਕਹਿੰਦੀ ਵਾਅਦੇ ਦਾ ਕੋਈ ਨਾ ਖੋਟ ਬੇਲੀ।
ਤੀਸਰੀ ਏਦੂੰ ਵੀ ਲੰਘੀ ਪਈ ਬੜਾ ਅੱਗੇ,
ਕਹਿੰਦੀ ਫੰਡ ਦੀ ਕੋਈ ਨਹੀਂ ਟੋਟ ਬੇਲੀ।
ਸਾਰੀਆਂ ਕਰਨ ਐਲਾਨ ਤਾਂ ਨਾਲ ਆਖਣ,
ਛੋਟਾਂ ਬਦਲੇ ਬੱਸ ਪਾਇਉ ਜੇ ਵੋਟ ਬੇਲੀ।
ਵੰਡਦੇ ਏਦਾਂ ਹੀ ਮੁਫਤ ਜੇ ਜਾਣ ਲੀਡਰ,
ਵਧਦੀ ਲੋਕਾਂ ਦੀ ਜਾਊ ਫਿਰ ਮੰਗ ਬੇਲੀ।
ਖਜ਼ਾਨੇ ਕਾਰੂ ਦੇ ਇੱਕ ਦਿਨ ਮੁੱਕ ਜਾਣੇ,
ਮੁਸ਼ਕਲ ਹੋਊ ਫਿਰ ਤੋਰਨਾ ਡੰਗ ਬੇਲੀ।

-ਤੀਸ ਮਾਰ ਖਾਂ

## ਲਿਵ ਇਨ 'ਚ ਰਹਿ ਰਹੀ ਪ੍ਰੇਮਿਕਾ ਦੇ ਸਿਰ 'ਚ ਕੂਕਰ ਮਾਰ ਕੇ ਹੱਤਿਆ

**ਬੰਗਲੌਰ** : ਦੇਸ਼ 'ਚ ਲਿਵ ਇਨ ਪਾਰਟਨਰਾਂ ਦੀ ਹੱਤਿਆ ਦਾ ਸਿਲਸਿਲਾ ਰੁਕ ਨਹੀਂ ਰਿਹਾ। ਇੱਕ ਵਾਰ ਫਿਰ ਇੱਕ ਲਿਵ ਇਨ 'ਚ ਰਹਿ ਰਹੀ ਮਹਿਲਾ ਨੂੰ ਉਸ ਦੇ ਪ੍ਰੇਮੀ ਨੇ ਮੌਤ ਦੇ ਘਾਟ ਉਤਾਰ ਦਿੱਤਾ। ਘਟਨਾ ਬੈਂਗਲੁਰੂ ਦੇ ਨਿਊ ਮਾਇਕੋ ਲੇਆਊਟ ਦੀ ਹੈ, ਜਿੱਥੇ ਇੱਕ ਵਿਅਕਤੀ ਨੇ ਸ਼ੱਕ ਦੇ ਚਲਦੇ ਆਪਣੀ ਪ੍ਰੇਮਿਕਾ ਦੀ ਕੁੱਕਰ ਮਾਰ ਕੇ ਹੱਤਿਆ ਕਰ ਦਿੱਤੀ। ਪੁਲਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕੇਰਲ ਦੇ ਕੋਲੱਮ ਦਾ ਰਹਿਣ ਵਾਲਾ ਵੈਸ਼ਨਵ ਅਤੇ ਕੇਰਲ ਦੇ ਹੀ ਤਿਰੂਵਨੰਤਪੁਰਮ ਦੀ ਦੇਵੀ ਐੱਸ (24) ਨਾਲ ਲਿਵ ਇਨ ਰਿਲੇਸ਼ਨਸ਼ਿਪ 'ਚ ਸਨ। ਉਨ੍ਹਾਂ ਮਾਈਕੋ ਲੇਆਊਟ ਨੇੜੇ ਅਪਾਰਟਮੈਂਟ ਕਿਰਾਏ 'ਤੇ ਲਿਆ ਸੀ। ਦੋਵੇਂ ਜਮਾਤੀ ਸਨ ਅਤੇ ਕਾਲਜ ਵਿੱਚ ਇਕੱਠੇ ਪੜ੍ਹਦੇ ਸਨ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਜੋੜਾ ਪ੍ਰਾਈਵੇਟ ਕੰਪਨੀਆਂ ਦੇ ਕਰਮਚਾਰੀ ਸਨ ਅਤੇ ਦੋਵਾਂ ਦੀ ਵਫ਼ਾਦਾਰੀ 'ਤੇ ਸ਼ੱਕ ਹੋਣ ਕਾਰਨ ਅਕਸਰ ਲੜਾਈ-ਝਗੜਾ ਕਰਦੇ ਰਹਿੰਦੇ ਸਨ। ਐਤਵਾਰ ਨੂੰ ਲੜਾਈ ਹੋ ਗਈ ਅਤੇ ਮੁਲਜ਼ਮ ਨੇ ਪ੍ਰੈਸ਼ਰ ਕੁੱਕਰ ਨਾਲ ਔਰਤ ਦੇ ਸਿਰ 'ਤੇ ਵਾਰ ਕਰ ਦਿੱਤਾ। ਬਾਅਦ ਵਿੱਚ ਉਸ ਨੇ ਦਮ ਤੋੜ ਦਿੱਤਾ। ਹਾਲਾਂਕਿ ਵੈਸ਼ਨਵ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਬਾਅਦ 'ਚ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ। ਗ੍ਰਿਫ਼ਤਾਰੀ ਤੋਂ ਬਾਅਦ ਵੈਸ਼ਨਵ ਨੇ ਆਪਣਾ ਜੁਰਮ ਕਬੂਲ ਲਿਆ ਹੈ। ਮੁਲਜ਼ਮ ਨੇ ਦਾਅਵਾ ਕੀਤਾ ਕਿ ਕਈ ਵਾਰ ਬੋਲਣ ਤੋਂ ਬਾਅਦ ਵੀ ਦੇਵੀ ਲਗਾਤਾਰ ਕਿਸੇ ਦੇ ਸੰਪਰਕ 'ਚ ਸੀ।

## ਪੰਜ ਸਾਲਾਂ 'ਚ ਦਿੱਲੀ ਪੁਲਸ ਦੇ 35 ਜਵਾਨਾਂ ਨੇ ਕੀਤੀ ਖ਼ੁਦਕੁਸ਼ੀ

**ਨਵੀਂ ਦਿੱਲੀ** : ਡਿਊਟੀ 'ਤੇ ਤਣਾਅ, ਓਵਰਟਾਈਮ ਤੇ ਛੁੱਟੀ ਨਾ ਮਿਲਣਾ ਦਿੱਲੀ ਪੁਲਸ ਦੇ ਜਵਾਨਾਂ ਦੀ ਜ਼ਿੰਦਗੀ 'ਤੇ ਅਸਰ ਪਾ ਰਹੇ ਹਨ, ਜਿਸ ਕਾਰਨ ਉਨ੍ਹਾਂ ਦੀ ਰੋਜ਼ਾਨਾ ਦੀ ਜ਼ਿੰਦਗੀ 'ਤੇ ਮਾੜਾ ਅਸਰ ਪੈ ਰਿਹਾ ਹੈ, ਜਿਸ ਕਾਰਨ ਉਨ੍ਹਾਂ ਦੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ। ਸ਼ਾਇਦ ਇਹ ਹੀ ਕਾਰਨ ਹੈ ਕਿ ਬਹੁਤ ਸਾਰੇ ਪੁਲਸ ਮੁਲਾਜ਼ਮ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ (ਵੀ ਆਰ ਐੱਸ) ਲੈ ਰਹੇ ਹਨ। ਕੁਝ ਮੁਲਾਜ਼ਮ ਜ਼ਿੰਦਗੀ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਵਰਗਾ ਕਦਮ ਚੁੱਕ ਰਹੇ ਹਨ। ਇੱਕ ਆਰ ਟੀ ਆਈ ਅਨੁਸਾਰ ਪਿਛਲੇ ਸਾਢੇ 5 ਸਾਲਾਂ 'ਚ ਦਿੱਲੀ ਪੁਲਸ ਦੇ 402 ਮੁਲਾਜ਼ਮ ਵੀ ਆਰ ਐੱਸ ਲੈ ਚੁੱਕੇ ਹਨ। ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਲੈਣ ਵਾਲੇ ਮੁਲਾਜ਼ਮਾਂ 'ਚ ਕਾਂਸਟੇਬਲ, ਸਬ-ਇੰਸਪੈਕਟਰ, ਇੰਸਪੈਕਟਰ, ਏ ਸੀ ਪੀ ਅਤੇ ਡੀ ਸੀ ਪੀ ਰੈਂਕ ਦੇ ਅਫ਼ਸਰ ਸ਼ਾਮਲ ਹਨ। ਇਨ੍ਹਾਂ 'ਚੋਂ ਜਿਆਦਾਤਰ ਲੋਕਾਂ ਨੇ ਵੀ ਆਰ ਐੱਸ ਲਏ ਜਾਣ ਪਿੱਛੇ ਸਿਹਤ ਸੰਬੰਧੀ ਅਤੇ ਘਰ 'ਚ ਸਮੱਸਿਆ ਦੱਸੀ ਹੈ। ਇਸ ਤੋਂ ਇਲਾਵਾ ਕਈ ਮੁਲਾਜ਼ਮਾਂ ਨੇ ਵੀ ਆਰ ਐੱਸ ਲਈ ਅਰਜੀ ਦਿੱਤੀ ਹੋਈ ਹੈ, ਜਿਨ੍ਹਾਂ ਦੀ ਫਾਇਲ ਮਨਜ਼ੂਰੀ ਲਈ ਪੈਂਡਿੰਗ ਪਈ ਹੈ। ਹਾਲਾਂਕਿ ਪੁਲਸ ਮੁਲਾਜ਼ਮਾਂ ਦਾ ਤਣਾਅ ਘੱਟ ਕਰਨ ਲਈ ਵਿਭਾਗ ਕਈ ਤਰ੍ਹਾਂ ਦੀਆਂ ਕੋਸ਼ਿਸ਼ ਵੀ ਕਰ ਰਿਹਾ ਹੈ। ਹਰ ਜ਼ਿਲ੍ਹੇ 'ਚ ਯੋਗਾ ਅਤੇ ਮੈਡੀਟੇਸ਼ਨ ਸੈਂਟਰ ਸਥਾਪਤ ਕੀਤੇ ਗਏ ਹਨ। ਇਨ੍ਹਾਂ ਲਈ ਹਰ ਜ਼ਿਲ੍ਹੇ 'ਚ ਇੱਕ ਟ੍ਰੇਨਿੰਗ ਵਿੰਗ ਹੈ। ਸਾਰਾ ਸਾਲ ਇਹ ਪ੍ਰੋਗਰਾਮ ਚਲਦੇ ਰਹਿੰਦੇ ਹਨ ਜਿੱਥੇ ਪੁਲਸ ਮੁਲਾਜ਼ਮ ਆਪਣਾ ਤਣਾਅ ਘੱਟ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਸਾਲ 8 ਅਪ੍ਰੈਲ ਨੂੰ ਮਜਨੂੰ ਕਾ ਟਿੱਲਾ ਇਲਾਕੇ 'ਚ ਪੀ ਸੀ ਆਰ ਵਿੰਗ ਦੇ ਇੰਚਾਰਜ ਇਮਰਾਨ ਮੁਹੰਮਦ (38) ਨੇ ਖੁਦ ਨੂੰ ਗੋਲੀ ਮਾਰ ਕੇ ਖ਼ੁਦਕਸ਼ੀ ਕਰ ਲਈ ਸੀ। ਇਸੇ ਤਰ੍ਹਾਂ 26 ਜਨਵਰੀ ਨੂੰ ਪਹਾੜਗੰਜ ਥਾਣੇ ਦੀ ਬੈਰਕ 'ਚ ਹੈੱਡ ਕਾਂਸਟੇਬਲ ਦਵਿੰਦਰ ਨੇ ਗੋਲੀ ਮਾਰ ਕੇ ਜਾਨ ਦੇ ਦਿੱਤੀ। 16 ਮਈ ਨੂੰ ਦਿੱਲੀ ਪੁਲਸ 'ਚ ਤਾਇਨਾਤ ਹੈੱਡ ਕਾਂਸਟੇਬਲ ਅਮਿਤ ਕੁਮਾਰ ਨੇ ਖ਼ੁਦਕੁਸ਼ੀ ਕਰ ਲਈ। ਦੀਵਾਲੀ, ਹੋਲੀ ਜਾਂ 15 ਅਗਸਤ ਜਾਂ ਫਿਰ 26 ਜਨਵਰੀ ਪੁਲਸ ਦੇ ਜਵਾਨ ਆਪਣੇ ਪਰਵਾਰ ਤੋਂ ਦੂਰ ਰਹਿ ਕੇ ਡਿਊਟੀ ਕਰਦੇ ਹਨ। ਰਿਪੋਰਟ 'ਚ ਦੱਸਿਆ ਗਿਆ ਕਿ 1 ਜਨਵਰੀ 2018 ਤੋਂ 31 ਮਈ 2023 ਤੱਕ ਦਿੱਲੀ ਪੁਲਸ ਦੇ ਕਰੀਬ 35 ਜਵਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਕਿਸੇ ਜਵਾਨ ਨੇ ਡਿਊਟੀ ਸਮੇਂ ਖੁਦ ਨੂੰ ਗੋਲੀ ਮਾਰ ਲਈ ਤਾਂ ਕਿਸੇ ਨੇ ਆਪਣੇ ਘਰ 'ਚ ਫਾਂਸੀ ਲਗਾ ਕੇ। ਉਥੇ ਹੀ ਹਰ ਮਹੀਨੇ ਔਸਤ 6 ਪੁਲਸ ਮੁਲਾਜ਼ਮ ਵੀ ਆਰ ਐੱਸ ਲੈ ਰਹੇ ਹਨ ਤੇ ਹਰ ਸਾਲ 6 ਜਵਾਨ ਖ਼ੁਦਕੁਸ਼ੀ ਕਰ ਰਹੇ ਹਨ।

## ਪਾਕਿ 'ਚ ਭਾਰਤ ਦੀ ਆਵਾਜ਼ ਬਣੇਗੀ ਗੀਤਿਕਾ

**ਇਸਲਾਮਾਬਾਦ** : ਭਾਰਤ ਅਤੇ ਪਾਕਿਸਤਾਨ ਵਿਚਾਲੇ ਕੂਟਨੀਤਕ ਪੱਧਰ 'ਤੇ ਰਿਸ਼ਤਿਆਂ ਨੂੰ ਲੈ ਕੇ ਨਵੀਂ ਉਮੀਦ ਜਾਗੀ ਹੈ। ਉਤਰ ਪ੍ਰਦੇਸ਼ ਦੀ ਰਹਿਣ ਵਾਲੀ ਗੀਤਿਕਾ ਸ੍ਰੀਵਾਸਤਵ ਨੂੰ ਪਾਕਿਸਤਾਨ 'ਚ ਭਾਰਤੀ ਦੂਤਾਵਾਸ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਉਨ੍ਹਾ ਡਾਕਟਰ ਸੁਕੇਸ਼ ਕੁਮਾਰ ਦੀ ਜਗ੍ਹਾ ਲਈ ਹੈ। ਉਹ ਪਹਿਲੀ ਮਹਿਲਾ ਅਧਿਕਾਰੀ ਬਣ ਗਈ ਹੈ, ਜਿਨ੍ਹਾ ਨੂੰ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਇਸ ਭੂਮਿਕਾ ਲਈ ਚੁਣਿਆ ਗਿਆ ਹੈ।



ਗੀਤਿਕਾ ਦੀ ਨਿਯੁਕਤੀ ਉਦੋਂ ਹੋਈ, ਜਦੋਂ ਪਾਕਿਸਤਾਨ ਨੇ ਸਾਦ ਵੜੈਚ ਨੂੰ ਭਾਰਤ 'ਚ ਆਪਣਾ ਨਵਾਂ ਇੰਚਾਰਜ ਨਿਯੁਕਤ ਕੀਤਾ ਹੈ। ਸਾਦ ਪਾਕਿਸਤਾਨ ਹਾਈ ਕਮਿਸ਼ਨ 'ਚ ਏਜਾਜ਼ ਖਾਨ ਦੀ ਜਗ੍ਹਾ ਲੈਣਗੇ।

ਮਾਹਰਾਂ ਮੁਤਾਬਕ ਭਾਰਤ ਅਤੇ ਪਾਕਿਸਤਾਨ ਦੋਵਾਂ ਹੀ ਦੇਸ਼ਾਂ ਦੇ ਇਤਿਹਾਸ 'ਚ ਮਹਿਲਾਵਾਂ ਨੇ ਕੂਟਨੀਤੀ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਮੇਂ ਦੇ ਨਾਲ ਕੂਟਨੀਤਕ ਕੋਸ਼ਿਸ਼ਾਂ ਅਤੇ ਗੱਲਬਾਤ 'ਚ ਮਹਿਲਾਵਾਂ ਨੂੰ ਸ਼ਾਮਲ ਕਰਨ ਦੇ ਮਹੱਤਵ ਦੀ ਮਾਨਤਾ ਵਧ ਰਹੀ ਹੈ, ਨਾਲ ਹੀ ਕਈ ਟੀਮਾਂ ਵਿਚਾਲੇ ਵੱਕਾਰੀ ਭੂਮਿਕਾ ਲਈ ਗੀਤਿਕਾ ਦੀ ਨਿਯੁਕਤੀ ਦੋਵਾਂ ਪੱਖਾਂ ਵਿਚਾਲੇ ਉਲਝੇ ਸੰਬੰਧਾਂ ਨੂੰ ਸੰਬੋਧਤ ਕਰਨ 'ਚ ਚੰਗੀ ਭੂਮਿਕਾ ਹੋ ਸਕਦੀ ਹੈ। ਗੀਤਿਕਾ ਇਸ ਸਮੇਂ ਪਾਕਿਸਤਾਨ ਜਾਵੇਗੀ, ਜਦ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਸਿਖਰ 'ਤੇ ਹੈ।

29-Aug-PAGE-4.qxd 8/28/2023 11:03 PM Page 1

ਨਵਾਂ ਜ਼ਮਾਨਾ

ਮੰਗਲਵਾਰ, 29 ਅਗਸਤ 2023

# 'ਇੰਡੀਆ' ਦੀ ਮੀਟਿੰਗ ਤੇ ਘੋਸੀ ਉਪ ਚੋਣ

'ਇੰਡੀਆ' ਗੱਠਜੋੜ ਦੀ ਤੀਜੀ ਮੀਟਿੰਗ 31 ਅਗਸਤ ਤੋਂ 1 ਸਤੰਬਰ ਤੱਕ ਮੁੰਬਈ ਵਿੱਚ ਹੋਵੇਗੀ। ਕਾਂਗਰਸ ਸਣੇ ਸਭ ਵਿਰੋਧੀ ਪਾਰਟੀਆਂ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਨੂੰ ਸਖ਼ਤ ਟੱਕਰ ਦੇਣਾ ਚਾਹੁੰਦੇ ਹਨ। ਇਸ ਲਈ ਆਪਣੇ ਸਭ ਮਤਭੇਦਾਂ ਨੂੰ ਭੁਲਾ ਕੇ ਕੌਮੀ ਪੱਧਰ ਉੱਤੇ ਮੋਦੀ ਸਰਕਾਰ ਨੂੰ ਉਖਾੜਨ ਲਈ ਵਚਨਬੱਧ ਹਨ।

'ਇੰਡੀਆ' ਗੱਠਜੋੜ ਵਿੱਚ ਸ਼ਾਮਲ ਹੋਣ ਵਾਲੀਆਂ ਪਾਰਟੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਤੀਜੀ ਮੀਟਿੰਗ ਵਿੱਚ ਕੁਝ ਹੋਰ ਪਾਰਟੀਆਂ ਸ਼ਾਮਲ ਹੋ ਸਕਦੀਆਂ ਹਨ। ਵਿਰੋਧੀ ਪਾਰਟੀਆਂ ਦੀ ਏਕਤਾ ਦੇ ਸੂਤਰਧਾਰ ਰਹੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਮੁੰਬਈ ਜਾਣ ਤੋਂ ਪਹਿਲਾਂ ਕਿਹਾ ਹੈ ਕਿ ਕੁਝ ਹੋਰ ਪਾਰਟੀਆਂ ਗੱਠਜੋੜ ਵਿੱਚ ਸ਼ਾਮਲ ਹੋ ਸਕਦੀਆਂ ਹਨ। 'ਇੰਡੀਆ' ਗੱਠਜੋੜ ਦੇ ਕਨਵੀਨਰ ਸੰਬੰਧੀ ਉਨ੍ਹਾ ਸਪੱਸ਼ਟ ਕਿਹਾ ਕਿ ਉਨ੍ਹਾ ਨੂੰ ਵਿਅਕਤੀਗਤ ਤੌਰ ਉੱਤੇ ਕੁਝ ਨਹੀਂ ਚਾਹੀਦਾ, ਉਨ੍ਹਾ ਦਾ ਨਿਸ਼ਾਨਾ ਸਾਰਿਆਂ ਨੂੰ ਇੱਕ ਸੂਤਰ ਵਿੱਚ ਪਰੋ ਕੇ ਮੋਦੀ ਨੂੰ ਸੱਤਾ ਤੋਂ ਬੇਦਖ਼ਲ ਕਰਨਾ ਹੈ।

ਮੁੰਬਈ ਮੀਟਿੰਗ ਵਿੱਚ ਗੱਠਜੋੜ ਦੇ ਕਨਵੀਨਰ ਸੰਬੰਧੀ ਫੈਸਲਾ ਹੋਣ ਦੀ ਸੰਭਾਵਨਾ ਹੈ। ਵੱਖ-ਵੱਖ ਸੂਬਿਆਂ ਦੇ ਵੱਖਰੇ ਕਨਵੀਨਰ ਤੇ ਕਮੇਟੀਆਂ ਉੱਤੇ ਵੀ ਵਿਚਾਰ ਹੋਵੇਗੀ।

ਇਸੇ ਦੌਰਾਨ ਉੱਤਰ ਪ੍ਰਦੇਸ਼ ਦੀ ਘੋਸੀ ਵਿਧਾਨ ਸਭਾ ਸੀਟ ਦੀ ਉਪ ਚੋਣ 'ਇੰਡੀਆ' ਅਤੇ ਐੱਨ ਡੀ ਏ ਗੱਠਜੋੜ ਦਾ ਪਹਿਲਾ ਇਮਤਿਹਾਨ ਹੋਵੇਗੀ। ਓਮ ਪ੍ਰਕਾਸ਼ ਰਾਜਭਰ ਦੇ ਐੱਨ ਡੀ ਏ ਵਿੱਚ ਸ਼ਾਮਲ ਹੋਣ ਤੋਂ ਬਾਅਦ ਭਾਜਪਾ ਆਪਣੇ ਲਈ ਕੋਈ ਚੁਣੌਤੀ ਨਹੀਂ ਸੀ ਮੰਨਦੀ। ਉਸ ਨੇ ਸਪਾ ਛੱਡ ਕੇ ਆਏ ਦਾਰਾ ਸਿੰਘ ਚੌਹਾਨ ਨੂੰ ਖੜਾ ਕੀਤਾ ਹੈ। ਸਪਾ ਨੇ ਸਾਬਕਾ ਵਿਧਾਇਕ ਸੁਧਾਕਰ ਸਿੰਘ ਨੂੰ ਮੈਦਾਨ ਵਿੱਚ ਉਤਾਰਿਆ ਹੈ। ਕਾਂਗਰਸ, ਰਾਸ਼ਟਰੀ ਲੋਕ ਦਲ, ਅਪਨਾ ਦਲ (ਕਮੇਰਾਵਾਦੀ) ਤੇ ਸਭ ਖੱਬੀਆਂ ਪਾਰਟੀਆਂ ਨੇ ਸਮਾਜਵਾਦੀ ਉਮੀਦਵਾਰ ਨੂੰ ਹਮੈਤ ਦੇ ਕੇ ਭਾਜਪਾ ਲਈ ਲੜਾਈ ਔਖੀ ਬਣਾ ਦਿੱਤੀ ਹੈ। ਚੋਣ ਦੀ ਸਾਰੀ ਜ਼ਿੰਮੇਵਾਰੀ ਸ਼ਿਵਪਾਲ ਸਿੰਘ ਯਾਦਵ ਨੇ ਸੰਭਾਲੀ ਹੋਈ ਹੈ। ਯੋਗੀ ਆਦਿੱਤਿਆ ਨਾਥ ਘੋਸੀ ਹਲਕੇ ਵਿੱਚ ਜਾਣ ਤੋਂ ਕੰਨੀ ਕਤਰਾ ਰਹੇ ਹਨ। ਭਾਜਪਾ ਉਮੀਦਵਾਰ ਦੇ ਵਾਰ-ਵਾਰ ਪਾਰਟੀਆਂ ਬਦਲਣ ਕਾਰਨ ਵੋਟਰ ਉਨ੍ਹਾ ਤੋਂ ਨਰਾਜ਼ ਹਨ। ਘੋਸੀ ਵਿਧਾਨ ਸਭ ਉਪ ਚੋਣ ਦੋਹਾਂ ਗੱਠਜੋੜਾਂ ਲਈ ਪਹਿਲਾ ਟੈਸਟ ਬਣ ਚੁੱਕੀ ਹੈ। ਇਸ ਚੋਣ ਵਿੱਚ ਜੇਕਰ 'ਇੰਡੀਆ' ਜਿੱਤ ਗਿਆ ਤਾਂ ਇਸ ਦਾ ਅਸਰ ਸਮੁੱਚੇ ਯੂ ਪੀ ਵਿੱਚ ਪਵੇਗਾ।

'ਇੰਡੀਆ' ਗੱਠਜੋੜ ਦੀ ਮੀਟਿੰਗ ਵਿੱਚ ਸ਼ਰਦ ਪਵਾਰ ਵੱਲੋਂ ਦਿੱਤੇ ਜਾ ਰਹੇ ਆਪਾ-ਵਿਰੋਧੀ ਬਿਆਨਾਂ ਦਾ ਮੁੱਦਾ ਵੀ ਬਹਿਸ ਦਾ ਵਿਸ਼ਾ ਬਣੇਗਾ। ਇਸ ਮੁੱਦੇ ਨੂੰ ਗੱਠਜੋੜ ਕਿਵੇਂ ਸੁਲਝਾਉਂਦਾ ਹੈ, ਇਸ ਦਾ ਅਸਰ ਮਹਾਰਾਸ਼ਟਰ ਦੀ ਸਿਆਸਤ ਉੱਤੇ ਪਵੇਗਾ। ਇਸ ਤੋਂ ਇਲਾਵਾ ਪੰਜਾਬ ਤੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਤੇ ਪੱਛਮੀ ਬੰਗਾਲ ਵਿੱਚ ਕਾਂਗਰਸ ਤੇ ਤ੍ਰਿਣਮੂਲ ਕਾਂਗਰਸ ਵਿਚਲੇ ਮਤਭੇਦਾਂ ਨੂੰ ਹੱਲ ਕਰਨ ਦਾ ਸਵਾਲ ਵੀ ਮੀਟਿੰਗ ਦੇ ਏਜੰਡੇ ਉੱਤੇ ਰਹੇਗਾ। ਇਨ੍ਹਾਂ ਮੁੱਦਿਆਂ ਤੋਂ ਵੀ ਵੱਡਾ ਸਵਾਲ 'ਇੰਡੀਆ' ਗੱਠਜੋੜ ਦੇ ਘੱਟੋ-ਘੱਟ ਪ੍ਰੋਗਰਾਮ ਨੂੰ ਬਣਾਉਣ ਦਾ ਹੋਵੇਗਾ, ਜਿਹੜਾ ਲੋਕ ਸਭਾ ਚੋਣਾਂ ਦਾ ਮੂਲ ਅਧਾਰ ਬਣੇਗਾ।

# ਸੰਘੀਆਂ ਵੱਲੋਂ ਸਮਾਜ ਨੂੰ ਵਹਿਸ਼ੀਪੁਣੇ ਵੱਲ ਧੱਕਣ ਦੀਆਂ ਸਾਜ਼ਿਸ਼ਾਂ

**ਨਰਭਿੰਦਰ**

ਆਰ ਐੱਸ ਐੱਸ ਅਤੇ ਗੋਦੀ ਮੀਡੀਆ ਸਮਾਜ ਵਿੱਚ ਕਿਹੋ ਜਿਹੀ ਮਾਨਸਿਕਤਾ ਪਰੋਸ ਰਹੇ ਹਨ। ਇਸ ਦੀ ਸਪੱਸ਼ਟ ਮਿਸਾਲ ਚੇਤਨ ਸਿੰਘ ਚੌਧਰੀ ਹੈ। ਬੰਬਈ ਤੋਂ ਚੱਲੀ ਰੇਲ ਗੱਡੀ ਵਿੱਚ ਸਰਕਾਰੀ ਹਥਿਆਰ ਨਾਲ ਚੁਣ-ਚੁਣ ਕੇ ਮੁਸਲਮਾਨਾਂ ਨੂੰ ਕਤਲ ਕਰਨ ਵਾਲਾ ਚੇਤਨ ਸਿੰਘ ਚੌਧਰੀ ਨਫ਼ਰਤੀ ਅੱਗ ਵਿੱਚ ਐਨਾ ਅੰਨ੍ਹਾ ਹੋਇਆ ਕਿ ਆਪਣੇ ਹੀ ਅਧਿਕਾਰੀ ਟੀਕਾ ਰਾਮ ਮੀਨਾ ਨੂੰ ਵੀ ਨਿਸ਼ਾਨਾ ਬਣਾਉਣ ਤੋਂ ਨਹੀਂ ਖੁੰਝਿਆ। ਤਿੰਨ ਮੁਸਲਮ ਯਾਤਰੀਆਂ ਨੂੰ ਕਤਲ ਕਰਨ ਵਾਲਾ ਚੇਤਨ ਸਿੰਘ ਕੀ ਮਾਨਸਿਕ ਰੋਗੀ ਹੈ? ਜਿਵੇਂ ਕਿ ਸੰਘੀ ਤੇ ਭਾਜਪਾਈ ਹਿੰਦੂ ਲਾਣਾ ਉਸ ਦੇ ਬਚਾਅ ਵਿੱਚ ਕਹਿੰਦੇ ਹਨ, ਪਰ ਉਹ ਇਹ ਨਹੀਂ ਦੱਸਣਗੇ ਕਿ ਅਜਿਹੀ ਮਾਨਸਿਕਤਾ ਸਿਰਜਨ ਪਿੱਛੇ ਆਰ ਐੱਸ ਐੱਸ ਅਤੇ ਉਸ ਦੇ ਮੀਡੀਆ ਦੀ ਕੀ ਭੂਮਿਕਾ ਹੈ। ਇੱਕ ਚੇਤਨ ਸਿੰਘ ਨਹੀਂ ਹੈ, ਦੇਸ਼ ਦੇ ਹਰ ਹਿੱਸੇ ਵਿੱਚ ਅਜਿਹੇ ਰੋਗੀਆਂ ਦੀ ਵੱਡੀ ਤਾਦਾਦ ਮਿਲੇਗੀ, ਜਿਹੜੇ ਮੁਸਲਮਾਨਾਂ ਨੂੰ ਨਾ ਸਿਰਫ਼ ਨਫ਼ਰਤ ਕਰਦੇ ਹਨ, ਸਗੋਂ ਹਮਲਿਆਂ ਹੇਠ ਵੀ ਲਿਆ ਰਹੇ ਹਨ। ਪਿਛਲੇਰੇ ਕੁਝ ਸਾਲਾਂ ਵਿੱਚ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਮੁਸਲਮ ਭਾਈਚਾਰੇ ਨੂੰ ਹੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਜਿਹੜੇ ਚੇਤਨ ਸਿੰਘ ਨੂੰ ਮਾਨਸਿਕ ਰੋਗੀ ਕਹਿ ਰਹੇ ਹਨ, ਉਨ੍ਹਾਂ ਉਹ ਵੀ ਦ੍ਰਿਸ਼ ਵੇਖਿਆ ਹੋਵੇਗਾ ਕਿ ਕਿਵੇਂ ਲਾਸ਼ ਦੇ ਸਿਰਹਾਣੇ ਖਲੋ ਕੇ ਲੋਕਾਂ ਨੂੰ ਮੋਦੀ, ਯੋਗੀ ਤੇ ਠਾਕਰੇ ਨੂੰ ਵੋਟ ਦੇਣ ਦੀ ਭਾਸ਼ਣਬਾਜ਼ੀ ਵੀ ਕਰ ਰਿਹਾ ਹੈ।

ਜੇ ਉਹ ਸੱਚੀਉਂ ਹੀ ਮਾਨਸਿਕ ਰੋਗੀ ਹੁੰਦਾ ਤਾਂ ਫਿਰ ਬੇਤਰਤੀਬੇ ਢੰਗ ਨਾਲ ਗੋਲੀਆਂ ਚਲਾ ਕੇ ਆਮ ਲੋਕਾਂ ਦਾ ਕਤਲ ਕਰਦਾ, ਪਰ ਉਹ ਤਾਂ ਹਰ ਡੱਬੇ ਵਿੱਚ ਜਾ ਕੇ ਸਿਰਫ਼ ਮੁਸਲਮਾਨ ਯਾਤਰੀਆਂ ਨੂੰ ਹੀ ਨਿਸ਼ਾਨਾ ਬਣਾ ਰਿਹਾ ਹੈ। ਗਿਆਰਾਂ ਡੱਬਿਆਂ ਵਾਲੀ ਟਰੇਨ 'ਚ ਉਹ 40 ਮਿੰਟ ਤੱਕ ਘੁੰਮਦਾ ਰਿਹਾ।

ਅਸੀਂ ਘਟਨਾਵਾਂ ਨੂੰ ਇੱਕ ਲੜੀ 'ਚ ਵੇਖੀਏ। ਪਿਛਲੇ ਸਾਲ ਹੀ 2002 'ਚ ਵਾਪਰੇ ਚਰਚਿਤ ਬਿਲਕਿਸ ਬਾਨੋ ਕੇਸ ਬਾਰੇ ਫ਼ੈਸਲਾ ਆਇਆ ਅਤੇ ਉਹਦੇ ਦੋਸ਼ੀਆਂ ਦੀ ਰਿਹਾਈ ਕਰ ਦਿੱਤੀ ਗਈ। ਯਾਦ ਹੋਵੇਗਾ 2002 ਵਿੱਚ ਗੁਜਰਾਤ ਵਿੱਚ ਬਿਲਕਿਸ ਬਾਨੋ ਦੇ ਪਰਵਾਰ ਨੂੰ ਉਹਦੇ ਗਵਾਂਢੀਆਂ ਨੇ ਹੀ ਬਹੁਤ ਬੁਰੀ ਤਰ੍ਹਾਂ ਕਤਲ ਕਰ ਦਿੱਤਾ ਸੀ। ਉਹਦੀ ਮਾਂ ਤੇ ਭੈਣ ਦਾ ਵੀ ਕਤਲ ਕਰ ਦਿੱਤਾ। ਉਹਦੀ ਤਿੰਨ ਸਾਲਾ ਬੱਚੀ ਨੂੰ ਪੱਥਰਾਂ ਉੱਤੇ ਪਟਕਾ-ਪਟਕਾ ਕੇ ਮਾਰ ਦਿੱਤਾ। ਖੁਦ ਬਿਲਕਿਸ ਬਾਨੋ 5 ਮਹੀਨੇ ਦੀ ਗਰਭਵਤੀ ਸੀ, ਜਿਸ ਨਾਲ ਉਹਦੇ ਗਵਾਂਢੀਆਂ ਅਤੇ ਪਿੰਡ ਵਾਲਿਆਂ ਨੇ ਸਮੂਹਿਕ ਬਲਾਤਕਾਰ ਕੀਤਾ। ਬਲਾਤਕਾਰੀ ਇੱਕ ਦੋ ਨਹੀਂ ਦਰਜਨ ਤੋਂ ਵੱਧ ਸਨ। ਲੰਮਾ ਕੇਸ ਚੱਲਿਆ, ਉਨ੍ਹਾ ਦੋਸ਼ੀਆਂ ਨੂੰ ਸਜ਼ਾ ਹੋਈ, ਪਰ ਪਿਛਲੇ ਸਾਲ 15 ਅਗਸਤ ਨੂੰ ਰਿਹਾਅ ਕਰ ਦਿੱਤਾ ਗਿਆ। 15 ਅਗਸਤ ਜਿਸ ਦਿਨ ਪ੍ਰਧਾਨ ਮੰਤਰੀ ਔਰਤਾਂ ਦੀ ਸੁਰੱਖਿਆ ਲਈ ਲਾਲ ਕਿਲ੍ਹੇ ਦੇ ਮੰਚ ਤੋਂ ਸੋਹਲੇ ਗਾ ਰਿਹਾ ਸੀ। ਗੱਲ ਐਨੀ ਹੀ ਨਹੀਂ ਉਨ੍ਹਾਂ ਬਲਾਤਕਾਰੀਆਂ ਦੀ ਰਿਹਾਈ ਪਿੱਛੋਂ ਭਾਜਪਾਈਆਂ ਤੇ ਸੰਘ ਨੇ ਉਨ੍ਹਾਂ ਦਾ ਭਰਪੂਰ ਸੁਆਗਤ ਕੀਤਾ ਫੁੱਲਾਂ ਦੇ ਹਾਰ ਪਾਏ ਅਤੇ ਉਨ੍ਹਾਂ ਨੂੰ ਸੰਸਕਾਰੀ ਬ੍ਰਾਹਮਣ ਕਿਹਾ। ਦੇਸ਼ ਵਿੱਚ ਅਜਿਹੀਆਂ ਕਈ ਹੋਰ ਮਿਸਾਲਾਂ ਵੀ ਹਨ। ਜਿੱਥੇ ਭਾਜਪਾਈ ਜਾਂ ਸੰਘੀ ਬਲਾਤਕਾਰੀਆਂ ਨੂੰ ਹੀਰੋਆਂ ਵਰਗਾ ਸਨਮਾਨ ਦਿੱਤਾ ਗਿਆ ਹੋਵੇ। ਉਹੀ ਸਮਾਜ ਜਿੱਥੇ ਅਜਿਹੇ ਘਿਨਾਉਣੇ ਅਪਰਾਧਾਂ ਦੇ ਲਈ ਮੌਤ ਦੀ ਸਜ਼ਾ ਦੀ ਮੰਗ ਉੱਠਦੀ ਰਹੀ ਹੋਵੇ। ਉਸੇ ਸਮਾਜ ਵਿੱਚ ਬਲਾਤਕਾਰੀਆਂ ਦਾ ਸਨਮਾਨ ਤੇ ਸੰਸਕਾਰੀ ਬ੍ਰਾਹਮਣਾਂ ਦੇ ਖਿਤਾਬ ਨਾਲ ਨਿਵਾਜਣਾ ਕੀ ਦਰਸਾਉਂਦਾ ਹੈ।

ਯਾਦ ਰੱਖੋ ਕਿ ਹਿੰਦੂ ਫਾਸ਼ੀਵਾਦੀਆਂ ਦੇ ਸਭ ਤੋਂ ਪਹਿਲੇ ਗੁਰੂ ਵਿਨਾਇਕ ਦਮੋਦਰ ਸਾਵਰਕਰ ਨੇ ਮੁਸਲਮਾਨ ਔਰਤਾਂ ਦੇ ਨਾਲ ਬਲਾਤਕਾਰ ਨੂੰ ਜਾਇਜ਼ ਠਹਿਰਾਇਆ ਸੀ। ਇਹ ਉਹੀ ਸਾਵਰਕਰ ਸਨ, ਜਿਹੜੇ ਹਿੰਦੂ ਸੱਭਿਅਤਾ ਤੇ ਸੰਸਕ੍ਰਿਤੀ ਨੂੰ ਦੁਨੀਆ ਦੀ ਸਰਵਸ੍ਰੇਸ਼ਟ ਐਲਾਨਦੇ ਸਨ। ਇਹੋ ਸਰਵਸ੍ਰੇਸ਼ਟ ਜਿਹੜੇ ਅੱਜ-ਕੱਲ੍ਹ ਵਿਸ਼ਵ ਗੁਰੂ ਬਣਨ ਦਾ ਦਾਅਵਾ ਕਰਦੇ ਹਨ ਤੇ ਸਭ ਤੋਂ ਪੁਰਾਣੀ ਤੇ ਉੱਚੀ ਸੰਸਕ੍ਰਿਤੀ ਦੇ ਦਾਅਵੇਦਾ ਹਨ। 'ਹਿੰਦੂ ਰਾਸ਼ਟਰ' ਦੀ ਪ੍ਰਾਪਤੀ ਲਈ ਮੁਸਲਮਾਨ ਜਾਂ ਕੁੱਕੀ ਔਰਤਾਂ ਨਾਲ ਬਲਾਤਕਾਰ ਅਤੇ ਉਨ੍ਹਾ ਦੀ ਹੱਤਿਆ ਨੂੰ ਆਪਣੇ ਟੀਚੇ ਦੀ ਪ੍ਰਾਪਤੀ ਸਮਝਦੇ ਹਨ। ਬਿਲਕਿਸ ਬਾਨੋ ਦੇ ਗੁਨਾਹਗਾਰਾਂ ਨੇ ਉਹੀ ਕੀਤਾ, ਜਿਹਨੂੰ ਫਾਸ਼ਿਸ਼ਟ ਜਾਇਜ਼ ਸਮਝਦੇ ਹਨ। ਹੁਣ ਕੁੱਕੀ ਔਰਤਾਂ ਨਾਲ ਜੋ ਕੁਝ ਮਨੀਪੁਰ 'ਚ ਕੀਤਾ, ਉਸ ਤੇ ਸ਼ਰਮਸਾਰ ਹੋਣ ਦੀ ਥਾਂ ਪ੍ਰਾਪਤੀ ਸਮਝਦੇ ਹਨ। ਬਲਾਤਕਾਰੀਆਂ ਦੇ ਅਜਿਹੇ ਸਨਮਾਨ ਕਠੂਆ ਤੇ ਉੱਤਰ ਪ੍ਰਦੇਸ਼ ਵਿੱਚ ਵੀ ਦੇਖੇ ਜਾ ਸਕਦੇ ਹਨ।

ਸਾਡੇ ਸਮੇਂ ਦੀ ਇਹ ਕਠੋਰ ਸੱਚਾਈ ਹੈ। ਇਹ ਮਾਨਸਿਕਤਾ ਆਮ ਮਨੁੱਖ 'ਚ ਜਮਾਂਦਰੂ ਨਹੀਂ ਹੁੰਦੀ, ਸਗੋਂ ਪਿਉਂਦੀ ਜਾਂਦੀ ਹੈ ਤੇ ਪਾਲਿਆ-ਪੋਸਿਆ ਜਾਂਦਾ ਹੈ। ਇਹ ਸਮਝਣਾ ਬੜਾ ਔਖਾ ਹੈ ਕਿ ਕਿਵੇਂ ਇੱਕ ਮਨੁੱਖ ਉਹ ਗਵਾਂਢੀ ਹੈ ਜਾਂ ਆਪਣੇ ਪੁੱਤਰ ਦਾ ਦੋਸਤ, ਕਦੋਂ ਵਹਿਸ਼ੀ ਬਣ ਜਾਂਦਾ ਹੈ। ਇਹਨੂੰ ਸਮਝਣ ਲਈ ਇਤਿਹਾਸ ਉਤੇ ਝਾਤ ਮਾਰਨੀ ਜ਼ਰੂਰੀ ਹੈ। ਕਿਸੇ ਸਮੇਂ ਜਰਮਨ ਇੱਕ ਸੱਭਿਅਕ ਕੌਮ ਸੀ, ਜਿਹਦੀ ਸਰਵੁੱਚ ਸੰਸਕ੍ਰਿਤੀ ਵੀ ਸੀ। ਜਿਉਂ ਹੀ ਹਿਟਲਰ ਦੀ ਨਾਜ਼ੀ ਪਾਰਟੀ ਦਾ ਬੋਲਬਾਲਾ ਹੋਇਆ, ਇੱਕ ਵਹਿਸ਼ੀ ਤੇ ਵਿਨਾਸ਼ਕਾਰੀ ਸਥਿਤੀ ਵਿੱਚ ਪਹੁੰਚ ਗਿਆ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਯੂਰਪ ਵਿੱਚ 60 ਲੱਖ ਯਹੂਦੀਆਂ ਦਾ ਕਤਲੇਆਮ ਹੋਇਆ। ਜਰਮਨ ਵਿੱਚ ਤਾਂ ਸਿਰਫ਼ 5 ਲੱਖ ਯਹੂਦੀ ਹੀ ਸਨ, ਜਿਨ੍ਹਾਂ ਨਾਲ ਨਾਜ਼ੀਆਂ ਜਾਂ ਹਿਟਲਰ ਨੂੰ ਨਫ਼ਰਤ ਸੀ। ਫਿਰ ਬਾਕੀ ਯੂਰਪ ਵਿੱਚ ਉਨ੍ਹਾਂ ਯਹੂਦੀਆਂ ਨੂੰ ਨਿਸ਼ਾਨਾ ਕਿਉਂ ਬਣਾਇਆ। ਉਨ੍ਹਾਂ ਨੂੰ ਕਤਲ ਕਰਨ ਦੇ ਕਈ ਗੈਰ ਮਨੁੱਖੀ ਤੇ ਜਾਂਗਲੀ ਰਾਹ ਚੁਣੇ। ਤਸੀਹਾਂ ਕੇਂਦਰਾਂ ਦੀ ਭਿਆਨਕਤਾ ਦਿਲ ਚੀਰਵੀਂ ਹੈ। ਇਥੇ ਹੀ ਨਹੀਂ, ਨਸਲ ਦੇ ਸੁਧਾਰ ਲਈ ਉਨ੍ਹਾਂ ਗੈਰ ਯਹੂਦੀ ਲੋਕਾਂ ਵਿੱਚ ਅਪਾਹਜਾਂ, ਸਮਲਿੰਗੀਆਂ, ਮਾਨਸਿਕ ਰੋਗੀਆਂ ਨੂੰ ਵੀ ਮਾਰ ਸੁੱਟਿਆ ਤੇ ਬੱਚਿਆਂ ਤੱਕ ਨੂੰ ਨਾ ਬਖਸ਼ਿਆ। ਇਹਦਾ ਕਾਰਨ ਬੜਾ ਸਾਫ਼ ਸੀ ਕਿ ਨਾਜ਼ੀਆਂ ਨੇ ਜਿਵੇਂ ਮੁੱਢ ਤੋਂ ਹੀ ਯਹੂਦੀਆਂ ਦੇ ਪ੍ਰਤੀ ਜਿਸ ਨਫ਼ਰਤ ਦਾ ਪ੍ਰਚਾਰ ਕੀਤਾ, ਉਹ ਨਫ਼ਰਤ ਪਲਰਦੀ-ਪਸਰਦੀ ਮਨੁੱਖ ਨੂੰ ਵਹਿਸ਼ੀ ਤੇ ਰਾਖਸ਼ੀ ਪਸ਼ੂਪਨ ਵੱਲ ਲੈ ਗਈ, ਅਜਿਹੀ ਨਫ਼ਰਤ ਦੀ ਗ੍ਰਿਫ਼ਤ ਵਿੱਚ ਨਾ ਸਿਰਫ਼ ਨਾਜ਼ੀ ਪਾਰਟੀ ਦੇ ਮੈਂਬਰ, ਸਗੋਂ ਆਮ ਲੋਕ ਵੀ ਆ ਗਏ। ਸੱਤਾ ਹਾਸਲ ਕਰਨ ਪਿੱਛੋਂ ਪਹਿਲਾਂ ਯਹੂਦੀਆਂ ਨੂੰ ਸਰਕਾਰੀ ਨੌਕਰੀਆਂ, ਸਕੂਲਾਂ, ਕਾਲਜਾਂ ਤੇ ਹੋਰ ਉੱਚ ਅਦਾਰਿਆਂ 'ਚੋਂ ਬਾਹਰ ਕੱਢਿਆ। ਫਿਰ ਉਨ੍ਹਾਂ ਦਾ ਸਮਾਜਿਕ, ਆਰਥਿਕ ਤੌਰ 'ਤੇ ਬਾਈਕਾਟ ਕੀਤਾ ਅਤੇ ਤਬਾਹ ਕੀਤਾ। 1938 ਵਿੱਚ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਖੋਹਣ ਤੇ ਕਾਰੋਬਾਰ ਤਬਾਹ ਕਰਨ ਦੀਆਂ ਕਾਰਵਾਈਆਂ ਨੂੰ ਅੱਗੇ ਵਧਾਇਆ। ਫਿਰ ਉਨ੍ਹਾਂ ਨੂੰ ਦੇਸ਼ ਛੱਡਣ ਲਈ ਕਿਹਾ ਤੇ ਅਖੀਰ 'ਚ ਤਸੀਹਾ ਕੇਂਦਰਾਂ ਵਿੱਚ ਕੈਦ ਕਰਕੇ ਉਨ੍ਹਾਂ ਦੇ ਸਮੂਹਿਕ ਕਤਲੇਆਮ ਦੀ ਕਾਰਵਾਈ ਸ਼ੁਰੂ ਹੋਈ। ਉਸ ਸਮੇਂ ਤੱਕ ਹਿਟਲਰ ਨੇ ਸਾਰੇ ਮੱਧ ਅਤੇ ਪੱਛਮੀ ਯੂਰਪ ਵਿੱਚ ਕਬਜ਼ਾ ਕਰ ਲਿਆ ਸੀ ਤੇ ਫਿਰ ਨਾਜ਼ੀਆਂ ਨੇ ਯਹੂਦੀਆਂ ਦੇ ਨਰਸੰਹਾਰ ਦਾ ਘੇਰਾ ਯੂਰਪ ਤੱਕ ਪਸਾਰ ਲਿਆ।

ਇਸ ਪੂਰੇ ਅਮਲ ਵਿੱਚ ਜਰਮਨੀ ਦੀ ਆਮ ਲੋਕਾਈ ਦਾ ਵੱਡਾ ਹਿੱਸਾ ਯਹੂਦੀਆਂ ਦੇ ਪ੍ਰਤੀ ਨਾਜ਼ੀਆਂ ਦੇ ਇਸ ਵਿਉਹਾਰ ਨੂੰ ਜਾਂ ਤਾਂ ਜਾਇਜ਼ ਮੰਨ ਚੁੱਕਾ ਸੀ, ਜਾਂ ਫਿਰ ਇਹਦੇ ਪ੍ਰਤੀ ਮੂਕ ਦਰਸ਼ਕ ਤੇ ਬੇਵੱਸ ਤੇ ਬੇਲਾਗਤਾ ਹੋ ਗਿਆ ਸੀ। ਭਾਵ ਅੱਖਾਂ ਬੰਦ ਕਰ ਲਈਆਂ ਸਨ ਤੇ ਨਾਜ਼ੀਆਂ ਦੀ ਗੈਰ ਮਨੁੱਖੀ ਦਰਿੰਦਗੀ ਦੀ ਦਹਿਸ਼ਤ ਦਾ ਪਰਛਾਵਾ ਉਨ੍ਹਾਂ ਦੇ ਮਨ ਮਸਤਕ ਉੱਤੇ ਭਾਰੂ ਹੋ ਚੁੱਕਾ ਸੀ।

ਨਾਜ਼ੀਆਂ ਦਾ ਇੱਕ ਕਰੂਰ ਰੂਪ ਇਹ ਵੀ ਕਿ ਉਨ੍ਹਾਂ ਨੇ ਯਹੂਦੀਆਂ ਲਈ ਬਣਾਏ ਤਸੀਹਾ ਕੇਂਦਰਾਂ ਵਿੱਚ ਸਮੂਹਿਕ ਕਤਲੇਆਮ, ਗੈਰ ਮਨੁੱਖੀ ਵਿਗਿਆਨਕ ਤਜਰਬੇ ਭਾਵ ਬਿਜਲੀ ਦੀਆਂ ਭੱਠੀਆਂ 'ਚ ਸਾੜ ਦੇਣ ਦੀਆਂ ਕਾਰਵਾਈਆਂ ਨੂੰ ਜਰਮਨ ਦੇ ਆਮ ਲੋਕਾਂ ਕੋਲੋਂ ਲੁਕੋਇਆ। ਸਿਰਫ਼ ਦੂਸਰੇ ਵਿਸ਼ਵ ਯੁੱਧ ਵਿੱਚ ਨਾਜ਼ੀਆਂ ਦੀ ਹਾਰ ਤੋਂ ਪਿੱਛੋਂ ਹੀ ਇਹ ਭਿਆਨਕਤਾ ਜਰਮਨ ਦੇ ਲੋਕਾਂ ਨੂੰ ਪਤਾ ਲੱਗੀ। ਇਹਦੇ ਪਛਤਾਵਾ ਵਜੋਂ ਅੱਜ ਵੀ ਜਰਮਨੀ ਵਿੱਚ ਨਾਜ਼ੀਆਂ ਦੀ ਵਕਾਲਤ ਜਾਂ ਤਾਰੀਫ਼ ਕਰਨ ਉੱਤੇ ਪਾਬੰਦੀ ਹੈ।

ਇੱਕ ਸਭਿਅਕ ਸੰਸਕ੍ਰਿਤ ਜਰਮਨ ਲੋਕਾਈ ਇੱਥੋਂ ਤੱਕ ਕਿਉਂ ਪਹੁੰਚੀ? ਉਹ ਯਹੂਦੀਆਂ ਪ੍ਰਤੀ ਨਫ਼ਰਤ ਵਿੱਚ ਐਨਾ ਕਿਵੇਂ ਡੁੱਬ ਗਈ ਕਿ ਆਮ ਇਨਸਾਨਅਤ ਨੂੰ ਵੀ ਭੁੱਲ ਗਈ। ਕੀ ਇਹ ਨਾਜ਼ੀਆਂ ਦੀ ਦਰਿੰਦਗੀ ਨੂੰ ਸਵੀਕਾਰ ਕਰਨਾ ਸੀ? ਨਾਜ਼ੀ ਐਸੇ ਵਹਿਸ਼ੀ ਕਿਵੇਂ ਬਣ ਗਏ? ਉਨ੍ਹਾਂ ਅੰਦਰਲੀ ਇਨਸਾਨੀਅਤ ਕਿਵੇਂ ਮਰ ਗਈ ਤੇ ਉਹ ਹੈਵਾਨ ਬਣ ਗਏ? ਇਹਦਾ ਜਵਾਬ ਹੈ ਕਿ ਅਜਿਹਾ ਉਨ੍ਹਾਂ ਨੂੰ ਬਣਾਇਆ ਗਿਆ। ਲੋਕਾਈ ਦੇ ਜਿਉਣ ਦੀਆਂ ਲੋੜਾਂ ਦੀ ਥੁੜ ਨੂੰ ਰੋਟੀ, ਰੁਜ਼ਗਾਰ ਤੇ ਚੰਗੇਰੀ ਜ਼ਿੰਦਗੀ ਦੇ ਸੁਪਨੇ ਨੂੰ ਪੂਰਾ ਕਰਨ ਲਈ ਯਹੂਦੀਆਂ ਨੂੰ ਰਾਹ ਦਾ ਰੋੜਾ ਬਣਾ ਕੇ ਪੇਸ਼ ਕੀਤਾ ਗਿਆ।

ਨਾਜ਼ੀਆਂ ਨੇ ਯਹੂਦੀਆਂ ਪ੍ਰਤੀ ਨਫ਼ਰਤ ਪੈਦਾ ਕਰਨ ਲਈ ਬਹੁਤ ਬੇਹੂਦਾ ਕੂੜ-ਪ੍ਰਚਾਰ ਫੈਲਾਇਆ। ਆਪਣੇ ਪ੍ਰਾਪੇਗੰਡੇ ਰਾਹੀਂ ਅੱਧਾ ਸੱਚ ਤੇ ਝੂਠ ਲਗਾਤਾਰ ਪਰੋਸਿਆ। ਹਰ ਪਾਪ ਨੂੰ ਯਹੂਦੀਆਂ ਦੇ ਮੱਥੇ ਉੱਤੇ ਮੜ੍ਹਿਆ, ਜਿਵੇਂ ਯਹੂਦੀ ਲੁਟੇਰੇ ਹਨ, ਸੂਦਖੋਰ ਹਨ, ਯਹੂਦੀ ਕਮਿਊਨਿਸਟ ਹਨ, ਦੁਕਾਨਦਾਰ ਹਨ, ਸਮਾਜਵਾਦੀ ਹਨ, ਆਦਿ ਆਦਿ। ਯਹੂਦੀਆਂ ਨੇ ਹੀ ਪਵਿੱਤਰ ਜਰਮਨ ਰਾਸ਼ਟਰ ਨੂੰ ਭ੍ਰਿਸ਼ਟ ਤੇ ਨਸ਼ਟ ਕੀਤਾ ਹੈ। ਉਨ੍ਹਾਂ ਨੇ ਆਰੀਆਨ ਨਸਲ ਨੂੰ ਅਪਵਿੱਤਰ ਕੀਤਾ ਹੈ। ਜੇ ਯਹੂਦੀ ਜਰਮਨ ਨਸਲ 'ਚੋਂ ਬਾਹਰ ਕੱਢ ਦਿੱਤੇ ਜਾਣ ਤਾਂ ਆਰੀਆ ਨਸਲ ਤੇ ਜਰਮਨ ਰਾਸ਼ਟਰ ਦਾ ਪੁਨਰ ਉਥਾਨ ਹੋ ਜਾਵੇਗਾ ਤੇ ਉਹ ਸਾਰੀ ਦੁਨੀਆ 'ਤੇ ਰਾਜ ਕਰੇਗਾ ਭਾਵ ਵਿਸ਼ਵ ਗੁਰੂ ਬਣ ਜਾਵੇਗਾ।

ਉਪਰੋਕਤ ਸਾਰਾ ਕੁਝ ਤੁਸੀਂ ਭਾਰਤ ਵਿੱਚ ਅੱਜ ਵੇਖ ਸਕਦੇ ਹੋ। ਬਸ ਨਾਜ਼ੀਆਂ ਦੀ ਥਾਂ ਸੰਘੀ ਸ਼ਬਦ ਹੈ ਤੇ ਯਹੂਦੀ ਦੁਸ਼ਮਨ ਦੀ ਥਾਂ ਮੁਸਲਮਾਨ ਸ਼ਬਦ ਨੇ ਲੈ ਲਈ ਹੈ। ਆਪਣੇ ਟੀਚੇ ਪੂਰੇ ਕਰਨ ਲਈ ਨਾਜ਼ੀਆ ਨੇ ਬਹੁਤ ਸੁਚੇਤ ਢੰਗ ਨਾਲ ਲੋਕਾਂ ਦੀਆਂ ਸਭ ਤੋਂ ਖ਼ਰਾਬ ਪ੍ਰਵਿਰਤੀਆਂ ਨੂੰ ਉਭਾਰਿਆ। ਉਨ੍ਹਾਂ ਨੂੰ ਤਰਕ ਦੀ ਥਾਂ ਬਦਲੇ ਦੀ ਭਾਵਨਾ ਨਾਲ ਭੜਕਾਇਆ। ਇਸ ਵਿੱਚ ਨਫ਼ਰਤ ਤੇ ਹਿੰਸਾ ਲੁਕੀ ਹੋਈ ਸੀ। ਆਖਿਰ ਨਾਜ਼ੀ ਇਸ 'ਚ ਸਫ਼ਲ ਹੋ ਗਏ। ਲੋਕਾਂ ਦਾ ਇੱਕ ਹਿੱਸਾ ਇਸ ਕੂੜ ਪ੍ਰਚਾਰ ਦੀ ਗ੍ਰਿਫ਼ਤ 'ਚ ਐਨਾ ਆ ਗਿਆ ਕਿ ਉਹ ਯਹੂਦੀਆਂ ਦੇ ਕਤਲੇਆਮ ਦੇ ਤਾਂਡਵੀ ਨਾਚ ਨੂੰ ਵੇਖ ਕੇ ਖੁਸ਼ ਹੋ ਰਹੇ ਸਨ। ਤਸੀਹਾ ਕੇਂਦਰਾਂ ਵਿੱਚ ਨਾਜ਼ੀ ਬਹੁਤ ਸਹਿਜ ਢੰਗ ਨਾਲ ਬੁੱਚੜਾਂ ਵਾਲੇ ਢੰਗਾਂ-ਤਰੀਕਿਆਂ ਰਾਹੀਂ ਕਤਲੇਆਮ ਦੀ ਲੀਲ੍ਹਾ ਰਚ ਰਹੇ ਸਨ।

ਇੱਕ ਸੱਭਿਅਕ ਸਮਾਜ ਨੂੰ ਇੱਕ ਜਾਂਗਲੀ ਤੇ ਵਹਿਸ਼ੀ ਸਮਾਜ ਵੱਲ ਧੱਕ ਦੇਣਾ ਨਾਜ਼ੀਵਾਦ/ਫਾਸ਼ੀਵਾਦ ਦਾ ਆਮ ਚਰਿੱਤਰ ਸੀ ਤੇ ਹੈ। ਇਹ ਤਾਂ ਹੀ ਸੰਭਵ ਹੈ ਜਦੋਂ ਲੋਕਾਂ ਦੇ ਇੱਕ ਹਿੱਸੇ ਨੂੰ ਐਥੋਂ ਤੱਕ ਗੈਰ ਮਾਨਵੀ ਤੇ ਪਸ਼ੂ ਬਿਰਤੀ ਵਾਲਾ ਬਣਾ ਦਿੱਤਾ ਜਾਵੇ ਅਤੇ ਉਸ ਵਿੱਚੋਂ ਇੱਕ ਛੋਟੇ ਹਿੱਸੇ ਨੂੰ ਦਰਿੰਦਾ ਬਣਾ ਦਿੱਤਾ ਜਾਵੇ। ਤੁਸੀਂ ਜੋ ਭਾਰਤ ਵਿੱਚ ਥਾਂ ਪੁਰ ਥਾਂ ਤ੍ਰਿਸ਼ੂਲਾਂ, ਤਲਵਾਰਾਂ, ਰਾਡਾਂ ਤੇ ਹੋਰ ਹਥਿਆਰਾਂ ਨਾਲ ਸਮੂਹਕ ਦਰਿੰਦਗੀ (ਮਾਬ ਲਿਚਿੰਗ) ਦੀਆਂ ਘਟਨਾਵਾਂ ਵੇਖ ਰਹੇ ਹੋ, ਇਹ 'ਨਾਜ਼ੀ ਸਿੱਖਿਆ' ਦੀ ਹੀ ਦੇਣ ਹੈ। ਇਤਿਹਾਸ ਦੁਹਰਾਇਆ ਜਾ ਰਿਹਾ ਹੈ। ਸਿਤਮ ਦੀ ਗੱਲ ਕਿ ਮਹਾਨ ਭਾਰਤੀ ਸੱਭਿਅਤਾ ਤੇ ਸੰਸਕ੍ਰਿਤੀ ਦੀ ਗੱਲ ਕਰਨ ਵਾਲੇ ਹਿੰਦੂਤਵੀ ਫਾਸ਼ੀਵਾਦੀ ਆਪਣੀ ਗੱਲਬਾਤ ਤੇ ਵਿਉਹਾਰ ਵਿੱਚ ਜੋ ਪ੍ਰਗਟ ਕਰ ਰਹੇ ਹਨ, ਉਹ ਸਭਿਅਕ ਸੰਸਕ੍ਰਿਤੀ ਵਾਲਾ ਨਹੀਂ, ਜਾਂਗਲੀ ਤੇ ਵਹਿਸ਼ੀਪੁਣੇ ਦਾ ਪ੍ਰਗਟਾਅ ਤਾਂ ਹੈ। ਬੇਹੱਦ ਘਟੀਆ ਪੱਥਰ ਦੀ ਸ਼ਬਦਾਵਲੀ ਵਾਲੀਆਂ ਗਾਲ੍ਹਾਂ-'ਗੋਲੀ ਮਾਰੋ ਸਾਲੋਂ ਕੋ' ਅਤੇ ਰਾਹ ਜਾਂਦੇ ਆਮ ਨਾਗਰਿਕ ਨਾਲ ਲੰਪਟਪੁਣੀ ਵਿਉਹਾਰ ਭਾਵ ਗੁੰਡਾਗਰਦੀ ਇੱਕ ਆਮ ਵਰਤਾਰਾ ਵੇਖਣ ਵਿੱਚ ਆ ਰਿਹਾ ਹੈ।

ਭਾਰਤ ਵਿੱਚ ਸੰਘੀ ਲਾਣੇ ਦੇ ਵਿਉਹਾਰ ਤੇ ਅਮਲ ਨਾਜ਼ੀਆਂ ਦੀ ਤਰਜ਼ ਉੱਤੇ ਹੀ ਚੱਲ ਰਿਹਾ ਹੈ। ਨਾਜ਼ੀਆਂ ਨਾਲੋਂ ਬਿਹਤਰ ਇਸ ਲਈ ਇੱਕ ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਉਹ 100 ਫ਼ੀਸਦੀ ਝੂਠ ਨੂੰ ਸੱਚ ਬਣਾ ਕੇ ਪਰੋਸਦੇ ਹਨ। ਤੁਸੀਂ ਕੋਰੋਨਾ ਕਾਲ ਵਿੱਚ ਵੇਖਿਆ ਹੋਵੇਗਾ ਕਿ ਕਿਵੇਂ ਕੋਰੋਨਾ ਦੀ ਵਾਹਕ 'ਤਬਲੀਗੀ ਜਮਾਤ' ਨੂੰ ਠਹਿਰਾਅ ਦਿੱਤਾ ਅਤੇ ਸਰਕਾਰ ਦੀਆਂ ਸਾਰੀਆਂ ਨਾਕਾਮੀਆ ਉਤੇ ਪਰਦਾ ਪਾ ਕੇ ਮੁਸਲਮਾਨ ਦੁਸ਼ਮਣਾਂ ਵੱਲ ਨਫ਼ਰਤ ਨੂੰ ਧੱਕ ਦਿੱਤਾ। ਕੁਝ ਸਾਲ ਪਹਿਲਾਂ ਜੋ ਕੁਝ ਉਹ ਆਪਣੀਆਂ ਸ਼ਾਖਾਵਾਂ ਵਿੱਚ ਬੋਲਦੇ ਸਨ, ਅੱਜ ਖੁਲ੍ਹੇਆਮ ਥਾਂ ਪੁਰ ਥਾਂ ਬੇਧੜਕ ਹੋ ਕੇ ਬੋਲ ਰਹੇ ਹਨ। ਜਿਹੜੇ ਸੰਘੀ ਲੋਕ ਸਮਾਜ ਵਿੱਚ ਪਰ੍ਹਾਂ ਧੱਕੇ ਹੋਏ ਸਨ, ਉਹ ਅੱਜ ਮੁੱਖ ਧਾਰਾ ਬਣੇ ਹੋਏ ਹਨ। ਕਿੰਨੀ ਸਿਤਮ ਦੀ ਗੱਲ ਹੈ ਕਿ ਗੁਜਰਾਤ 2002 ਦੇ ਕਤਲੇਆਮ ਦੇ ਜਿਨ੍ਹਾਂ ਦੋਸ਼ੀਆਂ ਨੂੰ ਜੇਲ੍ਹ 'ਚ ਹੋਣਾ ਚਾਹੀਦਾ ਸੀ, ਉਹ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੀ ਕੁਰਸੀ ਉੱਤੇ ਬਿਰਾਜਮਾਨ ਹਨ। ਲੰਪਟ ਗੁੰਡਿਆਂ ਦਾ ਸਰਦਾਰ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਹੈ। ਹਿੰਦੂ ਧਰਮ ਦਾ ਨਾ ਸਿਰਫ਼ ਸਰਕਾਰੀ ਪੱਧਰ ਉਤੇ ਪ੍ਰਚਾਰ-ਪ੍ਰਸਾਰ ਹੋ ਰਿਹਾ ਹੈ, ਸਗੋਂ ਸਕੂਲੀ ਵਿੱਦਿਆ ਵਿੱਚ ਵੀ ਦੇਸ਼ ਭਰ ਦੇ ਬੱਚਿਆਂ ਉਤੇ ਠੋਸਿਆ ਜਾ ਰਿਹਾ ਹੈ। ਦੂਸਰੇ ਪਾਸੇ ਮੁਸਲਮਾਨਾਂ ਨੂੰ ਬੁਲਡੋਜ਼ਰਾਂ ਨਾਲ ਦਰੜਿਆ ਜਾ ਰਿਹਾ ਹੈ। ਪੂੰਜੀਵਾਦੀ ਮੀਡੀਆ ਖੁੱਲ੍ਹੇਆਮ ਬੁਲਡੋਜ ਚਲਾਉਣ ਦੀ ਮੰਗ ਕਰਦਾ ਹੈ ਅਤੇ ਇਸ ਉੱਤੇ ਖੁਸ਼ੀ ਪ੍ਰਗਟ ਕਰਦਾ ਹੈ।

ਹਿੰਸਾ ਨੂੰ ਅੰਜਾਮ ਦੇਣ ਵਾਲੇ ਖੁੱਲ੍ਹੇ ਘੁੰਮ ਰਹੇ ਹਨ ਅਤੇ ਬੇਗੁਨਾਹਾਂ ਨੂੰ ਫ਼ਰਜ਼ੀ ਮੁਕੱਦਮਿਆਂ ਰਾਹੀਂ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ, ਸਦੀਆਂ ਤੋਂ ਆਪਣੇ ਪਿਤਾ-ਪੁਰਖੀ ਜ਼ਮੀਨਾਂ ਉੱਤੇ ਰਹਿਣ ਵਾਲਿਆਂ ਦੇ ਘਰਾਂ ਨੂੰ ਬੁਲਡੋਜ਼ਰਾਂ ਦੇ ਨਾਲ ਢਹਿ-ਢੇਰੀ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਜਾਇਜ਼ ਠਹਿਰਾਉਣ ਵਾਲੇ ਅਤੇ ਇਸ 'ਤੇ ਚਿੜਗਿਲੀਆਂ ਪਾਉਣ ਵਾਲੇ ਨਫ਼ਰਤ ਦੇ ਐਥੋਂ ਤੱਕ ਸ਼ਿਕਾਰ ਹਨ ਕਿ ਹੱਤਿਆ ਤੇ ਬਲਾਤਕਾਰ ਉਨ੍ਹਾਂ ਨੂੰ ਕੋਈ ਸਮੱਸਿਆ ਹੀ ਨਹੀਂ ਲੱਗਦੀ। ਸਾਹਮਣੇ ਉਨ੍ਹਾਂ ਦਾ ਦੁਸ਼ਮਣ (ਭਾਵ ਮੁਸਲਮਾਨ) ਹੋਵੇ ਤਾਂ ਪਰ ਜੇ ਉਹ ਆਪਣੀ ਸਵੈ ਸੁਰੱਖਿਆ ਲਈ ਕਦਮ ਚੁੱਕ ਲਵੇ ਤਾਂ ਫਿਰ ਦੇਸ਼ ਭਰ ਵਿੱਚ ਕੂੜ ਪ੍ਰਚਾਰ ਦਾ ਹੜ੍ਹ ਆ ਜਾਂਦਾ ਹੈ। ਇਹ ਸਭ ਕੁਝ ਮਨੀਪੁਰ, ਹਰਿਆਣਾ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਆਦਿ ਰਾਜਾਂ ਵਿੱਚ ਵੇਖ ਸਕਦੇ ਹੋ।

ਸੋ ਇਹ ਸਮਾਜ ਅਜਿਹੀ ਬਰਬਰਤਾ ਅਤੇ ਵਹਿਸ਼ੀਪੁਣੇ ਵੱਲ ਵਧੇ। ਇਸ ਤੋਂ ਪਹਿਲਾਂ ਸਾਨੂੰ ਸੋਚਣਾ ਪਵੇਗਾ। ਜਰਮਨ ਵਾਂਗੂੰ ਜੇ ਅਸੀਂ ਕੁਝ ਦੇਰੀ ਕਰਨ ਤੋਂ ਰੁਕ ਗਏ ਤਾਂ ਸਿੱਟੇ ਭਿਆਨਕ ਹੋਣਗੇ। ਰਾਜਤੰਤਰ ਦੇ ਡੰਡੇ 'ਤੇ ਨਵੀਂ ਸੰਸਦ ਹੀ ਨਹੀਂ, ਨਵੇਂ ਸੰਵਿਧਾਨ ਦੀ ਚਰਚਾ ਉਸ ਬਰਾਬਰ ਤੇ ਵਹਿਸ਼ੀਪੁਣੇ ਵੱਲ ਭਾਰਤੀ ਸਮਾਜ ਨੂੰ ਧੱਕਣ ਦੇ ਹੀ ਇਸ਼ਾਰੇ ਹਨ, ਜਿੰਨਾ ਜ਼ਹਿਰ ਪਰੋਸਿਆ ਜਾ ਰਿਹਾ ਹੈ, ਉਸ ਨੂੰ ਚੂਸਣ ਵਾਲੇ ਬਹੁਤ ਕਮਜ਼ੋਰ ਤੇ ਖਿੰਡੇ ਹੋਏ ਹਨ। ਸਭ ਤੋਂ ਵੱਧ ਪ੍ਰਭਾਵਿਤ ਪਤਿਤ ਪੂੰਜੀਵਾਦੀ ਸਮਾਜ ਵਿੱਚ ਮਜ਼ਦੂਰ ਵਰਗ ਹੈ, ਜਿਸ ਦੇ ਲਈ ਕੰਮ ਨਹੀਂ ਅਤੇ ਉਹ ਰੋਟੀ-ਰੋਜ਼ੀ ਤੋਂ ਮੁਥਾਜ਼ ਹੋਣ ਵੱਲ ਵਧ ਰਿਹਾ ਹੈ। ਸੰਘੀ ਲਾਣਾ ਇਨ੍ਹਾਂ ਦੇ ਦਿਮਾਗਾਂ 'ਚ ਨਫ਼ਰਤ ਦਾ ਜ਼ਹਿਰ ਭਰ ਕੇ ਖੰਜਰ ਫੜਾਉਣ ਦੇ ਆਹਰ ਵਿੱਚ ਹੈ, ਕਿਉਂਕਿ ਪੂੰਜੀਵਾਦ ਨੂੰ ਸਭ ਤੋਂ ਵੱਡਾ ਖ਼ਤਰਾ ਮਜ਼ਦੂਰ ਵਰਗ ਤੋਂ ਹੀ ਲੱਗਦਾ ਹੈ। ਸਾਡੀ ਜ਼ਿੰਮੇਵਾਰੀ ਵਧ ਜਾਂਦੀ ਹੈ। ਜਿਸ ਜਮਾਤ ਨੇ ਇੱਕ ਅਸਭਿਅਕ ਸਮਾਜ ਨੂੰ ਢਹਿ-ਢੇਰੀ ਕਰਕੇ ਇੱਕ ਨਵਾਂ ਸੱਭਿਅਕ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਦੀ ਜ਼ਿੰਮੇਵਾਰੀ ਨਿਭਾਉਣੀ ਸੀ, ਨੂੰ ਦੁਸ਼ਮਣ (ਸੰਘੀ/ ਪੂੰਜੀਪਤੀ) ਵਰਤਣ ਦੀ ਤਾਕ ਵਿੱਚ ਹੈ। ਸਮਾਜ ਦੇ ਚੇਤੰਨ ਹਿੱਸਿਆਂ ਨੂੰ ਆਪਸੀ ਲਕੀਰਾਂ ਤੋਂ ਉੱਪਰ ਉੱਠ ਕਿ ਇਸ ਸਮਾਜ ਨੂੰ ਬਚਾਉਣ ਦੀ ਲੜਾਈ 'ਚ ਸਾਂਝੇ ਤੌਰ 'ਤੇ ਕੁੱਦਣਾ ਪਵੇਗਾ। ਆਪਣੇ ਮੁਨਾਫ਼ੇ ਤੇ ਸਰੋਤਾਂ ਨੂੰ ਹਥਿਆਉਣ ਦੀ ਅੰਨ੍ਹੀ ਦੌੜ ਵਿੱਚ ਪੂੰਜੀਵਾਦੀ ਜਮਾਤ ਐਨੀ ਪਤਿੱਤ ਤੇ ਵਹਿਸ਼ੀਪੁਣੇ ਤੱਕ ਪਹੁੰਚ ਜਾਂਦੀ ਹੈ ਕਿ ਸਮਾਜ ਨੂੰ ਭਰਾ ਮਾਰ ਲੜਾਈ ਤੇ ਦੇਸ਼ ਨੂੰ ਘਰੇਲੂ ਜੰਗਾਂ ਵੱਲ ਧੱਕਣ ਤੋਂ ਗੁਰੇਜ਼ ਨਹੀਂ ਕਰਦੀ। ਇਹਦੀ ਸ਼ਾਨਦਾਰ ਮਿਸਾਲ ਹਰਿਆਣਾ ਦੇ ਨੂਹ, ਭਾਵ ਮੇਵਾਤ ਇਲਾਕੇ ਵਿੱਚ ਸਾਹਮਣੇ ਆਈ ਹੈ, ਜਿਥੇ ਸੰਘੀ ਲਾਣੇ ਤੇ ਭਾਜਪਾ ਸਰਕਾਰ ਨੇ ਮੇਵਾਤੀ ਮੁਸਲਮਾਨਾਂ ਨੂੰ ਉਜਾੜਨ ਦੀ ਠਾਣੀ ਹੋਣੀ ਸੀ ਤੇ ਹੈ। ਜਿਸ ਦੇ ਵਿਰੋਧ ਵਿੱਚ ਇਲਾਕੇ ਦੀਆਂ ਦਰਜਨਾਂ ਜਾਟ ਪੰਚਾਇਤਾਂ ਨਿੱਤਰ ਆਈਆਂ ਹਨ ਤੇ ਆਵਾਜ਼ ਦਿੱਤੀ ਹੈ ਕਿ ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਮੂੰਹ ਨਾ ਲਾਓ। ਇਸ ਆਵਾਜ਼ ਦਾ ਅਸਰ ਇਹ ਹੋਇਆ ਕਿ ਇਨ੍ਹਾਂ ਲੰਪਟ, ਵਹਿਸ਼ੀ ਅੱਗ ਲਾਊ ਟੋਲਿਆਂ ਨੂੰ ਇੱਕ ਵਾਰ ਪਿੱਛੇ ਹਟਣਾ ਪਿਆ ਹੈ। ਦੇਸ਼ ਦੇ ਅਗਾਂਹਵਧੂ ਹਲਕਿਆਂ ਨੂੰ ਇਸ ਤੋਂ ਸਿੱਖਣਾ ਚਾਹੀਦਾ ਹੈ ਅਤੇ ਮਿਲ ਕੇ ਆਪਣੀ ਬਣਦੀ ਇਤਿਹਾਸਕ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

*# ਸੰਪਰਕ : 93544-30211*

# ਬੱਦੋਵਾਲ ਹਾਦਸੇ ਤੋਂ ਬਾਅਦ ਸਰਕਾਰ ਸਕੂਲਾਂ ਦੇ ਸੁਧਾਰ ਨੂੰ ਗੰਭੀਰਤਾ ਨਾਲ ਲਵੇ

**ਮੇਜਰ ਸਿੰਘ ਨਾਭਾ**

ਲੁਧਿਆਣਾ ਨੇੜੇ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਬੱਦੋਵਾਲ ਦੇ ਸਟਾਫ ਰੂਮ ਦੀ ਛੱਤ ਡਿੱਗਣ ਨਾਲ ਚਾਰ ਅਧਿਆਪਕਾਂ ਮਲਬੇ ਥੱਲੇ ਦੱਬ ਗਈਆਂ, ਜਿਨ੍ਹਾਂ 'ਚੋਂ ਇੱਕ ਅਧਿਆਪਕਾ ਦੀ ਮੌਤ ਹੋ ਗਈ ਅਤੇ ਤਿੰਨ ਗੰਭੀਰ ਹਾਲਤ 'ਚ ਇਲਾਜ ਲਈ ਹਸਪਤਾਲ ਦਾਖਲ ਕਰਵਾ ਦਿੱਤੀਆਂ ਗਈਆਂ । ਇਸ ਦੁੱਖਦਾਈ ਘਟਨਾ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ, ਸਿੱਧੇ ਤੌਰ 'ਤੇ ਇਸ ਹਾਦਸੇ ਲਈ ਕੋਈ ਇੱਕ ਦੋਸ਼ੀ ਨਹੀਂ, ਸਗੋਂ ਇਸ ਲਈ ਕਈ ਹੋਰ ਅਣਗਹਿਲੀ ਵਾਲੇ ਪੱਖ ਵਿਚਾਰਨ ਵਾਲੇ ਵੀ ਹਨ । ਇਸ ਮਾਮਲੇ ਦੀ ਡੂੰਘਾਈ ਨਾਲ ਸਮੀਖਿਆ ਕਰਕੇ ਅਗਾਊਂ ਇਹੋ ਜਿਹੇ ਹਾਦਸ਼ੇ ਨਾ ਵਾਪਰਨ ਲਈ ਠੋਸ ਕਦਮ ਸਰਕਾਰ ਨੂੰ ਚੁੱਕਣੇ ਚਾਹੀਦੇ ਹਨ। ਸਕੂਲ ਮੁਖੀ ਸਰੀਰਕ ਤੌਰ 'ਤੇ ਫਿੱਟ, ਫੁਰਤੀਲਾ ਹੋਣਾ ਚਾਹੀਦਾ ਹੈ, ਜੋ ਕਿ ਸਾਰੇ ਸਕੂਲ ਅੰਦਰ ਸਮੇਂ-ਸਮੇਂ ਸਿਰ ਕਲਾਸਾਂ ਦਾ ਨਿਰੀਖਣ ਕਰਦਾ ਰਹੇ। ਉਸ ਨੂੰ ਸਕੂਲ ਦੀ ਬਿਲਡਿੰਗ ਬਾਰੇ ਪੂਰੀ ਜਾਣਕਾਰੀ ਅਤੇ ਪੁਰਾਣੀਆਂ ਛੱਤਾਂ ਕਦੋਂ ਬਣੀਆਂ ਆਦਿ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਕਿਸੇ ਵੀ ਘਾਟ ਨੂੰ ਪੂਰਾ ਕਰਨਾ, ਟੁੱਟ-ਮੁਰੰਮਤ ਆਦਿ ਨੂੰ ਨਾਲੋ-ਨਾਲ ਕਰਾਉਣਾ ਚਾਹੀਦਾ ਹੈ। ਹਰੇਕ ਸਾਲ ਛੁੱਟੀਆਂ ਤੋਂ ਬਾਅਦ ਸਕੂਲ ਖੁੱਲ੍ਹਣ ਨਾਲ ਹੀ ਜਿਨ੍ਹਾਂ ਸਕੂਲਾਂ 'ਚ ਦਰਜਾ ਚਾਰ ਕਰਮਚਾਰੀ ਨਹੀਂ, ਉਥੇ ਅਧਿਆਪਕਾਂ ਨੂੰ ਸਾਫ ਸਫਾਈ ਅਤੇ ਹੋਰ ਕੰਮ ਕਰਵਾਉਣੇ ਹੁੰਦੇ ਹਨ, ਕਿਉਂਕਿ ਘਾਹ ਆਦਿ ਦਾ ਵਧ ਜਾਣਾ, ਆਲੇ-ਦੁਆਲੇ ਦਰੱਖਤਾਂ ਦੇ ਪਤੇ ਆਦਿ, ਮੀਂਹਾਂ, ਹਨੇਰੀਆਂ ਨਾਲ ਸਕੂਲ ਦੇ ਅਹਾਤੇ ਦਾ ਗੰਦਾ ਹੋ ਜਾਣਾ , ਇਹ ਸਾਰੇ ਕੰਮਾਂ ਦੇ ਨਿਪਟਾਰੇ ਕਿਸ ਤਰ੍ਹਾਂ ਹੋਣੇ ਹਨ, ਇਹ ਜ਼ਰੂਰ ਅਧਿਆਪਕਾਂ ਲਈ ਸਿਰਦਰਦੀ ਦਾ ਕਾਰਨ ਬਣ ਸਕਦਾ ਹੈ। ਇਨ੍ਹਾਂ ਦਰਜਾ ਚਾਰ ਦੀਆਂ ਖਾਲੀ ਪੋਸਟਾਂ 'ਤੇ ਕਈ ਦਹਾਕਿਆਂ ਤੋਂ ਕਦੇ ਨਵੀਂ ਨਿਯੁਕਤੀ ਨਹੀਂ ਕੀਤੀ ਗਈ, ਸਿਰਫ ਦਰਜਾ ਚਾਰ ਕਰਮਚਾਰੀਆਂ ਦੀ ਸਰਵਿਸ ਦੌਰਾਨ ਮੌਤ ਹੋਣ 'ਤੇ ਪਰਵਾਰਕ ਮੈਂਬਰਾਂ ਦੀਆਂ ਤਰਸ ਦੇ ਆਧਾਰ 'ਤੇ ਹੀ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ 'ਚੋਂ ਕਈ ਵੱਧ ਯੋਗਤਾ ਕਾਰਨ ਹੋਰ ਆਸਾਮੀ 'ਤੇ ਨਿਯੁਕਤ ਹੋ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਕੇਸਾਂ 'ਚ ਵੀ ਆਸਾਮੀ ਬਰਕਰਾਰ ਰਹਿਣ ਦੀ ਸੰਭਾਵਨਾ ਘੱਟ ਹੁੰਦੀ ਹੈ। ਜੇਕਰ ਦਰਜਾ ਚਾਰ ਕਰਮਚਾਰੀ ਸਕੂਲਾਂ ਅੰਦਰ ਹੋਣਗੇ ਤਾਂ ਸਮੇਂ-ਸਮੇਂ ਸਿਰ ਉਨ੍ਹਾਂ ਤੋਂ ਸਕੂਲੀ ਇਮਾਰਤ ਦੀਆਂ ਛੱਤਾਂ ਦੀ ਸਫਾਈ ਕਰਵਾਈ ਜਾ ਸਕਦੀ ਹੈ, ਜਿਸ ਨਾਲ ਇਮਾਰਤ ਸੁਰੱਖਿਅਤ ਰਹੇਗੀ ਅਤੇ ਜਿੱਥੇ ਕਿਤੇ ਕੋਈ ਮੁਰੰਮਤ ਦੀ ਲੋੜ ਹੋਵੇਗੀ, ਉਹ ਵੀ ਲੱਗੇਗੀ ।

ਨਵੀਂ ਪੰਜਾਬ ਸਰਕਾਰ ਨੇ ਸਿੱਖਿਆ ਦੇ ਮੁੱਦੇ ਨੂੰ ਪਹਿਲ ਦੇ ਆਧਾਰ 'ਤੇ ਸੁਧਾਰ ਕਰਨ ਲਈ ਵਚਨ ਦਿੱਤਾ ਸੀ। ਸਮਾਰਟ ਸਕੂਲ ਤਾਂ ਪਹਿਲੀ ਸਰਕਾਰ ਨੇ ਹੀ ਬਣਵਾਉਣੇ ਸ਼ੁਰੂ ਕਰ ਦਿੱਤੇ ਸੀ, ਪਰ ਅਜੇ ਤੱਕ ਸਿੱਖਿਆ ਦੇ ਸੁਧਾਰ ਲਈ ਕੋਈ ਨਵੀਂ ਠੋਸ ਨੀਤੀ ਸਾਹਮਣੇ ਨਹੀਂ ਆਈ । ਉਪਰਲੀ ਪੋਚਾ-ਪੋਚੀ ਜ਼ਿਆਦਾ ਕੀਤੀ ਜਾ ਰਹੀ ਹੈ, ਪਰ ਬੱਚਿਆਂ ਦੇ ਪੱਲੇ ਪਹਿਲਾਂ ਨਾਲੋਂ ਘੱਟ ਪੈਂਦਾ ਨਜ਼ਰ ਆ ਰਿਹਾ ਹੈ । ਗਰਮੀ ਅਤੇ ਸਰਦੀ ਜ਼ਿਆਦਾ ਹੋਣ 'ਤੇ ਸਕੂਲਾਂ ਦਾ ਸਮਾਂ ਹਰ ਸਾਲ ਘਟਾ ਦਿੱਤਾ ਜਾਂਦਾ ਹੈ, ਕਈ ਵਾਰੀ ਜ਼ਿਆਦਾ ਧੁੰਦ ਕਾਰਨ ਛੁੱਟੀਆਂ ਵੀ ਕਰ ਦਿੱਤੀਆਂ ਹਨ । ਇਸੇ ਤਰ੍ਹਾਂ ਐਤਕੀਂ ਹੜ੍ਹਾਂ ਕਾਰਨ ਕਈ ਜ਼ਿਲ੍ਹਿਆਂ ਵਿੱਚ ਸਰਕਾਰ ਨੂੰ ਛੁੱਟੀਆਂ ਕਰਨੀਆਂ ਪਈਆਂ । ਹੁਣ ਮੌਸਮ ਵਿਭਾਗ ਦੇ ਭਾਰੀ ਮੀਂਹ ਦੇ ਅਲਰਟ ਕਾਰਨ ਪਹਿਲੀ ਵਾਰ ਸਰਕਾਰ ਨੇ ਐਡਵਾਂਸ 'ਚ ਸਾਰੇ ਪੰਜਾਬ ਵਿੱਚ ਛੁੱਟੀਆਂ ਕਰ ਦਿੱਤੀਆਂ, ਜਦੋਂ ਕਿ ਕਈ ਦਿਨ ਲੰਘ ਗਏ, ਪਰ ਕੋਈ ਮੀਂਹ ਨਹੀਂ ਪਿਆ। ਇਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਜ਼ਰੂਰ ਨੁਕਸਾਨ ਹੋ ਰਿਹਾ ਹੈ । ਜੇਕਰ ਸਰਕਾਰ ਨੇ ਇਹੋ ਜਿਹਾ ਫੈਸਲਾ ਕਰਨਾ ਸੀ ਤਾਂ ਮੀਂਹ ਦੇ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਦੇ ਸਿੱਖਿਆ ਅਧਿਕਾਰੀਆਂ ਨੂੰ ਹਾਲਾਤ ਅਨੁਸਾਰ ਛੁੱਟੀਆਂ ਐਲਾਨ ਕਰਨ ਦੇ ਅਧਿਕਾਰ ਦੇ ਦੇਣੇ ਸੀ, ਨਾ ਕਿ ਸਾਰੇ ਪੰਜਾਬ 'ਚ ਛੁੱਟੀਆਂ ਕਰਨ ਦਾ ਐਲਾਨ ਕਰਨਾ ਚਾਹੀਦਾ ਸੀ । ਜੇਕਰ ਬਾਰਿਸ਼ ਭਾਰੀ ਹੁੰਦੀ ਹੈ ਤਾਂ ਸਕੂਲਾਂ 'ਚ ਪਾਣੀ ਇਕਦਮ ਤਾਂ ਨਹੀਂ ਆਉਂਦਾ, ਸਮਾਂ ਤਾਂ ਜ਼ਰੂਰ ਲੱਗੇਗਾ, ਉਦੋਂ ਛੁੱਟੀ ਦਾ ਐਲਾਨ ਕਰ ਦਿੱਤਾ ਜਾਵੇ । ਇਸ ਫੈਸਲੇ ਪਿੱਛੇ ਵੀ ਗੁੱਝੇ ਭੇਦ ਹੋ ਸਕਦੇ ਨੇ । ਹਿਮਾਚਲ ਸਰਕਾਰ ਨੂੰ ਵਾਧੂ ਪਾਣੀ ਛੱਡਣ ਲਈ ਕੋਈ ਨੀਤੀ ਤਹਿਤ ਆਗਿਆ ਦੇਣੀ ਚਾਹੀਦੀ ਹੈ, ਨਾ ਕਿ ਚੁੱਪ ਵੱਟ ਪੰਜਾਬ ਦਾ ਨੁਕਸਾਨ ਕਰਾ ਲੈਣਾ । ਪੜ੍ਹਾਈ ਦੇ ਘੰਟੇ ਤਾਂ ਪਹਿਲਾਂ ਹੀ ਘਟ ਰਹੇ ਹਨ। ਪਿਛਲੇ ਸਾਲ ਕਈ ਛੁੱਟੀਆਂ ਮੌਕੇ ਉੱਪਰ ਐਲਾਨ ਕੀਤੀਆਂ ਜਾਂਦੀਆਂ ਰਹੀਆਂ, ਜਿਨ੍ਹਾਂ ਨਾਲ ਪੜ੍ਹਾਈ ਦਾ ਜਰੂਰ ਨੁਕਸਾਨ ਹੁੰਦਾ ਹੈ ।

ਇੱਥੇ ਤਾਂ ਅਸਲੀਅਤ ਕੁਝ ਹੋਰ ਹੀ ਹੈ। ਵੱਡੀਆਂ-ਵੱਡੀਆਂ ਡੀਂਗਾਂ ਤਾਂ ਮਾਰੀਆਂ ਜਾਂਦੀਆਂ ਰਹੀਆਂ ਹਨ, ਪਰ ਹੇਠਲੇ ਪੱਧਰ 'ਤੇ ਨੀਂਹ ਨੂੰ ਮਜ਼ਬੂਤ ਕਰਨ ਲਈ ਅੱਖਾਂ ਮੀਚ ਕੇ ਡੰਗ ਟਪਾਉਣ ਦੀ ਰੀਤ ਨੂੰ ਸ਼ਾਇਦ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਅਪਨਾਉਂਦੀ ਨਜ਼ਰ ਆ ਰਹੀ ਹੈ । ਜਿਵੇਂ ਇਸ ਸਰਕਾਰ ਨੇ ਸਿਹਤ ਅਤੇ ਸਿੱਖਿਆ ਦੇ ਸੁਧਾਰ ਨੂੰ ਪਹਿਲ ਦੇ ਆਧਾਰ 'ਤੇ ਵੱਡੇ ਸੁਧਾਰ ਕਰਕੇ ਭਾਰਤ 'ਚ ਨਮੂਨੇ ਦਾ ਰਾਜ ਬਣਾਉਣ ਦਾ ਅਹਿਦ ਲਿਆ ਸੀ । ਸੋ ਸਾਰੇ ਸਕੂਲਾਂ ਦੀ ਸਾਂਭ-ਸੰਭਾਲ ਅਤੇ ਠੀਕ ਢੰਗ ਨਾਲ ਸਕੂਲ ਚਲਾਉਣ ਲਈ ਚੌਥਾ-ਦਰਜਾ ਕਰਮਚਾਰੀਆਂ ਦੀਆਂ ਸਕੂਲਾਂ 'ਚ ਖਾਲੀ ਪਈਆਂ ਪੋਸਟਾਂ ਭਰਨ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਸੀ, ਜੋ ਨਹੀਂ ਹੋਈ, ਜਿਸ ਕਾਰਨ ਅਣਸੁਖਾਵੀਂਆਂ ਘਟਨਾਵਾਂ ਵਾਪਰਨ ਦਾ ਖਦਸ਼ਾ ਰਹਿੰਦਾ ਹੈ । ਹੁਣ ਬੱਦੋਵਾਲ ਹਾਦਸੇ ਤੋਂ ਬਾਅਦ ਸਰਕਾਰ ਨੂੰ ਜ਼ਰੂਰ ਸਬਕ ਸਿੱਖ ਲੈਣਾ ਚਾਹੀਦਾ ਹੈ ।

*# ਸੰਪਰਕ : 94635-53962*

# ਕਾਬੁਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ



ਜਗਦੇਵ ਸ਼ਰਮਾ

'ਕਾਬੁਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਵਾਲੇ ਅਖਾਣ ਨੂੰ ਬਦਲ ਕੇ ਜੇਕਰ ਇੰਜ ਕਰ ਲਿਆ ਜਾਵੇ ਕਿ ਪੰਜਾਬ ਦੇ ਕਿਸਾਨਾਂ ਨੂੰ ਨਿੱਤ ਮੁਹਿੰਮਾਂ , ਤਾਂ ਇਸ ਵਿੱਚ ਕੋਈ ਅੱਤ ਕਥਨੀ ਨਹੀਂ ਹੋਵੇਗੀ । ਇਸ ਤੱਥ ਤੋਂ ਸਾਰੇ ਪੜ੍ਹੇ-ਲਿਖੇ, ਬੁੱਧੀਜੀਵੀ, ਖੇਤੀ ਵਿਗਿਆਨੀ, ਸ਼ਾਸਕ ਪ੍ਰਸ਼ਾਸਕ ਭਲੀ-ਭਾਂਤ ਜਾਣੂੰ ਹਨ ਕਿ ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ । ਮਹਿੰਗੇ ਤੇਲ, ਬੀਜ, ਰੇਹ, ਦਵਾਈਆਂ ਅਤੇ ਮਸ਼ੀਨਰੀ ਦੇ ਹਿੱਸੇ ਪੁਰਜ਼ਿਆਂ ਨੇ ਕਿਸਾਨ ਦੀ ਕਮਰ ਤੋੜ ਦਿੱਤੀ ਹੈ। ਉੱਪਰੋਂ ਫਸਲ ਦਾ ਘੱਟੋ-ਘੱਟ ਸਮਰਥਨ ਮੁੱਲ ਮਿਲਣ ਦੀ ਕੋਈ ਗਰੰਟੀ ਨਹੀਂ । ਕੁੱਲ ਮਿਲਾ ਕੇ ਕਹਿ ਸਕਦੇ ਹਾਂ ਕਿ ਕਿਸਾਨ ਖੇਤੀ ਮਜਬੂਰੀ ਵੱਸ ਕਰਦਾ ਹੈ, ਕਿਉਂਕਿ ਘੱਟ ਪੜ੍ਹਿਆ-ਲਿਖਿਆ ਜਾਂ ਅਨਪੜ੍ਹ ਹੋਣ ਕਾਰਨ ਉਹ ਹੋਰ ਕੋਈ ਕਿੱਤਾ ਕਰਨ ਦੇ ਕਾਬੁਲ ਨਹੀਂ ਹੈ ।

ਘਰ ਤੋਂ ਦੂਰ, ਨੌਕਰੀ ਦੀ ਮਜਬੂਰੀ ਕਾਰਨ ਮੈਂ ਕਈ ਸਾਲ ਪਹਿਲਾਂ ਪਿੰਡ ਦੇ ਨੇੜੇ ਦੇ ਸ਼ਹਿਰ ਸ਼ਿਫਟ ਕਰ ਲਿਆ ਸੀ, ਪ੍ਰੰਤੂ ਮੇਰਾ ਇੱਕ ਭਾਈ ਜੋ ਕਿ ਕੋਰਾ ਅਨਪੜ੍ਹ ਹੈ, ਪਿੰਡ ਵਿੱਚ ਹੀ ਰਹਿੰਦਾ ਹੈ ਅਤੇ ਖੇਤੀ ਕਰਦਾ ਹੈ । ਆਪਣੇ-ਆਪ ਨੂੰ ਪਿੰਡ ਨਾਲ ਜੋੜੀ ਰੱਖਣ ਲਈ ਮੈਂ ਵਕਤਨ-ਬਵਕਤਨ ਪਿੰਡ ਗੇੜਾ ਮਾਰਦਾ ਰਹਿੰਦਾ ਹਾਂ । ਭਾਈ ਸਾਹਿਬ ਕੋਲੋਂ ਪਿੰਡ ਦਾ ਅਤੇ ਉਸ ਦੀ ਖੇਤੀਬਾੜੀ ਦਾ ਹਾਲ-ਚਾਲ ਪਤਾ ਕਰਦਾ ਰਹਿੰਦਾ ਹਾਂ । ਮੇਰੇ ਪਿਛਲੇ ਗੇੜੇ ਵੇਲੇ ਮੇਰੇ ਛੋਟੇ ਭਾਈ ਨੇ ਖੇਤੀ ਵਿੱਚ ਆ ਰਹੀਆਂ ਜਿਹੜੀਆਂ ਨਵੀਂ ਕਿਸਮ ਦੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ, ਉਨ੍ਹਾ ਦਾ ਵੇਰਵਾ ਮੈਂ ਪਾਠਕਾਂ ਦੀ ਜਾਣਕਾਰੀ ਲਈ ਸਾਂਝਾ ਕਰ ਰਿਹਾ ਹਾਂ।

ਇਨ੍ਹਾਂ ਨਵੀਆਂ ਸਮੱਸਿਆਵਾਂ ਵਿੱਚੋਂ ਜ਼ਿਆਦਾਤਰ ਚੋਰੀ ਦੀਆਂ ਵਾਰਦਾਤਾਂ ਨਾਲ ਸੰਬੰਧਤ ਹਨ। ਚੋਰਾਂ ਨੇ ਚੋਰੀ ਕਰਨ ਦੇ ਨਵੇਂ-ਨਵੇਂ ਢੰਗ-ਤਰੀਕੇ ਈਜ਼ਾਦ ਕਰ ਲਏ ਹਨ । ਹੁਣ ਉਹ ਸਮਰੱਥ ਘਰਾਂ ਵਿੱਚ ਰਾਤ-ਬਰਾਤੇ ਪਾੜ ਲਾ ਕੇ ਚੋਰੀ ਨਹੀਂ ਕਰਦੇ, ਸਗੋਂ ਇਹ ਚੋਰ ਮਾਲਕ ਦੀਆਂ ਨਜ਼ਰਾਂ ਦੇ ਸਾਹਮਣੇ ਧੜੱਲੇ ਨਾਲ ਚੋਰੀ ਕਰਦੇ ਹਨ । ਤਿੰਨ ਤੋਂ ਪੰਜ ਚੋਰ ਇਕੱਠੇ ਆਉਂਦੇ ਹਨ। ਉਹ ਭਾਵੇਂ ਆਧੁਨਿਕ ਹਥਿਆਰਾਂ ਨਾਲ ਲੈਸ ਤਾਂ ਨਹੀਂ ਹੁੰਦੇ, ਪ੍ਰੰਤੂ ਸਾਹਮਣੇ ਵਾਲੇ ਦੇ ਹੱਡ ਗੋਡੇ ਤੋੜਨ ਜੋਗੇ ਸੋਟੇ ਉਹਨਾ ਕੋਲ ਹੁੰਦੇ ਹਨ। ਉਹ ਮੋਟਰਾਂ ਦੀਆਂ ਕੇਬਲਾਂ ਉਤਾਰਦੇ ਹਨ ਅਤੇ ਚੋਰੀ ਦਾ ਮਾਲ ਡਾਂਗਾਂ ਦੇ ਗਜ਼ ਦੇ ਹਿਸਾਬ ਵੇਚ ਦਿੰਦੇ ਹਨ । ਕਿਸਾਨ ਦੇ ਹੀਲ ਹੁੱਜਤ ਕਰਨ 'ਤੇ ਕਿਸਾਨ ਦੀ ਡੰਡਿਆਂ ਨਾਲ ਭੁਗਤ ਸੁਆਰਦੇ ਹਨ । ਕਈ ਵਾਰੀ ਇਹਨਾ ਚੋਰਾਂ ਦੁਆਰਾ ਕਿਸਾਨਾਂ ਦੀਆਂ ਹੱਤਿਆਵਾਂ ਦੀਆਂ ਖਬਰਾਂ ਵੀ ਮਿਲਦੀਆਂ ਹਨ। ਜੇਕਰ ਨੇੜੇ-ਤੇੜੇ ਦੀਆਂ ਪੰਜ-ਚਾਰ ਮੋਟਰਾਂ ਵਾਲੇ ਕਿਸਾਨ ਇਕੱਠੇ ਹੋ ਕੇ ਇਹਨਾ ਚੋਰਾਂ ਦਾ ਵਿਰੋਧ ਕਰਦੇ ਹੋਏ ਇੱਕ ਅੱਧੇ ਚੋਰ ਦੀ ਲੱਤ-ਬਾਂਹ ਤੋੜ ਦਿੰਦੇ ਹਨ ਜਾਂ ਕਿਸੇ ਚੋਰ ਦੀ ਮੌਤ ਹੋ ਜਾਂਦੀ ਹੈ ਤਾਂ ਪਰਚਾ ਮੋਟਰ ਦੇ ਮਾਲਕ, ਕਿਸਾਨ 'ਤੇ ਦਰਜ ਹੋ ਜਾਂਦਾ ਹੈ, ਪ੍ਰੰਤੂ ਜਦੋਂ ਚੋਰ ਕਿਸਾਨ ਨੂੰ ਫੱਟੜ ਕਰਕੇ ਭੱਜ ਜਾਂਦੇ ਹਨ ਜਾਂ ਮਾਰ ਕੇ ਨਿਕਲ ਜਾਂਦੇ ਹਨ ਤਾਂ ਪਰਚਾ ਅਣਪਛਾਤੇ ਚੋਰਾਂ 'ਤੇ ਦਰਜ ਹੁੰਦਾ ਹੈ । ਕੈਸੀ ਵਿਡੰਬਨਾ ਹੈ ਕਿ ਚੋਰ ਸੁਰੱਖਿਅਤ ਅਤੇ ਜਿਸ ਦੇ ਚੋਰੀ ਹੋਈ ਹੈ ਉਸ ਉੱਤੇ ਪਰਚਾ । ਭਾਈ ਸਾਹਿਬ ਦੇ ਦੱਸਣ ਮੁਤਾਬਿਕ ਹੁਣ ਰਾਤ ਨੂੰ ਮੋਟਰ 'ਤੇ ਜਾਣ ਤੋਂ ਡਰ ਲੱਗਣ ਲੱਗ ਪਿਆ ਹੈ ।

ਦੂਜੇ, ਅੱਜਕੱਲ੍ਹ ਦਾਣਾ ਮੰਡੀਆਂ ਵਿੱਚ ਵੀ ਚੋਰੀਆਂ ਆਮ ਹੋ ਗਈਆਂ ਹਨ । ਮਾਰੂ ਹਥਿਆਰਾਂ ਨਾਲ ਲੈਸ ਪੰਜ ਤੋਂ ਸੱਤ ਚੋਰ ਇੱਕ ਛੋਟਾ ਹਾਥੀ ਲੈ ਕੇ ਰਾਤ ਦੇ ਹਨੇਰੇ ਵਿੱਚ ਮੰਡੀ ਵਿੱਚ ਦਾਖਲ ਹੁੰਦੇ ਹਨ । ਪੇਂਡੂ ਮੰਡੀਆਂ ਵਿੱਚ ਕਿਸਾਨ ਦੀ ਫਸਲ ਦੀ ਸੁਰੱਖਿਆ ਹਿੱਤ ਕੋਈ ਸਰਕਾਰੀ ਪ੍ਰਬੰਧ ਨਹੀਂ ਹੁੰਦੇ। ਕਿਸਾਨ ਆਪ ਹੀ ਆਪਣੀ ਢੇਰੀ ਕੋਲ ਮੰਜਾ ਡਾਹ ਕੇ ਪਿਆ ਹੁੰਦਾ ਹੈ। ਚੋਰ ਜਿੰਨੇ ਕੁ ਥੈਲੇ ਹੱਥ ਲੱਗਦੇ ਹਨ, ਛੋਟੇ ਹਾਥੀ ਉੱਤੇ ਲੱਦ ਕੇ ਤਿੱਤਰ ਹੋ ਜਾਂਦੇ ਹਨ । ਕਿਸਾਨ ਦੀ ਅੱਖ ਖੁੱਲ੍ਹ ਜਾਣ 'ਤੇ ਉਸ ਨੂੰ ਡਰਾ-ਧਮਕਾ ਕੇ ਰੌਲਾ ਪਾਉਣ ਤੋਂ ਰੋਕ ਦਿੱਤਾ ਜਾਂਦਾ ਹੈ।

ਤੀਜੇ, ਸਰਕਾਰ ਨੇ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾਉਣ ਲਈ ਅੰਡਰ ਗਰਾਊਂਡ ਪਾਈਪਾਂ ਪਾ ਦਿੱਤੀਆਂ ਹਨ। ਇਸ ਤਰ੍ਹਾਂ ਕਰਨ ਨਾਲ ਪਾਣੀ ਦੀ ਵੇਸਟੇਜ ਘਟ ਜਾਂਦੀ ਹੈ । ਖੇਤ ਨੂੰ ਪਾਣੀ ਪਹੁੰਚਾਉਣ ਲਈ ਜਗ੍ਹਾ-ਜਗ੍ਹਾ ਆਊਟ ਲੈਟ ਰੱਖੇ ਹੋਏ ਹਨ, ਜਿਸ ਦਾ ਢੱਕਣ ਲੋਹੇ ਦਾ ਹੁੰਦਾ ਹੈ। ਇੱਕ ਢੱਕਣ ਦੀ ਕੀਮਤ 1000 ਰੁਪਏ ਤੋਂ 1200 ਰੁਪਏ ਤੱਕ ਹੁੰਦੀ ਹੈ। ਨਸ਼ੜੀ ਕਿਸਮ ਦੇ ਲੋਕ ਇਹ ਢੱਕਣ ਚੁਰਾ ਕੇ ਲੈ ਜਾਂਦੇ ਹਨ ਅਤੇ ਬਜ਼ਾਰ ਵਿੱਚ ਔਣੇ ਪੌਣੇ ਦਾਮ 'ਤੇ ਵੇਚ ਕੇ ਨਸ਼ੇ ਦੀ ਪੂਰਤੀ ਕਰਦੇ ਹਨ । ਨਹਿਰੀ ਪਾਣੀ ਖੇਤਾਂ ਵਿਚ ਨਾ ਪਹੁੰਚ ਕੇ ਇਧਰ-ਉੱਧਰ ਵਗਦਾ ਰਹਿੰਦਾ ਹੈ ।

ਚੌਥੇ, ਪਿੰਡਾਂ ਵਿੱਚੋਂ ਦੁਧਾਰੂ ਪਸ਼ੂਆਂ ਦੀਆਂ ਚੋਰੀਆਂ ਵੀ ਆਮ ਹੋ ਗਈਆਂ ਹਨ । ਚੋਰ ਟਰੱਕ ਲੈ ਕੇ ਆਉਂਦੇ ਹਨ । ਪਸ਼ੂਆਂ ਦੇ ਵਾੜੇ ਵਿੱਚ ਬੰਨ੍ਹੀਆਂ ਮੱਝਾਂ ਉਨ੍ਹਾ ਦੇ ਨਿਸ਼ਾਨੇ 'ਤੇ ਹੁੰਦੀਆਂ ਹਨ। ਸੁੰਨੇ ਖੜ੍ਹੇ ਪਸ਼ੂ ਆਸਾਨੀ ਨਾਲ ਚੁਰਾਏ ਜਾ ਸਕਦੇ ਹਨ । ਜੇਕਰ ਉਹ ਪੰਜ-ਚਾਰ ਮੱਝਾਂ ਚੁਰਾਉਣ ਵਿੱਚ ਵੀ ਕਾਮਯਾਬ ਹੋ ਜਾਂਦੇ ਹਨ ਤਾਂ ਸਮਝੋ ਉਹ ਪੰਜ-ਚਾਰ ਲੱਖ ਰੁਪਏ ਨੂੰ ਇੱਕ ਰਾਤ ਵਿੱਚ ਹੱਥ ਮਾਰ ਗਏ । ਪਸ਼ੂ ਚੁਰਾ ਕੇ ਚੋਰ ਕੁੱਝ ਹੀ ਘੰਟਿਆਂ ਵਿੱਚ ਦੋ ਸੌ ਕਿਲੋਮੀਟਰ ਨਿਕਲ ਜਾਂਦੇ ਹਨ ਅਤੇ ਫੜੇ ਜਾਣ ਦੀ ਕੋਈ ਗੁੰਜਾਇਸ਼ ਹੀ ਨਹੀਂ ਬਚਦੀ । ਉੱਪਰੋਂ ਸਿਤਮ ਇਹ ਕਿ ਅੱਜ ਤੱਕ ਪੁਲਸ ਦੀ ਪੈਟਰੋਲਿੰਗ ਪਾਰਟੀਆਂ ਨੂੰ ਅਜਿਹੇ ਚੋਰ ਕਦੇ ਨਹੀਂ ਮਿਲੇ । ਵਿਚਾਰਾ ਕਿਸਾਨ ਹੱਥ ਮਲਦਾ ਰਹਿ ਜਾਂਦਾ ਹੈ ।

ਪੰਜਵੇਂ, ਕਿਸਾਨ ਨਾਲ ਨਵੀਂ ਕਿਸਮ ਦੀ ਠੱਗੀ ਹੋਂਦ ਵਿਚ ਆਉਣ ਲੱਗੀ ਹੈ । ਇਹ ਠੱਗੀ ਕੀਤੀ ਜਾਂਦੀ ਹੈ ਭਈਆਂ ਦੁਆਰਾ। ਅੱਜ-ਕੱਲ੍ਹ ਪੰਜਾਬੀ ਮਜ਼ਦੂਰ ਦਾ ਕਿਸਾਨ ਨਾਲ ਸੀਰੀ ਪਾਲੀ ਰਲਣ ਦਾ ਰਿਵਾਜ ਖਤਮ ਹੀ ਹੋ ਗਿਆ ਹੈ । ਹਰੇਕ ਕਿਸਾਨ ਨੂੰ ਉਸ ਦੀ ਸਹਾਇਤਾ ਵਾਸਤੇ ਇੱਕ ਕਾਮੇ ਦੀ ਲੋੜ ਪੈਂਦੀ ਹੈ। ਅੱਜ-ਕੱਲ੍ਹ ਬਿਹਾਰੀ ਭਈਏ ਕਾਮੇ ਦੀ ਲੋੜ ਪੂਰੀ ਕਰਦੇ ਹਨ । ਪਿੱਛੇ ਪਿੰਡ ਵਿੱਚ ਕਿਸੇ ਪਰਵਾਰਕ ਮੈਂਬਰ ਦੀ ਬਿਮਾਰੀ ਦੀ ਕਹਾਣੀ ਪਾ ਕੇ ਜਾਂ ਫਿਰ ਮੀਂਹਾਂ ਕਾਰਨ ਡਿੱਗ ਪਏ ਘਰ ਨੂੰ ਦੁਬਾਰਾ ਤੋਂ ਤਿਆਰ ਕਰਨ ਦੇ ਬਹਾਨੇ ਭਈਏ ਕਿਸਾਨ ਕੋਲੋਂ ਕੁੱਛ ਅਗਾਊਂ ਰਕਮ ਦੀ ਮੰਗ ਰੱਖ ਦਿੰਦੇ ਹਨ। ਮਜਬੂਰ ਕਿਸਾਨ 'ਮਰਦਾ ਕੀ ਨਾ ਕਰਦਾ' ਦੀ ਕਹਾਵਤ ਅਨੁਸਾਰ ਪੰਦਰਾਂ-ਵੀਹ ਹਜ਼ਾਰ ਤੱਕ ਭਈਏ ਨੂੰ ਅਡਵਾਂਸ ਦੇ ਦਿੰਦਾ ਹੈ । ਸਾਰੇ ਕੇਸਾਂ ਵਿੱਚ ਤਾਂ ਨਹੀਂ, ਕਈ ਕੇਸਾਂ ਵਿੱਚ ਖੇਤ ਮੋਟਰ 'ਤੇ ਗਿਆ ਭਈਆ ਝੱਗਾ ਚੁੰਨੀ ਚੁੱਕ ਕੇ ਰਾਤੋ-ਰਾਤ ਗਾਇਬ ਹੋ ਜਾਂਦਾ ਹੈ ਅਤੇ ਲੁੱਟੇ ਗਏ ਕਿਸਾਨ ਦੀ ਕੋਈ ਬਾਂਹ ਨਹੀਂ ਫੜਦਾ ।

ਛੇਵੇਂ, ਕਿਸਾਨ ਅੱਜਕੱਲ੍ਹ ਅਵਾਰਾ ਘੁੰਮਦੇ ਸਾਹਨਾ, ਗਊਆਂ, ਵੱਛੇ, ਵੱਛੀਆਂ ਤੋਂ ਬੜੇ ਤੰਗ ਹਨ । ਕਈ ਥਾਈਂ ਬੀੜਾਂ ਦੇ ਲਾਗਲੇ ਇਲਾਕਿਆਂ ਵਿੱਚ ਨੀਲ ਗਾਵਾਂ ਦੇ ਝੁੰਡ ਵੀ ਦੇਖੇ ਗਏ ਹਨ । ਮੇਰੇ ਪਿੰਡ ਕੋਈ 100 ਕੁ ਵਿਘੇ ਦਾ ਸਰਕਾਰੀ ਫਾਰਮ ਹੈ। ਉਥੇ ਸਰਕਾਰ ਨੇ ਪੋਪਲਰ ਪਲਾਂਟ ਲਗਾ ਰੱਖੇ ਹਨ। ਦਿਨੇ ਇਹ ਅਵਾਰਾ ਪਸ਼ੂ ਉਸ ਸਰਕਾਰੀ ਫਾਰਮ ਵਿੱਚ ਪੋਪਲਰ ਦੇ ਬੂਟਿਆਂ ਦੀ ਛਾਂ ਵਿੱਚ ਆਰਾਮ ਫਰਮਾਉਂਦੇ ਹਨ ਅਤੇ ਰਾਤ ਨੂੰ ਨੇੜਲੇ ਖੇਤਾਂ ਦਾ ਰੱਜ ਕੇ ਉਜਾੜਾ ਕਰਦੇ ਹਨ । ਥੋੜ੍ਹਾ ਘੱਟ, ਥੋੜ੍ਹਾ ਵੱਧ ਸਾਰੇ ਪਿੰਡਾਂ ਦਾ ਹੀ ਇਹ ਹਾਲ ਹੈ ।

ਸੱਤਵੇਂ, ਸਭ ਤੋਂ ਜ਼ਿਆਦਾ ਦੁੱਖ ਉਦੋਂ ਹੁੰਦਾ ਹੈ, ਜਦੋਂ ਸਭ ਦਾ ਰਾਖਾ ਰੱਬ ਵੀ ਕਿਸਾਨ ਨਾਲ ਰੁੱਸ ਜਾਂਦਾ ਹੈ। ਬੇਮੌਸਮੇ ਮੀਂਹ, ਗੜੇਮਾਰੀ ਆਦਿ ਪੱਕੀ ਫਸਲ ਦਾ ਸਤਿਆਨਾਸ ਕਰ ਦਿੰਦੇ ਹਨ । ਗਲੋਬਲ ਵਾਰਮਿੰਗ ਕਾਰਨ ਮੌਸਮ ਵਿੱਚ ਤਬਦੀਲੀ ਫਸਲ ਦੇ ਝਾੜ ਨੂੰ ਅਸਰ-ਅੰਦਾਜ਼ ਕਰਨ ਲੱਗੀ ਹੈ । ਕਿਸੇ ਇਲਾਕੇ ਵਿੱਚ ਕੁਦਰਤੀ ਆਫਤਾਂ ਕਾਰਨ ਫਸਲ ਦੇ ਸਮੂਹਿਕ ਨੁਕਸਾਨ ਹੋ ਜਾਣ ਦੀ ਸੂਰਤ ਵਿੱਚ ਬੇਸ਼ੱਕ ਸਰਕਾਰਾਂ ਮੁਆਵਜ਼ੇ ਦਾ ਐਲਾਨ ਕਰਦੀਆਂ ਹਨ, ਪਰ ਉਹਨਾ ਦੀ ਵੀ ਇੱਕ ਸੀਮਾ ਹੁੰਦੀ ਹੈ । ਪੰਜਾਬ ਵਿੱਚ ਫਸਲ ਬੀਮਾ ਯੋਜਨਾ ਵੀ ਲਾਗੂ ਨਹੀਂ ਹੈ ।

ਸਵਾਲ ਪੈਦਾ ਹੁੰਦਾ ਹੈ ਕਿ ਪਹਿਲਾਂ ਤੋਂ ਹੀ ਘਾਟੇ ਵਿੱਚ ਚੱਲ ਰਹੇ ਖੇਤੀ ਦੇ ਧੰਦੇ ਨੂੰ ਇਹਨਾ ਅਲਾਮਤਾਂ ਤੋਂ ਕਿਵੇਂ ਬਚਾਇਆ ਜਾਵੇ? ਕੁੱਝ ਸੁਝਾਅ ਹਨ, ਜਿਹੜੇ ਜੇਕਰ ਮੰਨ ਲਏ ਜਾਂਦੇ ਹਨ ਤਾਂ ਕਿਸਾਨ ਨੂੰ ਜਿਉਣ ਦੀ ਥੋੜ੍ਹੀ-ਬਹੁਤੀ ਆਸ ਬੱਝ ਸਕਦੀ ਹੈ । ਪਹਿਲਾ , ਚੋਰੀਆਂ ਰੋਕਣ ਲਈ ਕਿਸਾਨ ਹਿਤੈਸ਼ੀ ਸਰਕਾਰ ਨੂੰ ਪੇਂਡੂ ਖੇਤਰਾਂ ਵਿੱਚ ਪੁਲਸ ਦੀ ਪੈਟਰੋਲਿੰਗ ਵਧਾਉਣੀ ਚਾਹੀਦੀ ਹੈ ਖਾਸ ਤੌਰ 'ਤੇ ਪਿੰਡਾਂ ਦੀਆਂ ਲਿੰਕ ਸੜਕਾਂ ਉੱਤੇ। ਚੋਰਾਂ ਦੇ ਮਨਾਂ ਅੰਦਰ ਪੁਲਸ ਦੀ ਦਹਿਸ਼ਤ ਪੈਦਾ ਕੀਤੇ ਵਗੈਰ ਸਮੱਸਿਆ ਦਾ ਹੱਲ ਨਹੀਂ ਹੋਣਾ । ਫਸਲ ਦੀ ਮੰਡੀਕਰਨ ਵੇਲੇ ਪਿੰਡਾਂ ਦੀਆਂ ਮੰਡੀਆਂ ਵਿੱਚ ਕਿਸਾਨ ਦੀ ਫਸਲ ਦੀ ਰਾਖੀ ਵਾਸਤੇ ਸਰਕਾਰ ਉਚਿੱਤ ਪ੍ਰਬੰਧ ਕਰੇ। ਚੋਰ ਦੇ ਫੜੇ ਜਾਣ ਦੀ ਸੂਰਤ ਵਿੱਚ ਸਰਕਾਰੀ ਤੰਤਰ ਕਿਸਾਨ ਦੇ ਬਚਾਅ ਵਿੱਚ ਖੜ੍ਹੇ-ਕਿਉਂਕਿ ਕਿਸਾਨ ਨੇ ਚੋਰ ਨੂੰ ਸਬਕ ਸਿਖਾਉਣ ਦੀ ਖਾਤਰ ਅਤੇ ਖੁਦ ਦੇ ਸਾਮਾਨ ਦੇ ਬਚਾਅ ਲਈ ਹੀ ਚੋਰ ਦੀ ਕੁੱਟ-ਮਾਰ ਕੀਤੀ ਹੁੰਦੀ ਹੈ ।

ਦੂਜਾ, ਇਸ ਤਰ੍ਹਾਂ ਦੇ ਫੜੇ ਗਏ ਚੋਰਾਂ ਤੋਂ ਇੱਕ ਗੱਲ ਸਾਹਮਣੇ ਆਉਂਦੀ ਹੈ ਕਿ ਇਹਨਾਂ ਵਿੱਚੋਂ ਬਹੁਤੇ ਉਸੇ ਇਲਾਕੇ ਦੇ ਨਸੇੜੀ ਹੁੰਦੇ ਹਨ । ਨਸ਼ਿਆਂ ਨੂੰ ਕਾਬੂ ਕਰਕੇ ਚੋਰੀਆਂ ਨੂੰ ਵੀ ਠੱਲ੍ਹ ਪਾਈ ਜਾ ਸਕਦੀ ਹੈ ।

ਤੀਜਾ, ਅਵਾਰਾ ਪਸ਼ੂਆਂ ਦੁਆਰਾ ਕੀਤੇ ਜਾਂਦੇ ਉਜਾੜੇ ਨੂੰ ਰੋਕਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਹਰ ਅੱਠ ਦਸ ਪਿੰਡਾਂ ਲਈ ਇੱਕ ਗਊਸ਼ਾਲਾ ਬਣਾਈ ਜਾਵੇ ਅਤੇ ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਇਹਨਾ ਗਊਸ਼ਾਲਾਵਾਂ ਵਿੱਚ ਕੀਤੀ ਜਾਵੇ । ਸਰਕਾਰ ਜਨਤਾ ਤੋਂ ਗਊ ਸੈਸ ਤਾਂ ਉਗਰਾਹੁੰਦੀ ਹੀ ਹੈ, ਉਸ ਦੀ ਯੋਗ ਵਰਤੋਂ ਕਰਕੇ ਕਿਸਾਨਾਂ ਨੂੰ ਰਾਹਤ ਦਿਵਾਈ ਜਾਵੇ ।

ਚੌਥਾ ਸਭ ਤੋਂ ਮਹੱਤਵਪੂਰਨ ਹੈ ਫਸਲਾਂ ਦਾ ਬੀਮਾ ਕੁਦਰਤੀ ਆਫਤਾਂ ਕਾਰਨ ਫਸਲ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਸਰਕਾਰਾਂ ਕਿਸਾਨ ਨੂੰ ਮੁਆਵਜ਼ਾ ਦਿੰਦੀਆਂ ਹਨ । ਮੇਰਾ ਸੁਝਾਅ ਹੈ ਕਿ ਉਹੀ ਪੈਸਾ ਜਿਹੜਾ ਮੁਆਵਜੇ ਤੇ ਖਰਚ ਕੀਤਾ ਜਾਂਦਾ ਹੈ, ਸਰਕਾਰ ਆਪਣੇ ਕੋਲੋਂ ਪ੍ਰੀਮੀਅਮ ਭਰ ਕੇ ਕਿਸਾਨ ਦੀ ਫਸਲ ਦਾ ਬੀਮਾ ਕਰਵਾਏ। ਨੁਕਸਾਨੇ ਜਾਣ 'ਤੇ ਬੀਮਾ ਕੰਪਨੀ ਨੁਕਸਾਨ ਦੀ ਪੂਰੀ ਭਰਪਾਈ ਵੀ ਕਰੇਗੀ ਅਤੇ ਸਰਕਾਰ ਨੂੰ ਕੋਈ ਮੁਆਵਜ਼ਾ ਵੀ ਨਹੀਂ ਦੇਣਾ ਪਵੇਗਾ। ਜੇਕਰ ਥੋੜ੍ਹਾ-ਬਹੁਤਾ ਪੈਸਾ ਸਰਕਾਰ ਨੂੰ ਵੱਧ ਵੀ ਖਰਚਣਾ ਪਵੇ ਤਾਂ ਖਰਚ ਦੇਣਾ ਚਾਹੀਦਾ ਹੈ ।

ਸਰਕਾਰ ਨੂੰ ਬੇਨਤੀ ਹੈ ਕਿ ਕਿਸਾਨ ਦੀਆਂ ਉਪਰੋਕਤ ਸਮੱਸਿਆਵਾਂ ਦਾ ਢੁਕਵਾਂ ਹੱਲ ਕਰਕੇ ਅੰਨ ਦਾਤਾ ਦੀ ਹਾਲਤ ਸੁਧਾਰੇ। ਉਪਰੋਕਤ ਸੁਝਾਵਾਂ ਤੋਂ ਇਲਾਵਾ ਖੇਤੀ ਵਿਗਿਆਨੀਆਂ ਦੀ ਸਲਾਹ ਵੀ ਫਾਇਦੇਮੰਦ ਸਾਬਤ ਹੋ ਸਕਦੀ ਹੈ ।

**# ਸੰਪਰਕ : 98727-87243**

29-AUG-PAGE-5.qxd 8/28/2023 10:49 PM Page 1



# ਜਲ ਸਪਲਾਈ ਵਿਭਾਗ ਦੇ ਠੇਕਾ ਮੁਲਾਜ਼ਮਾਂ ਵੱਲੋਂ ਸਰਕਾਰ ਤੇ ਮੈਨੇਜਮੈਂਟ ਖਿਲਾਫ਼ ਧਰਨੇ

- ਮੁੱਖ ਮੰਤਰੀ ਤੇ ਕੈਬਨਿਟ ਸਬ-ਕਮੇਟੀ ਨੂੰ ਭੇਜੇ ਮੰਗ ਪੱਤਰ
- 4 ਨੂੰ ਵਿੱਤ ਮੰਤਰੀ ਦੀ ਰਿਹਾਇਸ਼ ਅੱਗੇ ਸੂਬਾ ਪੱਧਰੀ ਧਰਨਾ


ਸ੍ਰੀ ਮੁਕਤਸਰ ਸਾਹਿਬ


ਬਠਿੰਡਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.ਨੰ.31) ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਜ਼ਿਲ੍ਹਾ ਕਮੇਟੀ ਫਿਰੋਜ਼ਪੁਰ ਵੱਲੋਂ ਪੰਜਾਬ ਸਰਕਾਰ ਤੇ ਜਲ ਸਪਲਾਈ ਵਿਭਾਗ ਦੀ ਮੈਨੇਜਮੈਂਟ ਖਿਲਾਫ ਇਥੇ ਵਿਧਾਇਕ ਰਣਬੀਰ ਸਿੰਘ ਭੁੱਲਰ ਦੇ ਦਫਤਰ ਅੱਗੇ ਰੋਹ ਭਰਪੂਰ ਧਰਨਾ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਤੇ ਮੈਨੇਜਮੈਂਟ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਸੂਬਾ ਖਜ਼ਾਨਚੀ ਰੁਪਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ, ਪ੍ਰੈੱਸ ਸਕੱਤਰ ਰਣਜੀਤ ਸਿੰਘ ਖਾਲਸਾ, ਬਲਜੀਤ ਸਿੰਘ ਸਰਕਲ ਪ੍ਰਧਾਨ ਤੇ ਬ੍ਰਾਂਚ ਆਗੂਆਂ ਨੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਪਿਛਲੇ 15-20 ਸਾਲਾਂ ਦੇ ਅਰਸੇ ਤੋਂ ਇੱਕ ਵਰਕਰ ਦੇ ਰੂਪ ਵਿੱਚ ਲਗਾਤਾਰ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਸਬੰਧਤ ਵਿਭਾਗ ਵਿੱਚ ਮਰਜ਼ ਕਰਕੇ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਲੀ ਪ੍ਰਮੁੱਖ ਮੰਗ ਨੂੰ ਲੈ ਕੇ ਪੰਜਾਬ ਸਰਕਾਰ ਦੀ ਕੈਬਨਿਟ 'ਸਬ-ਕਮੇਟੀ' ਦੇ ਮੰਤਰੀ ਸਾਹਿਬਾਨ ਦੇ ਨਾਲ 21 ਦਸੰਬਰ 2022, 13 ਫਰਵਰੀ 2023 ਤੇ 5 ਅਪ੍ਰੈਲ 2023 ਨੂੰ ਯੂਨੀਅਨ ਦੀਆਂ ਪੈਨਲ ਮੀਟਿੰਗਾਂ ਹੋ ਚੁੱਕੀਆਂ ਹਨ।05 ਅਪ੍ਰੈਲ 2023 ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ ਪੈਨਲ ਮੀਟਿੰਗ 'ਚ ਕੈਬਨਿਟ ਸਬ-ਕਮੇਟੀ ਵੱਲੋਂ ਯੂਨੀਅਨ ਦੀ ਉਪਰੋਕਤ ਮੰਗ ਮੁਤਾਬਿਕ ਪ੍ਰਪੋਜ਼ਲ (ਕੇਸ) ਤਿਆਰ ਕਰਕੇ ਮਈ 2023 ਮਹੀਨੇ ਦੇ ਪਹਿਲੇ ਹਫਤੇ ਤੱਕ ਸਰਕਾਰ ਦੀ ਸਬ-ਕਮੇਟੀ ਕੋਲ ਸਬਮਿਟ ਕਰਵਾਉਣ ਲਈ ਵਿਭਾਗੀ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਤੇ ਵਿਭਾਗ ਦੇ ਪ੍ਰਮੁੱਖ ਸਕੱਤਰ, ਵਿਭਾਗੀ ਮੁਖੀ ਸਮੇਤ ਹੋਰ ਵਿਭਾਗੀ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਸਨ, ਪਰ ਤ੍ਰਾਸਦੀ ਇਹ ਹੈ ਕਿ ਵਿਭਾਗੀ ਮੁਖੀ, ਜਸਸ ਵਿਭਾਗ ਵੱਲੋਂ ਪੰਜਾਬ ਸਰਕਾਰ ਦੀ ਕੈਬਨਿਟ ਸਬ-ਕਮੇਟੀ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕੀਤੀ ਗਈ ਹੈ, ਕਿਉਂਕਿ ਵਿਭਾਗੀ ਅਧਿਕਾਰੀਆਂ ਵੱਲੋਂ ਆਪਣੇ ਪੱਧਰ 'ਤੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਵਿਭਾਗ 'ਚ ਅਧੀਨ ਲੈਣ ਵਾਸਤੇ ਪ੍ਰਪੋਜ਼ਲ ਤਿਆਰ ਕਰਕੇ ਲਗਭਗ 4 ਮਹੀਨੇ ਬੀਤ ਜਾਣ ਦੇ ਬਾਵਜੂਦ ਕੈਬਨਿਟ ਸਬ-ਕਮੇਟੀ ਕੋਲ ਨਹੀਂ ਭੇਜੀ ਗਈ ਹੈ ਤੇ ਪੰਜਾਬ ਸਰਕਾਰ ਅਤੇ ਵਿਭਾਗੀ ਮੁਖੀ, ਜਸਸ ਵਿਭਾਗ ਵੱਲੋਂ 'ਲਾਰੇ ਲਗਾਓ ਤੇ ਡੰਗ ਟਪਾਓ' ਵਾਲੀ ਨੀਤੀ ਅਪਣਾਈ ਹੋਈ ਹੈ, ਉਥੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਦੇ ਕੱਚੇ ਪਿੱਲੇ ਰੁਜ਼ਗਾਰ ਨੂੰ ਖੋਹਣ ਲਈ ਤੇ ਜਸਸ ਵਿਭਾਗ ਦਾ ਨਿੱਜੀਕਰਨ/ਪੰਚਾਇਤੀਕਰਨ ਕਰਨ ਦੀਆਂ ਲੋਕ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਜੋ ਸਾਡੀ ਯੂਨੀਅਨ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ ਤੇ ਵਰਕਰਾਂ ਦੇ ਰੁਜ਼ਗਾਰ ਨੂੰ ਪੱਕਾ ਤੇ ਸੁਰੱਖਿਅਤ ਕਰਵਾਉਣ ਤੱਕ ਸ਼ਾਂਤਮਈ ਸੰਘਰਸ਼ ਜਾਰੀ ਰੱਖਿਆ ਜਾਵੇਗਾ।

ਅੱਜ ਪੰਜਾਬ ਸਰਕਾਰ, ਕੈਬਨਿਟ ਸਬ-ਕਮੇਟੀ ਦੇ ਮੰਤਰੀ ਸਾਹਿਬਾਨ ਤੇ ਵਿਭਾਗ ਦੇ ਕੈਬਨਿਟ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਯੂਨੀਅਨ ਵੱਲੋਂ ਮੰਗ ਕੀਤੀ ਗਈ ਕਿ ਜਸਸ ਵਿਭਾਗ ਦੇ ਇਨ੍ਹਾਂ ਠੇਕਾ ਮੁਲਾਜ਼ਮਾਂ ਨੂੰ ਤਜਰਬੇ ਦੇ ਅਧਾਰ 'ਤੇ ਸੰਬੰਧਤ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ, ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਵੱਲੋਂ ਠੇਕਾ ਮੁਲਾਜ਼ਮਾਂ ਦੀਆਂ ਤਨਖਾਹਾਂ ਘਟਾਉਣ ਲਈ ਜਾਰੀ ਕੀਤੇ ਗਏ ਪੱਤਰ ਨੂੰ ਰੱਦ ਕੀਤਾ ਜਾਵੇ, ਮਲੇਰਕੋਟਲਾ 'ਚ ਕੰਮ ਕਰਦੇ ਜਸਸ ਵਿਭਾਗ ਦੇ ਇਨਲਿਸਟਮੈਂਟ ਵਰਕਰਾਂ ਦੀ ਤਨਖਾਹ 'ਚ ਵਾਧਾ ਕੀਤਾ ਜਾਵੇ, ਸਮੇਤ 'ਮੰਗ-ਪੱਤਰ' ਵਿਚ ਦਰਜ ਤਮਾਮ ਮੰਗਾਂ ਦਾ ਹੱਲ ਤੁਰੰਤ ਕੀਤਾ ਜਾਵੇ। ਜੇਕਰ ਸਾਡੀਆਂ ਮੰਗਾਂ ਦਾ ਹੱਲ ਕਰਨ ਵਿੱਚ ਅਣਦੇਖੀ ਕੀਤੀ ਗਈ ਤਾਂ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਸੰਗਰੂਰ 'ਚ 4 ਸਤੰਬਰ 2023 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਅੱਗੇ ਪਰਿਵਾਰ ਤੇ ਬੱਚਿਆਂ ਸਮੇਤ ਪੂਰ ਅਮਨ ਢੰਗ ਨਾਲ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ, ਜਿਸ ਦੀ ਜ਼ੁੰਮੇਵਾਰੀ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਤੇ ਵਿਭਾਗੀ ਅਧਿਕਾਰੀਆਂ ਦੀ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੈੱਸ ਸਕੱਤਰ ਰਣਜੀਤ ਸਿੰਘ ਖਾਲਸਾ, ਹਰਜਿੰਦਰ ਸਿੰਘ ਮੋਮੀ ਜਰਨਲ ਸਕੱਤਰ, ਗੁਰਪ੍ਰੀਤ ਸਿੰਘ ਬਲਾਕ ਪ੍ਰਧਾਨ, ਸੁਰਜੀਤ ਸਿੰਘ ਬਲਾਕ ਪ੍ਰਧਾਨ, ਪਰਵਿੰਦਰ ਸਿੰਘ ਰਾਜਾ, ਬਲਜਿੰਦਰ ਸਿੰਘ, ਸੁਖਦੇਵ ਸਿੰਘ ਮਮਦੋਟ, ਸੰਤੋਖ ਸਿੰਘ ਫਿਰੋਜ਼ਪੁਰ, ਗੁਰਮੁੱਖ ਸਿੰਘ ਆਦਿ ਵਰਕਰ ਹਾਜ਼ਰ ਸਨ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** : ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.ਨੰ.31) ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਪੰਜਾਬ ਸਰਕਾਰ ਤੇ ਜਲ ਸਪਲਾਈ ਵਿਭਾਗ ਦੀ ਮੈਨੇਜਮੈਂਟ ਖਿਲਾਫ ਇਥੇ ਸ੍ਰੀ ਮੁਕਤਸਰ ਸਾਹਿਬ ਵਿਖੇ ਰੋਹ ਭਰਪੂਰ ਧਰਨਾ ਦਿੱਤਾ ਗਿਆ ਤੇ ਪੰਜਾਬ ਸਰਕਾਰ ਤੇ ਮੈਨੇਜਮੈਂਟ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਸੂਬਾ ਪ੍ਰਚਾਰ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ ਜ਼ਿਲ੍ਹਾ ਜਰਨਲ ਸਕੱਤਰ ਸੁਰਜੀਤ ਸਿੰਘ ਤੱਖੀ, ਜ਼ਿਲ੍ਹਾ ਮੀਤ ਪ੍ਰਧਾਨ ਜਸਵੀਰ ਸਿੰਘ ਕਾਲਾ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਬਿਕਰਮਜੀਤ ਸਿੰਘ ਕਪੂਰ ਨੇ ਜਿੱਥੇ ਪੰਜਾਬ ਸਰਕਾਰ ਤੇ ਵਿਭਾਗੀ ਮੁਖੀ ਜਸਸ ਵਿਭਾਗ ਵੱਲੋਂ 'ਲਾਰੇ ਲਗਾਓ ਤੇ ਡੰਗ ਟਪਾਓ' ਵਾਲੀ ਨੀਤੀ ਅਪਣਾਈ ਹੋਈ ਹੈ, ਉਥੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਠੇਕਾ ਮੁਲਾਜ਼ਮਾਂ ਦੇ ਕੱਚੇ ਪਿੱਲੇ ਰੁਜ਼ਗਾਰ ਨੂੰ ਖੋਹਣ ਲਈ ਤੇ ਜਸਸ ਵਿਭਾਗ ਦਾ ਨਿੱਜੀਕਰਨ/ਪੰਚਾਇਤੀਕਰਨ ਕਰਨ ਦੀਆਂ ਲੋਕ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ।

ਆਮ ਲੋਕਾਂ ਦਾ ਟੈਕਸ ਰੁਪੀ 28 ਕਰੋੜ 98 ਲੱਖ 21 ਹਜ਼ਾਰ ਰੁਪਏ ਦੀ ਲਾਗਤ ਨਾਲ ਸਾਰੇ ਪੰਜਾਬ ਵਿੱਚ 1091 ਵਾਟਰ ਸਪਲਾਈ ਸਕੀਮਾਂ 'ਤੇ ਸਕਾਡਾ ਸਿਸਟਮ ਲਗਾ ਕੇ ਨਿੱਜੀਕਰਨ ਕਰਨ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਸਕਾਡਾ ਸਿਸਟਮ ਲਗਾ ਕੇ ਵਾਟਰ ਸਪਲਾਈ ਸਕੀਮਾਂ ਲੋਕਾਂ ਦੀ ਅੰਨ੍ਹੀ ਲੁੱਟ ਕਰਵਾਉਣ ਲਈ ਕਾਰਪੋਰੇਟ ਘਰਾਣਿਆਂ ਨੂੰ ਸੌਂਪ ਦਿੱਤੀਆਂ ਜਾਣਗੀਆਂ, ਜਿਸ ਨਾਲ 4500 ਦੇ ਕਰੀਬ ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਠੇਕਾ ਮੁਲਾਜ਼ਮਾਂ ਦੇ ਰੁਜ਼ਗਾਰ ਨੂੰ ਖੋਹ ਕੇ ਬੇਰੁਜ਼ਗਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਾਡੀ ਯੂਨੀਅਨ ਕਿਸੇ ਵੀ ਕੀਮਤ 'ਤੇ ਇਸ ਨੂੰ ਬਰਦਾਸ਼ਤ ਨਹੀਂ ਕਰੇਗੀ ਤੇ ਵਰਕਰਾਂ ਦੇ ਰੁਜ਼ਗਾਰ ਨੂੰ ਪੱਕਾ ਤੇ ਸੁਰੱਖਿਅਤ ਕਰਵਾਉਣ ਤੱਕ ਸ਼ਾਂਤਮਈ ਸੰਘਰਸ਼ ਜਾਰੀ ਰੱਖਿਆ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਬੀਰ ਕੌਰ, ਗੁਰਦੇਵ ਸਿੰਘ, ਗੁਰਸੇਵਕ ਸਿੰਘ, ਜਸਵਿੰਦਰ ਸਿੰਘ, ਸੌਰਵ ਮਿਗਲਾਨੀ, ਗਗਨਦੀਪ ਸਿੰਘ, ਹਰਪ੍ਰੀਤ ਕੌਰ, ਸੁਖਵਿੰਦਰ ਕੌਰ, ਗੁਰਦੀਪ ਕੌਰ, ਬਲਵਿੰਦਰ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸਾਥੀ ਹਾਜ਼ਰ ਹੋਏ।

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.ਨੰ.31) ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਸੂਬਾ ਮੀਤ ਪ੍ਰਧਾਨ ਸੰਦੀਪ ਖਾਨ ਬਾਲਿਆਂਵਾਲੀ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਤੇ ਜਲ ਸਪਲਾਈ ਵਿਭਾਗ ਦੀ ਮੈਨੇਜਮੈਂਟ ਖਿਲਾਫ ਰੋਹ ਭਰਪੂਰ ਮਾਰਚ ਕੀਤਾ ਗਿਆ ਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸੂਬਾ ਆਗੂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਮੰਗ-ਪੱਤਰ' ਵਿੱਚ ਦਰਜ ਤਮਾਮ ਮੰਗਾਂ ਦਾ ਹੱਲ ਤੁਰੰਤ ਕੀਤਾ ਜਾਵੇ। ਜੇਕਰ ਸਾਡੀਆਂ ਮੰਗਾਂ ਦਾ ਹੱਲ ਕਰਨ ਵਿੱਚ ਅਣਦੇਖੀ ਕੀਤੀ ਗਈ ਤਾਂ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਸੰਗਰੂਰ ਵਿੱਚ 4 ਸਤੰਬਰ 2023 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਅੱਗੇ ਪਰਿਵਾਰ ਤੇ ਬੱਚਿਆਂ ਸਮੇਤ ਪੂਰ ਅਮਨ ਢੰਗ ਨਾਲ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ, ਜਿਸ ਦੀ ਜ਼ੁੰਮੇਵਾਰੀ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਤੇ ਵਿਭਾਗੀ ਅਧਿਕਾਰੀਆਂ ਦੀ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ੇਰੇ ਆਲਮ, ਜਸਵੰਤ ਸਿੰਘ, ਸੁਖਵੀਰ ਸਿੰਘ, ਕੇਵਲ ਸਿੰਘ ਵੀ ਹਾਜ਼ਰ ਸਨ।

## ਕੁਲਰੀਆਂ ਦੀ ਜ਼ਮੀਨ ਬਚਾਉਣ ਲਈ ਭਾਕਿਯੂ (ਏਕਤਾ) ਡਕੌਂਦਾ ਵੱਲੋਂ ਧਰਨਾ



**ਮਾਨਸਾ (ਆਤਮਾ ਸਿੰਘ ਪਮਾਰ)**
ਇਥੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੀ ਸੂਬਾ ਕਮੇਟੀ ਦੀ ਅਗਵਾਈ ਵਿੱਚ ਐੱਸ.ਐੱਸ.ਪੀ. ਦਫਤਰ ਮਾਨਸਾ ਅੱਗੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਨੇ ਧਰਨਾ ਲਾ ਕੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਕੇ ਰੋਸ ਪ੍ਰਗਟ ਕੀਤਾ, ਜਿਸ ਵਿੱਚ ਜ਼ਿਲ੍ਹੇ ਭਰ ਤੋਂ ਇਲਾਵਾ ਨੇੜਲੇ ਹੋਰ ਜ਼ਿਲ੍ਹਿਆਂ ਤੋਂ ਵੀ ਕਿਸਾਨਾਂ ਨੇ ਭਰਵੀਂ ਸ਼ਮੂਲੀਅਤ ਕੀਤੀ ਤੇ 13 ਜ਼ਿਲ੍ਹਿਆਂ ਦੇ ਆਗੂ ਵੀ ਸ਼ਾਮਲ ਹੋਏ।

ਜ਼ਿਕਰਯੋਗ ਹੈ ਕਿ ਮਾਨਸਾ ਜ਼ਿਲ੍ਹੇ ਦੇ ਪਿੰਡ ਕੁੱਲਰੀਆਂ ਵਿਖੇ ਮੁਰੱਬੇਬੰਦੀ ਸਮੇਂ ਬੱਚਤ ਦੀ 71 ਏਕੜ ਜ਼ਮੀਨ 'ਤੇ 100 ਪਰਿਵਾਰ ਖੇਤੀ ਕਰਦੇ ਆ ਰਹੇ ਹਨ। ਇਸ ਜ਼ਮੀਨ 'ਤੇ ਲੱਗਪਗ 40 ਪਰਿਵਾਰਾਂ ਦੇ ਘਰ ਵੀ ਬਣੇ ਹੋਏ ਹਨ, ਪਰ ਹੁਣ ਪੰਜਾਬ ਸਰਕਾਰ ਦੀ ਸ਼ਹਿ 'ਤੇ ਪੰਚਾਇਤੀ ਵਿਭਾਗ ਕਿਸਾਨਾਂ ਨੂੰ ਜ਼ਮੀਨ ਤੋਂ ਬੇਦਖਲ ਕਰਨ ਦਾ ਯਤਨ ਕਰ ਰਿਹਾ ਹੈ। ਕਿਸਾਨਾਂ ਅਨੁਸਾਰ ਮੁਰੱਬੇਬੰਦੀ ਵਿਭਾਗ ਨੇ ਇਹ ਜ਼ਮੀਨ ਕਿਸਾਨਾਂ ਦੇ ਨਾਮ ਕੀਤੀ ਹੋਈ ਹੈ ਤੇ ਸਰਕਾਰ ਉਨ੍ਹਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ। ਇਸੇ ਰੌਲੇ ਦੇ ਚੱਲਦਿਆਂ ਪਹਿਲਾਂ ਪਿੰਡ ਦੇ ਕਿਸਾਨਾਂ 'ਤੇ ਕੇਸ ਦਰਜ ਹੋਏ ਹਨ। ਫਿਰ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਧਨੇਰ ਸਮੇਤ 30 ਕਿਸਾਨਾਂ ਤੇ 150 ਅਣਪਛਾਤੇ ਕਿਸਾਨਾਂ ਖਿਲਾਫ ਵੀ ਕੇਸ ਦਰਜ ਹੋ ਚੁੱਕੇ ਹਨ। ਇਕੱਠ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਮਨਜੀਤ ਧਨੇਰ ਨੇ ਕਿਹਾ ਕਿ ਇੱਕ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਮੀਟਿੰਗ ਵਿੱਚ ਕਹਿ ਰਿਹਾ ਹੈ ਕਿ ਛੋਟੇ ਕਿਸਾਨਾਂ ਤੋਂ ਜ਼ਮੀਨ ਨਹੀਂ ਖੋਹੀ ਜਾਵੇਗੀ, ਪਰ ਉਨ੍ਹਾਂ ਦੀ ਸਰਕਾਰ ਉਨ੍ਹਾਂ ਦੀ ਕਹੀ ਗੱਲ ਲਾਗੂ ਨਹੀਂ ਕਰ ਰਹੀ। ਆਮ ਆਦਮੀ ਪਾਰਟੀ ਦਾ ਕਾਰਜਕਾਰੀ ਪ੍ਰਧਾਨ ਬੁੱਧ ਰਾਮ ਕਿਸੇ ਵੀ ਕਨੂੰਨੀ ਨੁਕਤੇ 'ਤੇ ਗੱਲ ਕਰਨ ਤੋਂ ਇਨਕਾਰੀ ਹੈ ਤੇ ਬੇਸ਼ਰਮੀ ਨਾਲ ਭੂੰ-ਮਾਫੀਆ ਦਾ ਪੱਖ ਪੂਰ ਰਿਹਾ ਹੈ। ਸਥਾਨਕ ਸਰਪੰਚ ਪੰਜਾਬ ਸਰਕਾਰ ਦੀ ਸ਼ਹਿ 'ਤੇ ਵਾਰ ਵਾਰ ਬਦਮਾਸ਼ੀ ਕਰ ਰਿਹਾ ਹੈ। ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਕਿਹਾ ਕਿ ਇਹ ਜ਼ਮੀਨ ਕਿਸਾਨਾਂ ਦੀ ਬੱਚਤ ਜ਼ਮੀਨ ਹੈ। ਇਸ ਜ਼ਮੀਨ ਦੇ ਮਾਲਕ ਤੇ ਕਾਸ਼ਤਕਾਰ ਕਿਸਾਨ ਹਨ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਸਰਕਾਰ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਆਵੇ।

ਇਕੱਠ ਨੂੰ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਸੂਬਾ ਪ੍ਰੈੱਸ ਸਕੱਤਰ ਅੰਗਰੇਜ ਸਿੰਘ ਮੋਹਾਲੀ, ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀ ਬਾਘਾ, ਮਹਿੰਦਰ ਸਿੰਘ ਦਿਆਲਪੁਰਾ ਤੇ ਜਥੇਬੰਦੀ ਦੀ ਔਰਤ ਵਿੰਗ ਦੀ ਆਗੂ ਬੀਬੀ ਅਮ੍ਰਿਤਪਾਲ ਕੌਰ ਹਰੀ ਨੌਂ ਨੇ ਵੀ ਸੰਬੋਧਨ ਕੀਤਾ।

## ਕਾਮਰੇਡ ਠਾਣਾ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ 17 ਨੂੰ

### ਲੋਕਾਂ ਦੀ ਸ਼ਮੂਲੀਅਤ ਕਰਵਾਉਣ ਲਈ ਮੁਹਿੰਮ ਚਲਾਉਣ ਦਾ ਫੈਸਲਾ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਕਾਫਲੇ 'ਚੋਂ ਵਿੱਛੜ ਗਏ ਕਮਿਊਨਿਸਟ ਇਨਕਲਾਬੀ ਲਹਿਰ ਦੀ ਆਗੂ ਸ਼ਖਸੀਅਤ ਕਾਮਰੇਡ ਠਾਣਾ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ 17 ਸਤੰਬਰ ਨੂੰ ਸਾਥੀ ਦੇ ਜੱਦੀ ਪਿੰਡ ਭਲਾਈਆਣਾ (ਮੁਕਤਸਰ) ਵਿੱਚ ਕੀਤੇ ਜਾਣ ਵਾਲੇ ਪ੍ਰੋਗਰਾਮ 'ਚ ਲੋਕਾਂ ਦੀ ਸ਼ਮੂਲੀਅਤ ਕਰਵਾਉਣ ਤੇ ਉਨ੍ਹਾਂ ਦੀ ਘਾਲੀ ਘਾਲਣਾ ਨੂੰ ਉਚਿਆਉਣ ਲਈ ਕਮੇਟੀ ਵੱਲੋਂ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ। ਇਹ ਫੈਸਲਾ ਪਿੰਡ ਭਲਾਈਆਣਾ ਵਿੱਚ ਹੋਈ ਤਿਆਰੀ ਕਮੇਟੀ ਦੀ ਮੀਟਿੰਗ 'ਚ ਕੀਤਾ ਗਿਆ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾਈ ਕਮੇਟੀ ਦੇ ਮੈਂਬਰ ਜ਼ੋਰਾ ਸਿੰਘ ਨਸਰਾਲੀ ਤੇ ਪਿਆਰਾ ਲਾਲ ਦੋਦਾ ਨੇ ਕਿਹਾ ਕਿ ਸਾਥੀ ਠਾਣਾ ਸਿੰਘ ਨੇ ਜ਼ਿੰਦਗੀ ਦੇ 55 ਸਾਲ ਜਨਤਕ ਲਹਿਰ ਦੀ ਉਸਾਰੀ ਕਰਕੇ ਲੋਕ ਤਾਕਤ ਦੇ ਜ਼ੋਰ ਲੋਕਾਂ ਦੀ ਪੁੱਗਤ ਵਾਲਾ ਰਾਜ ਭਾਗ ਬਣਾਉਣ ਲਈ ਲਹਿਰ ਦੇ ਲੇਖੇ ਲਾਏ। ਲੋਕਲ ਤਿਆਰੀ ਕਮੇਟੀ ਦੇ ਮੈਂਬਰ ਗੁਰਭਗਤ ਸਿੰਘ ਨੇ ਹਾਜ਼ਰ ਸਾਥੀਆਂ ਨੂੰ ਪੂਰੇ ਜੋਸ਼ ਖਰੋਸ਼ ਨਾਲ ਤਿਆਰੀ ਵਿੱਚ ਜੁੱਟ ਜਾਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਸਮਾਗਮ ਦੀ ਸਫਲਤਾ ਲਈ ਇਲਾਕੇ 'ਚ ਜਨਤਕ ਮੀਟਿੰਗਾਂ ਕਰਵਾਉਣ ਦੇ ਨਾਲ ਨਾਲ ਸਾਥੀ ਠਾਣਾ ਸਿੰਘ ਦੀ ਜੀਵਨ ਘਾਲਣਾ ਬਾਰੇ ਲੀਫਲੈਟ ਵੰਡੇ ਤੇ ਪੋਸਟਰ ਲਗਾਏ ਜਾਣਗੇ।

## ਸੁਸਰੀ ਦੇ ਹੱਲ ਲਈ ਮੁਹੱਲਾ ਵਾਸੀਆਂ ਵੱਲੋਂ ਸੈਂਟਰਲ ਵੇਅਰ ਹਾਊਸ ਤੇ ਐੱਫ ਸੀ ਆਈ ਦੇ ਗੇਟ ਅੱਗੇ ਧਰਨਾ


ਸੈਂਟਰਲ ਵੇਅਰ ਹਾਊਸ ਤੇ ਐੱਫ ਸੀ ਆਈ ਮੋਗਾ ਦੇ ਗੇਟ ਅੱਗੇ ਧਰਨਾ ਲਾਈ ਬੈਠੇ ਮੁਹੱਲਾ ਨਿਵਾਸੀ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪਦੇ ਹੋਏ।

**ਮੋਗਾ (ਅਮਰਜੀਤ ਬੱਬਰੀ)**-ਗੁਰੂ ਰਾਮਦਾਸ ਨਗਰ ਮੋਗਾ, ਸੰਤ ਹਰਦੇਵ ਸਿੰਘ ਨਗਰ, ਗੁਰੂ ਨਾਨਕ ਨਗਰ, ਬਾਬਾ ਜੀਵਨ ਸਿੰਘ ਨਗਰ ਦੁਨੇਕੇ ਦੇ ਸਮੂਹ ਵੱਲੋਂ ਸੈਂਟਰਲ ਵੇਅਰ ਹਾਊਸ ਤੇ ਐੱਫ ਸੀ ਆਈ ਮੋਗਾ ਦੇ ਗੇਟ 'ਤੇ ਵਿਸ਼ਾਲ ਸੰਕੇਤਕ ਪ੍ਰਦਰਸ਼ਨ ਕੀਤਾ ਗਿਆ। ਨਗਰ ਨਿਵਾਸੀ ਸੁਸਰੀ ਦੀ ਸਮੱਸਿਆ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਸਨ, ਸੰਕੇਤਕ ਪ੍ਰਦਰਸ਼ਨ ਦੌਰਾਨ ਮੁਹੱਲਾ ਗੁਰੂ ਰਾਮਦਾਸ ਨਗਰ ਦੇ ਕੌਂਸਲਰ ਮਤਵਾਲ ਸਿੰਘ, ਗੁਰੂ ਰਾਮਦਾਸ ਯੂਥ ਵੈਲਫੇਅਰ ਕਲੱਬ ਦੇ ਚੇਅਰਮੈਨ ਮੁਖਤਿਆਰ ਸਿੰਘ ਧਾਲੀਵਾਲ, ਕਲੱਬ ਦੇ ਪ੍ਰਧਾਨ ਨਿਰਮਲ ਸਿੰਘ ਮੀਨੀਆ, ਸਮਾਜਸੇਵੀ ਦਰਸਨ ਲਾਲ ਮੋਗਾ ਦੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਏਰੀਆ ਵਿੱਚ ਸੁਸਰੀ ਬਹੁਤ ਜ਼ਿਆਦਾ ਹ। ਵੇਅਰ ਹਾਊਸ ਤੇ ਐੱਫ ਸੀ ਆਈ ਮੋਗਾ ਮੈਨੇਜਮੈਂਟ ਵੱਲੋਂ ਸੁਸਰੀ ਦੇ ਖਾਤਮੇ ਲਈ ਕਣਕ ਉਪਰ ਦਿਵਾਈ ਦਾ ਛਿੜਕਾਅ ਨਾ ਕਰਨ, ਖੁੱਲ੍ਹੇ ਵਿੱਚ ਰੱਖੀ ਕਣਕ ਉਪਰ ਤਰਪਾਲਾਂ ਤੇ ਵੇਅਰ ਹਾਊਸ ਦੇ ਗੁਦਾਮਾਂ ਨੂੰ ਖੁੱਲ੍ਹਾ ਰੱਖਣ ਕਾਰਨ ਸੁਸਰੀ ਦੀ ਬਹੁਤ ਵੱਡੀ ਸਮੱਸਿਆ ਕਾਰਨ ਲੋਕਾਂ ਦਾ ਜੀਣਾ ਦੁੱਭਰ ਹੋ ਗਿਆ ਹੈ।

ਬੁਲਾਰਿਆਂ ਨੇ ਕਿਹਾ ਕਿ ਜੇਕਰ ਸਮੱਸਿਆ ਦਾ ਹੱਲ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਸਮੇਂ ਵਿੱਚ ਵਿਸ਼ਾਲ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਦੀ ਜ਼ੁੰਮੇਵਾਰੀ ਵੇਅਰ ਹਾਊਸ ਕਾਰਪੋਰੇਸ਼ਨ ਤੇ ਐੱਫ ਸੀ ਆਈ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਵੇਅਰ ਹਾਊਸ 'ਤੇ ਮਹਿਕਮੇ ਦੀ ਜੰਮ ਕੇ ਮੁਰਦਾਬਾਦ ਕੀਤੀ ਗਈ। ਮੁਹੱਲਾ ਵਾਸੀਆਂ ਵੱਲੋਂ ਪਿਛਲੇ 10 ਦਿਨਾਂ ਤੋਂ ਮੋਗਾ ਦੇ ਪ੍ਰਸ਼ਾਸਨ, ਨਗਰ ਨਿਗਮ ਦੇ ਅਧਿਕਾਰੀਆਂ, ਹਲਕਾ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਨੂੰ ਸੁਸਰੀ ਦਾ ਹੱਲ ਕਰਾਉਣ ਲਈ ਬੇਨਤੀ ਕੀਤੀ ਗਈ । ਹੈਰਾਨੀ ਦੀ ਗੱਲ ਕਿਸੇ ਵੀ ਅਧਿਕਾਰੀ ਵੱਲੋਂ ਸਮੱਸਿਆ ਦਾ ਹੱਲ ਨਹੀਂ ਕਰਵਾਇਆ ਗਿਆ।

ਇਸ ਮੌਕੇ ਮੁਹੱਲਾ ਗੁਰੂ ਰਾਮਦਾਸ ਨਗਰ ਮੋਗਾ ਦੇ ਮੋਹਤਵਰ ਸ੍ਰੀ ਉਮ ਪ੍ਰਕਾਸ਼ ਸਲੋਦੀਆ, ਜਤਿੰਦਰ ਕੁਮਾਰ ਜੋਨੀ, ਪਵਿੱਤਰ ਲਾਲ, ਜਸਵਿੰਦਰ ਸਿੰਘ ਨੈਸਲੇ, ਡਾਕਟਰ ਗੁਰਪ੍ਰੀਤ ਸਿੰਘ, ਗੋਪੀ ਰਾਮ, ਸਤਨਾਮ ਸਿੰਘ ਮਿਸਤਰੀ, ਸੁਰਜੀਤ ਸਿੰਘ ਨੈਸਲੇ, ਭੈਣ ਗੁਰਿੰਦਰ ਕੌਰ, ਮਨਦੀਪ ਕੌਰ, ਮਨਜੀਤ ਕੌਰ, ਕ੍ਰਿਸ਼ਨਾ, ਸ਼ਮਲਾ ਰਾਣੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਹੱਲਾ ਹਾਜ਼ਰ ਸਨ। ਸੈਂਟਰਲ ਵੇਅਰ ਹਾਊਸ ਕਾਰਪੋਰੇਸ਼ਨ ਤੇ ਐੱਫ ਸੀ ਆਈ ਮੋਗਾ ਦੀ ਮੈਨੇਜਮੈਂਟ ਨੂੰ ਸੁਸਰੀ ਦੇ ਖਾਤਮੇ ਲਈ ਮੰਗ ਪੱਤਰ ਸੌਂਪਿਆ ਗਿਆ। ਅਧਿਕਾਰੀਆਂ ਵਲੋਂ ਵਿਸ਼ਵਾਸ ਦਿਵਾਇਆ ਕਿ ਇਹ ਸੁਸਰੀ ਦੀ ਸਮੱਸਿਆ ਦਾ ਹੱਲ ਤੁਰੰਤ ਕੀਤਾ ਜਾਵੇਗਾ।

## 'ਖੇਡਾਂ ਵਤਨ ਪੰਜਾਬ ਦੀਆ' ਤਹਿਤ ਪਹਿਲੀ ਤੋਂ ਸ਼ੁਰੂ ਹੋਣਗੀਆਂ ਬਲਾਕ ਪੱਧਰੀ ਖੇਡਾਂ : ਪਰਨੀਤ ਸ਼ੇਰਗਿੱਲ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਪ੍ਰਫੁੱਲਤ ਕਰਨ ਤੇ ਖੇਡ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦੇ ਮੰਤਵ ਨਾਲ ਕਰਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਦੇ ਪਹਿਲੇ ਸੀਜ਼ਨ ਦੀ ਸਫ਼ਲਤਾ ਨੂੰ ਵੇਖਦੇ ਹੋਏ ਖੇਡ ਵਿਭਾਗ ਵੱਲੋਂ ਸੀਜ਼ਨ-2 ਤਹਿਤ ਕਰਾਈਆਂ ਜਾਣ ਵਾਲੀਆਂ ਬਲਾਕ ਪੱਧਰੀ, ਜ਼ਿਲ੍ਹਾ ਪੱਧਰੀ ਤੇ ਰਾਜ ਪੱਧਰੀ ਖੇਡਾਂ ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ, ਜਿਸ ਤਹਿਤ 01 ਸਤੰਬਰ ਤੋਂ ਬਲਾਕ ਪੱਧਰੀ ਖੇਡਾਂ ਸ਼ੁਰੂ ਹੋਣਗੀਆਂ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਬਾਰੇ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਨੂੰ ਵੀ ਪਹਿਲੇ ਸੀਜ਼ਨ ਵਾਂਗ ਸਫ਼ਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਸਬੰਧਤ ਅਧਿਕਾਰੀਆਂ ਦੀਆਂ ਡਿਊਟੀਆਂ ਲਾਈਆਂ ਗਈਆਂ ਹਨ। ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਦੱਸਿਆ ਕਿ ਬਲਾਕ ਸਰਹਿੰਦ ਦੀਆਂ ਖੇਡਾਂ 01 ਤੋਂ 03 ਸਤੰਬਰ ਤੱਕ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਕਰਾਈਆਂ ਜਾਣਗੀਆਂ, ਜਦੋਂਕਿ ਬਸੀ ਪਠਾਣਾਂ ਬਲਾਕ ਦੀਆਂ ਖੇਡਾਂ 05 ਸਤੰਬਰ ਤੋਂ 07 ਸਤੰਬਰ ਤੱਕ ਪੁਲਸ ਲਾਇਨ ਜੋਧਪੁਰ, ਆਈ.ਟੀ.ਆਈ. ਬਸੀ ਪਠਾਣਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਬਸੀ ਪਠਾਣਾਂ ਵਿਖੇ ਕਰਾਈਆਂ ਜਾਣਗੀਆਂ। ਉਨ੍ਹਾਂ ਹੋਰ ਦੱਸਿਆ ਕਿ ਖੇੜਾ ਬਲਾਕ ਦੀਆਂ ਖੇਡਾਂ 05 ਸਤੰਬਰ ਤੋਂ 07 ਸਤੰਬਰ ਤੱਕ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਬਲਾਕ ਖਮਾਣੋਂ ਦੀਆਂ ਖੇਡਾਂ 08 ਸਤੰਬਰ ਤੋਂ 10 ਸਤੰਬਰ ਤੱਕ ਖੇਡ ਸਟੇਡੀਅਮ ਖਮਾਣੋਂ, ਕੋਰਡੀਆ ਕਾਲਜ ਸੰਘੋਲ, ਖੇਡ ਸਟੇਡੀਅਮ ਰਿਆ ਅਤੇ ਸੀਨੀਅਰ ਸੈਕੰਡਰੀ ਖਾਲਸਾ ਸਕੂਲ ਖਮਾਣੋਂ ਵਿਖੇ ਅਤੇ ਬਲਾਕ ਅਮਲੋਹ ਦੀਆਂ ਖੇਡਾਂ 08 ਸਤੰਬਰ ਤੋਂ 09 ਸਤੰਬਰ ਤੱਕ ਸੀਨੀਅਰ ਸੈਕੰਡਰੀ ਖਾਲਸਾ ਸਕੂਲ ਮੰਡੀ ਗੋਬਿੰਦਗੜ੍ਹ ਤੇ ਦਾ ਐਮੀਨੈਂਸ ਸਕੂਲ (ਲੜਕੇ) ਅਮਲੋਹ ਵਿਖੇ ਕਰਾਈਆਂ ਜਾਣਗੀਆਂ।

## ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਡੀ ਸੀ ਦਫਤਰਾਂ ਅੱਗੇ ਧਰਨੇ 6 ਨੂੰ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਗਿੱਦੜਬਾਹਾ ਬਲਾਕ ਪੱਧਰੀ ਮੀਟਿੰਗ ਜਨਰਲ ਸਕੱਤਰ ਸੁੱਚਾ ਸਿੰਘ ਕੋਟਭਾਈ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਗੁਪਤਸਰ ਸਾਹਿਬ ਛੱਤੇਆਣਾ ਵਿਖੇ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ ਵੀ ਹਾਜ਼ਰ ਸਨ। ਮੀਟਿੰਗ ਵਿੱਚ ਨਸ਼ਿਆਂ ਦੇ ਕਾਰੋਬਾਰ 'ਤੇ ਨੱਥ ਪਾਉਣ ਲਈ 6 ਸਤੰਬਰ ਨੂੰ ਪੰਜਾਬ ਭਰ 'ਚ ਸੂਬਾ ਕਮੇਟੀ ਦੇ ਸੱਦੇ 'ਤੇ ਡੀ ਸੀ ਦਫਤਰਾਂ ਮੂਹਰੇ ਧਰਨੇ ਦਿੱਤੇ ਜਾਣਗੇ, ਜਿਸ ਦਾ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਪਿੰਡਾਂ ਵਿੱਚ ਮੀਟਿੰਗਾਂ, ਝੰਡਾ ਮਾਰਚ ਤੇ ਰੈਲੀਆਂ ਕੀਤੀਆਂ ਜਾਣਗੀਆਂ। ਧਰਨਿਆਂ 'ਚ ਪਰਵਾਰਾਂ ਸਮੇਤ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। 30 ਅਗਸਤ ਨੂੰ ਪਿੰਡ ਭਲਾਈਆਣਾ ਤੋਂ ਚੋਟੀਆਂ, ਸਹਿਬਚੰਦ, ਕੋਟਭਾਈ, ਦੌਲਾ, ਪਿਊਰੀ, ਗਿੱਦੜਬਾਹਾ, ਭਾਰੂ, ਬੁੱਟਰ ਬਖੂਹਾ, ਮਧੀਰ, ਰੁਖਾਲਾ, ਸੁਖਨਾ ਅਬਲੂ, ਛੱਤੇਆਣਾ 'ਚ ਝੰਡਾ ਮਾਰਚ ਕੀਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ, ਸੁੱਚਾ ਸਿੰਘ ਕੋਟਭਾਈ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਿਆਂ ਦੀ ਅਸਲ ਜੜ੍ਹ ਨਸ਼ਿਆਂ ਦੇ ਵੱਡੇ ਕਾਰੋਬਾਰ ਸੌਦਾਗਰਾਂ ਦੇ ਘਰ ਤੋਂ ਚੱਲਦੀ ਹੈ। ਇਸ ਲਈ ਨਸ਼ਿਆਂ ਦੇ ਅਸਲੀ ਸੌਦਾਗਰਾਂ ਤੇ ਕਾਰਪੋਰੇਟ ਘਰਾਣਿਆਂ ਨੂੰ ਸਖਤ ਸਜ਼ਾਵਾਂ ਦਿਵਾਈਏ ਤੇ ਨਸ਼ਾ ਮੁਕਤ ਪੰਜਾਬ ਬਣਾਉਣ ਵਿੱਚ ਸਹਾਈ ਹੋਈਏ। ਉਨ੍ਹਾਂ ਆਉਣ ਵਾਲੀ 6 ਸਤੰਬਰ ਨੂੰ ਡੀ ਸੀ ਦਫਤਰਾਂ ਮੂਹਰੇ ਲੱਗਣ ਵਾਲੇ ਧਰਨਿਆਂ 'ਚ ਵੱਡੇ ਇਕੱਠਾਂ ਨਾਲ ਪਰਵਾਰਾਂ ਸਮੇਤ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ। ਇਸ ਮੌਕੇ ਬਲਾਕ ਮੀਤ ਪ੍ਰਧਾਨ ਜੋਗਿੰਦਰ ਸਿੰਘ ਬੁੱਟਰ ਸਰੀਂਹ, ਹਰਪਾਲ ਸਿੰਘ ਚੀਮਾ ਧੂਲਕੋਟ, ਬਿੱਕਰ ਸਿੰਘ ਭਲਾਈਆਣਾ, ਗੁਲਾਬ ਸਿੰਘ, ਰਣਜੀਤ ਸਿੰਘ ਬੁੱਟਰ ਬਖੂਹਾ, ਜਸਵੀਰ ਸਿੰਘ ਪੱਪਲਾ, ਮਲਕੀਤ ਸਿੰਘ ਦੋਦਾ, ਜਗਰਾਜ ਸਿੰਘ ਸੁਖਨਾ, ਸਾਧੂ ਸਿੰਘ, ਬੂਟਾ ਸਿੰਘ, ਗੁਰਦੇਵ ਸਿੰਘ ਜਸਵਿੰਦਰ ਸਿੰਘ ਛੱਤੇਆਣਾ, ਜਗਰੂਪ ਸਿੰਘ ਗੂੜੀ ਸੰਘਰ ਆਦਿ ਹਾਜ਼ਰ ਸਨ।

**ਚੀਮਾ ਮੰਡੀ (ਰਵਿੰਦਰ ਚੀਮਾ)** : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਚਲਾਈ ਗਈ ਨਸ਼ਾ ਵਿਰੋਧੀ ਮੁਹਿੰਮ ਲਹਿਰ ਬਣਦੀ ਜਾ ਰਹੀ ਹੈ। ਨਸ਼ਾ ਵਿਰੋਧੀ ਮੁਹਿੰਮ ਨੂੰ ਲੈ ਕੇ ਪੰਜਾਬ ਭਰ ਦੇ ਸੱਦੇ 'ਤੇ ਪੰਜਾਬ ਦੇ ਸਾਰੇ ਡੀ ਸੀ ਦਫ਼ਤਰਾਂ ਤੇ ਇਕਰੋਜ਼ਾ ਧਰਨੇ ਦਿੱਤੇ ਜਾਣਗੇ, ਜਿਸਦੀ ਤਿਆਰੀ ਜੰਗੀ ਪੱਧਰ 'ਤੇ ਚੱਲ ਰਹੀ ਹੈ। ਪਿੰਡ ਬੀਰ ਕਲਾਂ ਤੇ ਮਾਡਲ ਟਾਊਨ ਵਿੱਚ ਭਰਵੀਂ ਰੈਲੀਆਂ ਕੀਤੀਆਂ ਗਈਆਂ। ਇਨ੍ਹਾਂ ਰੈਲੀਆਂ ਵਿੱਚ ਔਰਤਾਂ ਨੇ ਭਾਰੀ ਸ਼ਮੂਲੀਅਤ ਕੀਤੀ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੀਡਰਾਂ ਵੱਲੋਂ ਚਲਾਇਆ ਨਸ਼ਾ ਪੰਜਾਬ ਲਈ ਕੋਹੜ ਬਣਦਾ ਜਾ ਰਿਹਾ ਹੈ। ਪੰਜਾਬ ਵਿੱਚ ਜੋ ਵੀ ਸਰਕਾਰਾਂ ਆਈਆਂ, ਕਿਸੇ ਨੇ ਵੀ ਨਸ਼ੇ ਦੀ ਰੋਕਥਾਮ ਲਈ ਉਪਰਾਲਾ ਕੀਤਾ ਨਹੀ ਕੀਤਾ, ਸਗੋਂ ਜੋ ਵੀ ਸਰਕਾਰਾਂ ਆਈਆਂ, ਸਾਰੀਆਂ ਸਰਕਾਰਾਂ ਦੇ ਮੰਤਰੀਆਂ 'ਤੇ ਨਸ਼ਾ ਤਸਕਰੀ ਦੇ ਦੋਸ਼ ਲੱਗਦੇ ਰਹੇ ਹਨ। ਰੈਲੀਆਂ ਸੁਨਾਮ ਬਲਾਕ ਦੇ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਤੇ ਪ੍ਰੈੱਸ ਸਕੱਤਰ ਸੁਖਪਾਲ ਸਿੰਘ ਮਾਣਕ ਦੀ ਅਗਵਾਈ ਹੇਠ ਕੀਤੀਆਂ ਗਈਆਂ। ਰੈਲੀਆਂ ਨੂੰ ਔਰਤਾਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸੁਨਾਮ ਬਲਾਕ ਦੀ ਔਰਤ ਵਿੰਗ ਪ੍ਰਧਾਨ ਆਗੂ ਜਸਵੀਰ ਕੌਰ ਉਗਰਾਹਾਂਠ ਇੰਦਰਜੀਤ ਸਿੰਘ ਉਗਰਾਹਾਂ ਤੇ ਮਨਜੀਤ ਕੌਰ ਤੋਲਾਵਾਲ ਆਦਿ ਹਾਜ਼ਰ ਸਨ।

## ਨਰੇਗਾ ਮਜ਼ਦੂਰਾਂ ਵੱਲੋਂ 31 ਦੇ ਧਰਨੇ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਮੋਗਾ (ਅਮਰਜੀਤ ਬੱਬਰੀ)**-ਨਰੇਗਾ ਮਜ਼ਦੂਰਾਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਉਨ੍ਹਾਂ ਨਾਲ ਹੋ ਰਹੀਆਂ ਬੇਇਨਸਾਫੀਆਂ ਵਿਰੁੱਧ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਵੱਲੋਂ 31 ਅਗਸਤ ਨੂੰ ਡੀ. ਸੀ. ਦਫਤਰ ਮੋਗਾ ਵਿਖੇ ਲਗਾਏ ਜਾ ਰਹੇ ਧਰਨੇ ਦੀਆਂ ਪੂਰੇ ਜ਼ਿਲ੍ਹੇ ਵਿੱਚ ਤਿਆਰੀਆਂ ਚੱਲ ਰਹੀਆਂ ਹਨ।

ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਜਗਸੀਰ ਖੋਸਾ, ਸਲਾਹਕਾਰ ਕੁਲਦੀਪ ਸਿੰਘ ਭੋਲਾ ਤੇ ਸੀਨੀਅਰ ਆਗੂ ਸੇਰ ਸਿੰਘ ਦੌਲਤਪੁਰਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਨਰੇਗਾ ਮਜ਼ਦੂਰਾਂ ਨਾਲ ਦਿਹਾੜੀ ਦੇ ਮਾਮਲੇ 'ਤੇ ਕੀਤੀ ਜਾ ਰਹੀ ਵਧੀਕੀ ਖਿਲਾਫ ਸਟੇਟ ਕਮੇਟੀ ਦੇ ਸੱਦੇ 'ਤੇ ਪੰਜਾਬ ਦੇ ਜ਼ਿਲ੍ਹਿਆਂ ਵਿੱਚ ਯੂਨੀਅਨ ਵੱਲੋਂ ਧਰਨੇ ਦਿੱਤੇ ਜਾ ਰਹੇ ਹਨ, ਕਿਉਂਕਿ ਨਰੇਗਾ ਕਾਨੂੰਨ ਅਨੁਸਾਰ ਨਰੇਗਾ ਕਾਮਿਆਂ ਨੂੰ ਖੇਤੀ ਕਾਮਿਆਂ ਦੇ ਬਰਾਬਰ ਦੀ ਦਿਹਾੜੀ ਦਿੱਤੀ ਜਾਣੀ ਚਾਹੀਦੀ ਹੈ, ਜੋ ਕਿ ਇਸ ਵਕਤ 398 ਰੁਪਏ ਹਨ, ਪਰ ਪੰਜਾਬ ਵਿਚ 303 ਰੁਪਏ ਦੇ ਕੇ 95 ਰੁਪਏ ਇੱਕ ਦਿਨ ਦੇ ਮਾਰੇ ਜਾ ਰਹੇ ਹਨ। ਇਸ ਸਬੰਧੀ ਜਿੱਥੇ ਨਰੇਗਾ ਕਾਮਿਆਂ ਵਿੱਚ ਰੋਸ ਪਾਇਆ ਜਾ ਰਿਹਾ ਹੈ, ਉੱਥੇ ਪੰਜਾਬ ਸਰਕਾਰ ਵੱਲੋਂ ਵੀ ਇਸ ਸਬੰਧੀ ਕੇਂਦਰ ਸਰਕਾਰ ਨੂੰ ਇੱਕ ਪੱਤਰ ਲਿਖ ਕੇ ਪੰਜਾਬ ਦੇ ਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਧਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਯੂਨੀਅਨ ਵੱਲੋਂ ਲਾਈਆਂ ਡਿਊਟੀਆਂ ਅਨੁਸਾਰ ਬਲਾਕ ਨਿਹਾਲ ਸਿੰਘ ਵਾਲਾ 'ਚ ਹਰਭਜਨ ਸਿੰਘ ਭੱਟੀ, ਮਹਿੰਦਰ ਧੂੜਕੋਟ ਤੇ ਗੁਰਦਿੱਤ ਦੀ ਅਗਵਾਈ ਵਿੱਚ ਬਲਾਕ ਮੋਗਾ-2 ਵਿੱਚ ਰਾਜੂ ਮਹੇਸਰੀ, ਰਮਨਦੀਪ ਕੌਰ ਡਰੋਲੀ, ਸੁੱਖਾ ਪੇਂਟਰ ਤੇ ਜਬਰਜੰਗ ਸਿੰਘ ਦੀ ਅਗਵਾਈ ਵਿੱਚ ਬਲਾਕ ਮੋਗਾ-1 ਵਿੱਚ ਬੋਹੜ ਸਿੰਘ ਬੁੱਟਰ, ਸਵਰਾਜ ਢੁੱਡੀਕੇ ਤੇ ਅਮਰਜੀਤ ਕੌਰ ਮਹਿਣਾ ਤੇ ਮਨਜੀਤ ਕੌਰ ਚੂਹੜਚੱਕ ਦੀ ਅਗਵਾਈ ਹੇਠ, ਬਲਾਕ ਕੋਟ ਈਸੇ ਖਾਂ ਵਿਖੇ ਬਿੰਦਰ ਕੌਰ ਗਲੋਟੀ, ਕਮਲੇਸ ਸਿੰਘ, ਅਮਰਜੀਤ ਸਿੰਘ ਇੰਦਰਗੜ੍ਹ ਤੇ ਕੁਲਦੀਪ ਕੌਰ ਦੀ ਅਗਵਾਈ ਹੇਠ ਅਤੇ ਬਲਾਕ ਬਾਘਾ ਪੁਰਾਣਾ ਵਿੱਚ ਸਰਬਜੀਤ ਕੌਰ ਬੁੱਧ ਸਿੰਘ ਵਾਲਾ ਦੀ ਅਗਵਾਈ ਵਿੱਚ ਧਰਨੇ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਧਰਨੇ ਨੂੰ ਜਥੇਬੰਦੀ ਦੇ ਮੁੱਖ ਸਲਾਹਕਾਰ ਸਾਥੀ ਜਗਰੂਪ ਤੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਸੰਬੋਧਨ ਕਰਨਗੇ।

## ਅੱਖਰਾਂ ਦੇ ਆਸ਼ਕ ਸਾਹਿਤ ਮੰਚ ਨੇ ਕਰਾਇਆ ਕਵੀ ਦਰਬਾਰ ਤੇ ਪੁਸਤਕ ਲੋਕ ਅਰਪਣ ਸਮਾਗਮ



**ਸੰਗਤ ਮੰਡੀ (ਰਾਜਦੀਪ ਜੋਸ਼ੀ)**
ਅੱਖਰਾਂ ਦੇ ਆਸ਼ਕ ਸਾਹਿਤ ਮੰਚ ਪੰਜਾਬ ਵੱਲੋਂ ਟੀਚਰ ਹੋਮ ਬਠਿੰਡਾ ਵਿਖੇ ਪੁਸਤਕ ਲੋਕ ਅਰਪਣ ਸਮਾਗਮ ਕਰਾਇਆ ਗਿਆ, ਜਿਸ ਵਿੱਚ ਗੁਰੀ ਆਦੀਵਾਲ ਵੱਲੋਂ ਸੰਪਾਦਤ ਕੀਤਾ ਸਾਂਝਾ ਕਾਵਿ ਸੰਗ੍ਰਹਿ 'ਹਸਰਤ' ਤੇ ਲੇਖਕ ਅਵਤਾਰ ਸਿੰਘ ਔਲਖ ਦੀ ਪਲੇਠੀ ਪੁਸਤਕ 'ਚਿੜੀਆਂ' ਨੂੰ ਲੋਕ ਅਰਪਣ ਕੀਤਾ ਗਿਆ। ਸਮਾਗਮ ਵਿੱਚ ਪੰਜਾਬ ਦੇ ਉੱਘੇ ਕਵੀਸ਼ਰ ਮਾਸਟਰ ਰੇਵਤੀ ਪ੍ਰਸਾਦ ਤੇ ਸ਼ਾਇਰਾ ਸਿਮਰਨ ਅਕਸ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਹ ਸਮਾਗਮ ਡਾ. ਕੁਲਵਿੰਦਰ ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਹੋਇਆ ਤੇ ਮੰਚ ਸੰਚਾਲਨ ਦੀ ਭੂਮਿਕਾ ਸੁਖਰਾਜ ਮੰਡੀ ਕਲਾਂ ਵੱਲੋਂ ਨਿਭਾਈ ਗਈ। ਸਮਾਗਮ ਦੀ ਸ਼ੁਰੂਆਤ ਵਿੱਚ ਪੰਜਾਬੀ ਸਾਹਿਤ ਦੇ ਉੱਘੇ ਲੇਖਕ ਤੇ ਆਲੋਚਕ ਦੇਸ ਰਾਜ ਕਾਲੀ ਜੀ ਦੇ ਬੇਵਕਤ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਜਾਣ 'ਤੇ ਸਾਹਿਤਕਾਰਾਂ ਵੱਲੋਂ ਅਫ਼ਸੋਸ ਪ੍ਰਗਟ ਕੀਤਾ ਗਿਆ। ਸਮਾਗਮ ਵਿੱਚ ਹਾਜ਼ਰ ਕਵੀਆਂ ਵੱਲੋਂ ਕਵਿਤਾ ਪਾਠ ਕੀਤਾ ਗਿਆ, ਜਿਸ ਵਿੱਚ ਕੁਲਦੀਪ ਸਿੰਘ ਬੰਗੀ, ਜੱਸ ਬਠਿੰਡਾ, ਪ੍ਰੋ. ਗੁਰਜੀਤ ਸਿੰਘ, ਬਲਵੀਰ ਸਿੰਘ ਸਨੇਹੀ, ਕਵੀਸ਼ਰ ਦਰਸ਼ਨ ਭੰਮੇ, ਕੁਲਦੀਪ ਦੀਪ, ਸਿਕੰਦਰ ਚੰਦਭਾਨ, ਵਤਨਵੀਰ ਜਖਮੀ, ਸ਼ਿਵੂ, ਹਰਸ਼ ਗੱਦਰਖੇੜਾ, ਹੈਰੀ ਭੋਲੂਵਾਲਾ, ਸੁਖਨੂਰ ਸਿੰਘ, ਸੁਰਿੰਦਰ ਸਿੰਘ ਆਦਿ ਕਵੀਆਂ ਵੱਲੋਂ ਹਾਜ਼ਰੀ ਭਰੀ ਗਈ। ਸਮਾਗਮ ਦੇ ਅਖੀਰ ਵਿੱਚ ਮੰਚ ਦੇ ਪ੍ਰਧਾਨ ਕੰਵਰਜੀਤ ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ ਤੇ ਕੈਫੇ ਵਰਲਡ ਪਬਲੀਕੇਸ਼ਨਜ਼ ਵੱਲੋਂ ਚਲਾਈ ਗਈ 'ਹਰ ਨੌਜਵਾਨ ਹੱਥ ਕਿਤਾਬ' ਮੁਹਿੰਮ ਨਾਲ ਜੁੜਨ ਲਈ ਪ੍ਰੇਰਤ ਕੀਤਾ।

## ਦੇਸ਼ ਭਗਤ 'ਵਰਸਿਟੀ ਤੇ ਫਿਲਾਡੇਲਫੀਆ ਹਸਪਤਾਲ 'ਚ ਐੱਮ ਓ ਯੂ 'ਤੇ ਹਸਤਾਖਰ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਦੇਸ਼ ਭਗਤ ਯੂਨੀਵਰਸਿਟੀ, ਸੈਂਟਰ ਆਫ ਐਕਸੀਲੈਂਸ, ਮੰਡੀ ਗੋਬਿੰਦਗੜ੍ਹ ਨੇ ਫਿਲਾਡੇਲਫੀਆ ਹਸਪਤਾਲ, ਅੰਬਾਲਾ ਸ਼ਹਿਰ ਨਾਲ ਐਮ.ਓ.ਯੂ 'ਤੇ ਹਸਤਾਖਰ ਕੀਤੇ। ਜ਼ਿਕਰਯੋਗ ਹੈ ਕਿ ਦੋਵੇਂ ਸੰਸਥਾਵਾਂ ਹੈਲਥਕੇਅਰ ਸੈਕਟਰ ਵਿੱਚ ਦਿੱਗਜ ਹਨ ਤੇ ਲੋਕਾਂ ਦੀ ਸੇਵਾ ਕਰਨ ਅਤੇ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹਨ। ਸ੍ਰੀ ਸੁਰਿੰਦਰ ਪਾਲ ਕਪੂਰ, ਡਾਇਰੈਕਟਰ ਐਡਮਨਿਸਟ੍ਰੇਸ਼ਨ, ਸੈਂਟਰ ਆਫ਼ ਐਕਸੀਲੈਂਸ ਨੇ ਡਾ. ਜ਼ੋਰਾ ਸਿੰਘ, ਮਾਨਯੋਗ ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ ਤੇ ਡਾ. ਸੁਨੀਲ ਕੁਮਾਰ ਸਾਦਿਕ, ਡਾਇਰੈਕਟਰ, ਫਿਲਾਡੇਲਫੀਆ ਇੰਸਟੀਚਿਊਟ, ਡਾ. ਮਾਲਿਨੀ ਕੂਨਰ, ਮੁਖੀ, ਅੱਖਾਂ ਦਾ ਵਿਭਾਗ ਅਤੇ ਡਾ. ਅਖਿਲ ਸੋਨੀ, ਮੁਖੀ, ਫ਼ਿਜ਼ੀਓਥੈਰੇਪੀ ਵਿਭਾਗ ਦਾ ਸਵਾਗਤ ਕੀਤਾ। ਸ੍ਰੀ ਸੁਰਿੰਦਰ ਪਾਲ ਕਪੂਰ ਨੇ ਦੱਸਿਆ ਕਿ ਦੇਸ਼ ਭਗਤ ਹਸਪਤਾਲ ਨੇ ਸਿਹਤ ਸੰਭਾਲ ਦੇ ਖੇਤਰ ਵਿੱਚ ਇੱਕ ਪ੍ਰਮੁੱਖ ਸੰਸਥਾ ਵਜੋਂ ਆਪਣੀ ਪਛਾਣ ਬਣਾਈ ਹੈ, ਜਿਸ ਵਿੱਚ ਦੇਸ਼ ਭਗਤ ਹਸਪਤਾਲ ਵੱਲੋਂ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿੱਚ ਸਮੇਂ-ਸਮੇਂ 'ਤੇ ਮੁਫ਼ਤ ਮੈਡੀਕਲ ਵੀ ਦਿੱਤੀਆਂ ਜਾਂਦੀਆਂ ਹਨ। ਡਾ. ਜ਼ੋਰਾ ਸਿੰਘ, ਮਾਣਯੋਗ ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ ਨੇ ਦੋਵਾਂ ਸੰਸਥਾਵਾਂ ਨੂੰ ਇਸ ਸਹਿਮਤੀ ਪੱਤਰ 'ਤੇ ਦਸਤਖ਼ਤ ਕਰਨ ਲਈ ਵਧਾਈ ਦਿੱਤੀ। ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਦੇਸ਼ ਭਗਤ ਹਸਪਤਾਲ ਰਵਾਇਤੀ ਥੈਰੇਪੀ ਅਤੇ ਆਧੁਨਿਕ ਜਾਂਚਾਂ ਦੇ ਸੁਮੇਲ ਰਾਹੀਂ ਸਰਵੋਤਮ ਮੈਡੀਕਲ ਸਹੂਲਤ ਅਤੇ ਉੱਚ ਮਿਆਰਾਂ ਦੀ ਵਿਸ਼ੇਸ਼ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਲਈ ਹਮੇਸ਼ਾ ਵਚਨਬੱਧ ਹੈ। ਡਾ. ਸੁਨੀਲ ਕੁਮਾਰ ਸਾਦਿਕ, ਡਾਇਰੈਕਟਰ, ਫਿਲਾਡੇਲਫੀਆ ਇੰਸਟੀਚਿਊਟ ਆਫ ਅਲਾਈਡ ਹੈਲਥ ਸਾਇੰਸਿਜ਼ ਨੇ ਵੀ ਦੋਵਾਂ ਸੰਸਥਾਵਾਂ ਨੂੰ ਵਧਾਈ ਦਿੱਤੀ ਡਾ. ਸਾਦਿਕ ਨੇ ਕਿਹਾ ਕਿ ਫਿਲਾਡੇਲਫੀਆ ਹਸਪਤਾਲ ਹਰਿਆਣਾ ਰਾਜ ਵਿੱਚ ਸਿਹਤ ਸੰਭਾਲ ਵਿੱਚ ਸਰਵੋਤਮ ਸੇਵਾ ਪ੍ਰਦਾਨ ਕਰਨ ਵਾਲੀ 140 ਸਾਲ ਪੁਰਾਣੀ ਸੰਸਥਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕੇਂਦਰ ਨੂੰ ਅਕਾਦਮਿਕ ਸੈਸ਼ਨ 2023-24 ਤੋਂ ਅਲਾਈਡ ਹੈਲਥ ਸਾਇੰਸਿਜ਼ ਦੇ 13 ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਨੂੰ ਸਲਾਹ ਅਤੇ ਦਾਖਲਾ ਦੇਣ ਦੀ ਆਗਿਆ ਹੈ ਅਤੇ ਉਹ ਸਮਾਜ ਦੀ ਭਲਾਈ ਲਈ ਕੰਮ ਕਰਨ ਲਈ ਡੀ.ਬੀ.ਯੂ ਨਾਲ ਇਸ ਐਮ.ਓ.ਯੂ 'ਤੇ ਦਸਤਖ਼ਤ ਕਰਕੇ ਬਹੁਤ ਖੁਸ਼ ਹਨ।

## ਨੌਕਰੀ ਰੈਗੂਲਰ, ਪਰ ਸਹੂਲਤਾਂ ਕੱਚੇ ਮੁਲਾਜ਼ਮਾਂ ਵਾਂਗ ਹੀ ਹੰਢਾਉਂਦੇ ਨੇ ਕੰਪਿਊਟਰ ਅਧਿਆਪਕ

**ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)**
ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ ਨੇ ਜ਼ਿਲ੍ਹਾ ਲੁਧਿਆਣਾ ਦੇ ਨੌਜਵਾਨ ਕੰਪਿਊਟਰ ਅਧਿਆਪਕ ਲਵਪ੍ਰੀਤ ਸਿੰਘ ਦੀ ਸੰਖੇਪ ਬਿਮਾਰੀ ਤੋਂ ਬਾਅਦ ਹੋਈ ਦੁਖਦਾਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਥੇਬੰਦੀ ਨੇ ਪੀੜਤ ਪਰਵਾਰ ਨੂੰ ਘੱਟੋ ਘੱਟ ਇੱਕ ਕਰੋੜ ਰੁਪਏ ਮੁਆਵਜ਼ਾ ਦੇਣ, ਪਰਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦੇਣ ਤੇ ਹੋਰ ਰੈਗੂਲਰ ਅਧਿਆਪਕਾਂ ਵਾਲੀਆਂ ਸਹੂਲਤਾਂ ਦੇਣ ਦੀ ਪੁਰਜ਼ੋਰ ਮੰਗ ਕੀਤੀ ਹੈ।

ਡੀ ਟੀ ਐਫ਼ ਦੇ ਸੂਬਾ ਪ੍ਰਧਾਨ ਦਿਗਵਿਜੈ ਪਾਲ ਸ਼ਰਮਾ, ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਕਿਹਾ ਕਿ ਕੰਪਿਊਟਰ ਅਧਿਆਪਕ ਲਗਾਤਾਰ ਸਰਕਾਰੀ ਬੇਰੁਖੀ ਦਾ ਸ਼ਿਕਾਰ ਹੋ ਰਹੇ ਹਨ। ਬੇਸ਼ੱਕ ਕੰਪਿਊਟਰ ਅਧਿਆਪਕ ਨੂੰ ਸਰਕਾਰ ਰੈਗੂਲਰ ਕ੍ਰਮਚਾਰੀ ਹੀ ਮੰਨਦੀ ਹੈ, ਪਰ ਤ੍ਰਾਸਦੀ ਇਹ ਹੈ ਕਿ ਨਾ ਤਾਂ ਅੱਜ ਤੱਕ ਸਰਕਾਰ ਨੇ ਇਨ੍ਹਾਂ ਅਧਿਆਪਕ 'ਤੇ ਛੇਵਾਂ ਪੇ ਕਮਿਸ਼ਨ ਲਾਗੂ ਕੀਤਾ, ਨਾ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤਾ।

ਪਿਛਲੇ ਸਮੇਂ ਦੇ ਦੌਰਾਨ ਸੌ ਤੋਂ ਵੱਧ ਕੰਪਿਊਟਰ ਅਧਿਆਪਕਾਂ ਦੀ ਭਰ ਜਵਾਨੀ ਵਿੱਚ ਮੌਤ ਹੋ ਚੁੱਕੀ ਹੈ, ਕੁਝ ਦਿਨ ਪਹਿਲਾਂ ਫ਼ਰੀਦਕੋਟ ਜ਼ਿਲ੍ਹੇ ਦੇ ਕੰਪਿਊਟਰ ਅਧਿਆਪਕ ਗੁਰਮੇਲ ਸਿੰਘ ਬਰਾੜ ਦੀ ਵੀ ਦੁਖਦਾਈ ਮੌਤ ਹੋਈ ਹੈ। ਅਸਲ ਹਾਲਾਤ ਇਹ ਹਨ ਕਿ ਪਿਛਲੇ ਲਗਭਗ 18-20 ਸਾਲਾਂ ਤੋਂ ਬਤੌਰ ਕੰਪਿਊਟਰ ਅਧਿਆਪਕ ਆਪਣੀਆਂ ਸੇਵਾਵਾਂ ਦੇ ਰਹੇ ਜਿੰਨੇ ਵੀ ਕੰਪਿਊਟਰ ਅਧਿਆਪਕ ਵਿਛੋੜਾ ਦੇ ਗਏ ਹਨ, ਉਨ੍ਹਾਂ ਪਰਵਾਰਾਂ ਦੇ ਹਾਲਾਤ ਏਨੇ ਮਾੜੇ ਹਨ ਕਿ ਪਿੱਛੇ ਉਨ੍ਹਾਂ ਦੇ ਬੱਚਿਆਂ ਤੇ ਪਰਵਾਰ ਦੀ ਸਾਰ ਲੈਣ ਵਾਲਾ ਕੋਈ ਉਪਬੰਧ ਨਹੀਂ ਕੀਤਾ ਜਾਂਦਾ, ਜਿਸ ਕਰਕੇ ਪਰਵਾਰ ਨੂੰ ਪਹਾੜ ਜਿੱਡੇ ਦੁੱਖ ਦੇ ਨਾਲ ਬਹੁਤ ਅਸਹਿ ਮੁਸ਼ਕਲਾਂ ਘੇਰ ਲੈਂਦੀਆਂ ਹਨ।

ਜਥੇਬੰਦੀ ਮੰਗ ਕਰਦੀ ਹੈ ਕਿ ਮਰਹੂਮ ਕੰਪਿਊਟਰ ਅਧਿਆਪਕਾਂ ਦੇ ਹਰ ਪਰਵਾਰ ਨੂੰ ਤੁਰੰਤ ਇਕ ਕਰੋੜ ਦੀ ਆਰਥਿਕ ਮੱਦਦ ਜਾਰੀ ਕੀਤੀ ਜਾਵੇ ਤੇ ਮਰਨ ਉਪਰੰਤ ਰੈਗੂਲਰ ਅਧਿਆਪਕਾਂ ਨੂੰ ਮਿਲਣ ਵਾਲੇ ਸਾਰੇ ਲਾਭ ਇਨ੍ਹਾਂ ਨੂੰ ਅਧਿਆਪਕਾਂ ਨੂੰ ਦਿੱਤੇ ਜਾਣ। ਇਸੇ ਤਰਜ਼ 'ਤੇ ਬੱਦੋਵਾਲ (ਲੁਧਿਆਣਾ) ਸਕੂਲ ਦੀ ਮਾੜੇ ਵਿੱਦਿਅਕ ਪ੍ਰਬੰਧ ਕਾਰਨ ਮੌਤ ਦਾ ਸ਼ਿਕਾਰ ਹੋਈ ਅਧਿਆਪਕਾ ਰਵਿੰਦਰ ਕੌਰ ਦੇ ਪਰਵਾਰ ਨੂੰ ਵੀ ਮੁਆਵਜ਼ਾ ਜਾਰੀ ਕੀਤਾ ਜਾਵੇ। ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਇਸ ਦਿਸ਼ਾ ਵਿੱਚ ਕੋਈ ਕਦਮ ਨਾ ਚੁੱਕਿਆ ਤਾਂ ਜਥੇਬੰਦੀ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

## ਖੇਡ ਚੇਤਨਾ ਰੈਲੀ ਦਾ ਮੈਨੇਜਮੈਂਟ ਤੇ ਵਿਦਿਆਰਥੀਆਂ ਵੱਲੋਂ ਭਰਵਾਂ ਸਵਾਗਤ




**ਬਾਘਾਪੁਰਾਣਾ (ਮਨੀ ਸਿੰਗਲਾ)**-ਭਗਵੰਤ ਸਿੰਘ ਮਾਨ ਤੇ ਖੇਡ ਮੰਤਰੀ ਸ: ਗੁਰਮੀਤ ਸਿੰਘ ਮੀਤ ਹੇਅਰ ਦੀ ਰਹਿਨੁਮਾਈ ਵਿੱਚ ਖੇਡਾਂ ਵਤਨ ਪੰਜਾਬੀ ਦੀਆਂ ਸੈਸ਼ਨ ਦੇ ਆਗਾਜ਼ ਲਈ ਜੋ ਮਿਸਾਲ (ਖੇਡ ਚੇਤਨਾ ਰੈਲੀ) ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿੱਚੋਂ ਗੁਜ਼ਰ ਰਹੀ ਹੈ, ਉਸਦਾ ਕਾਰਵਾਂ ਬਾਘਾਪੁਰਾਣਾ ਪਹੁੰਚਿਆ, ਜਿਸਦੀ ਅਗਵਾਈ ਹਲਕੇ ਦੇ ਐਮ.ਐਲ.ਏ. ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਐਸ.ਡੀ.ਐਮ ਨੇ ਕੀਤੀ। ਇਨ੍ਹਾਂ ਦੇ ਬਾਘਾਪੁਰਾਣਾ ਪਹੁੰਚਣ 'ਤੇ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਸ਼੍ਰੀ ਸੰਦੀਪ ਅਰੋੜਾ, ਕੋ-ਆਰਡੀਨੇਟਰ ਸ਼੍ਰੀ ਮੁਕੇਸ਼ ਅਰੋੜਾ, ਐਡਵੋਕੇਟ ਸ: ਰਾਜਾ ਸਿੰਘ, ਕੋਚ ਨਵਨੀਤ ਸਿੰਘ, ਡੀ.ਪੀ.ਈ. ਬਲਰਾਜ ਸਿੰਘ, ਕੰਪਿਊਟਰ ਟੀਚਰ ਜਸਵਿੰਦਰ ਸਿੰਘ, ਕਲਰਕ ਬਲਤੇਜ ਸਿੰਘ ਤੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਨ੍ਹਾਂ ਖੇਡਾਂ ਦਾ ਮਨੋਰਥ ਸਮੁੱਚੇ ਪੰਜਾਬ ਦੇ ਹਰ ਉਮਰ ਦੇ ਵਿਅਕਤੀਆਂ ਲਈ ਖੇਡਾਂ ਵਿੱਚ ਰੁਚੀ ਲੈਣ ਲਈ ਉਤਸ਼ਾਹ ਪੈਦਾ ਕਰਨਾ ਹੈ ਤਾਂ ਜੁ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਬਚਾਇਆ ਜਾ ਸਕੇ।

# 84 ਸੈਕੰਡਰੀ ਸਕੂਲਾਂ 'ਚੋਂ 53 ਪ੍ਰਿੰਸੀਪਲਾਂ ਤੋਂ ਸੱਖਣੇ

**ਮੋਗਾ (ਅਮਰਜੀਤ ਬੱਬਰੀ)**-ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੀਆਂ ਡੀਂਗਾਂ ਮਾਰਨ ਵਾਲੀ ਸਰਕਾਰ ਨੂੰ ਜ਼ਿਲ੍ਹਾ ਮੋਗਾ ਦੇ 53 ਪ੍ਰਿੰਸੀਪਲਾਂ ਤੋਂ ਸੱਖਣੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁਖੀਆਂ ਦੀਆਂ ਦੀਆਂ ਖਾਲੀ ਪਈਆਂ ਕੁਰਸੀਆਂ ਮੂੰਹ ਚਿੜਾ ਕੇ ਸਿੱਖਿਆ ਦੇ ਉੱਚੇ ਕੀਤੇ ਜਾ ਰਹੇ ਮਿਆਰ ਦਾ ਮਜ਼ਾਕ ਉਡਾ ਰਹੀਆਂ ਹਨ। ਇਸ ਸਬੰਧ ਵਿੱਚ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਆਗੂਆਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਮਾਰਚ 2022 ਵਿੱਚ ਪੰਜਾਬ ਦੇ ਲੋਕਾਂ ਨਾਲ ਪਿਛਲੀਆਂ ਹੁਕਮਰਾਨ ਸਰਕਾਰਾਂ ਵੱਲੋਂ ਸਿਹਤ ਤੇ ਸਿੱਖਿਆ ਵਿੱਚ ਪੈਦਾ ਕੀਤੇ ਗਏ ਨਿਘਾਰ ਨੂੰ ਦੂਰ ਕਰਨ ਅਤੇ ਸੱਤਾ ਸੰਭਾਲਣ ਬਾਅਦ ਸਿੱਖਿਆ ਅਤੇ ਸਿਹਤ ਨੂੰ ਲੈ ਕੇ ਵੱਡੇ ਸੁਧਾਰ ਕਰਨ ਦਾ ਚੋਣ ਵਾਅਦਾ ਕੀਤਾ ਸੀ। ਹੁਣ ਪੰਜਾਬ ਵਿੱਚ ਪਿਛਲੇ 18 ਮਹੀਨਿਆਂ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੁਕਮਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਤੇ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਬੜੇ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚੋਂ ਇੱਕ ਇੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂੰ ਸਕੂਲ ਆਫ਼ ਐਮੀਨੈਂਸ ਦਾ ਨਾਂਅ ਦੇਣ ਦਾ ਪ੍ਰਚਾਰ ਵੀ ਸਿਖਰਾਂ 'ਤੇ ਕੀਤਾ ਜਾ ਰਿਹਾ ਹੈ। ਹਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਮੁਖੀ ਦੀ ਜ਼ਿੰਮੇਵਾਰੀ ਲਈ ਪ੍ਰਿੰਸੀਪਲ ਦੀ ਆਸਾਮੀ ਮਨਜ਼ੂਰ ਹੁੰਦੀ ਹੈ। ਸਿੱਖਿਆ ਵਿਭਾਗ ਪੰਜਾਬ ਵਲੋਂ ਈ ਪੰਜਾਬ ਪੋਰਟਲ ਬਣਾ ਕੇ ਸਾਰੀ ਜਾਣਕਾਰੀ ਸਿੱਖਿਆ ਵਿਭਾਗ ਦੀ ਵੈੱਬਸਾਈਟ 'ਤੇ ਉਪਲਬਧ ਕਰਾਈ ਗਈ ਹੈ। ਇਸ ਵੈੱਬਸਾਈਟ ਅਨੁਸਾਰ ਮੋਗਾ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਕੁੱਲ 84 ਅਸਾਮੀਆਂ ਵਿੱਚੋਂ ਸਿਰਫ਼ 31 ਆਸਾਮੀਆਂ ਹੀ ਭਰੀਆਂ ਹੋਈਆਂ ਹਨ ਤੇ ਪ੍ਰਿੰਸੀਪਲਾਂ ਦੀਆਂ 53 ਆਸਾਮੀਆਂ ਖਾਲੀ ਪਈਆਂ ਹਨ। ਭਰੀਆਂ ਆਸਾਮੀਆਂ ਦੀ ਪ੍ਰਤੀਸ਼ਤਤਾ 37% ਅਤੇ ਖਾਲੀ ਆਸਾਮੀਆਂ ਦੀ ਪ੍ਰਤੀਸ਼ਤਤਾ 63% ਬਣਦੀ ਹੈ। ਬਲਾਕ ਦੇ 15 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚੋਂ ਸਿਰਫ 1 ਸਕੂਲ ਬਾਘਾਪੁਰਾਣਾ ਲੜਕੇ (ਸਕੂਲ ਆਫ਼ ਐਮੀਨੈਂਸ) ਦੀ ਆਸਾਮੀ ਹੀ ਭਰੀ ਹੋਈ ਹੈ। ਬਾਕੀ 14 ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ, ਜਿਨ੍ਹਾਂ ਵਿੱਚ ਬਾਘਾ ਪੁਰਾਣਾ ਲੜਕੀਆਂ, ਲੰਡੇ, ਰੋਡੇ ( ਲੜਕੀਆਂ) , ਰਾਜੇਆਣਾ, ਸਮਾਲਸਰ, ਮੱਲਕੇ, ਸੁਖਾਨੰਦ, ਠੱਠੀ ਭਾਈ, ਚੰਨੂੰ ਵਾਲਾ, ਮਾੜੀ ਮੁਸਤਫ਼ਾ, ਮਾਹਲਾ ਕਲਾਂ, ਮਹਿਤਾਬਗੜ੍ਹ, ਵਾਂਦਰ, ਜੀ ਟੀ ਬੀ ਗੜ੍ਹ ਸਕੂਲ ਸ਼ਾਮਲ ਹਨ। ਨਿਹਾਲ ਸਿੰਘ ਵਾਲਾ ਵਿੱਦਿਅਕ ਬਲਾਕ ਦੇ 19 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚੋਂ ਸਿਰਫ਼ 3 ਦੀਆਂ ਆਸਾਮੀਆਂ ਹੀ ਭਰੀਆਂ ਹੋਈਆਂ ਹਨ। ਬਾਕੀ 16 ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਬਲਾਕ ਦੇ ਪਿੰਡ ਘੋਲੀਆ ਖੁਰਦ, ਮਾਣੂਕੇ, ਸਮਾਧ ਭਾਈ, ਬੱਧਨੀ ਕਲਾਂ ਲੜਕੇ, ਰਣੀਆਂ, ਹਿੰਮਤ ਪੂਰਾ, ਰਾਊਕੇ ਕਲਾਂ, ਲੋਪੋਂ, ਭਾਗੀਕੇ, ਬੋਡੇ, ਬਿਲਾਸਪੁਰ, ਸੈਦੋਕੇ, ਮਾਛੀਕੇ, ਰਾਮਾ, ਰੌਂਤਾ, ਧੂੜਕੋਟ ਰਣਸ਼ੀਂਹ ਸਕੂਲ ਸ਼ਾਮਲ ਹਨ। ਮੋਗਾ 1 ਵਿੱਦਿਅਕ ਬਲਾਕ ਦੇ 25 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚੋਂ 17 ਸਕਲਾਂ ਦੀਆਂ ਆਸਾਮੀ ਭਰੀਆਂ ਹੋਈਆਂ ਹਨ। ਬਾਕੀ 8 ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਬਲਾਕ ਦੇ ਪਿੰਡ ਅਜਿੱਤ ਵਾਲ, ਮਹਿਣਾ, ਰੌਲੀ, ਬੁੱਟਰ (ਲੜਕੇ), ਢੁੱਡੀਕੇ, ਬੁੱਘੀਪੁਰਾ, ਰਾਮੂ ਵਾਲਾ ਨਵਾਂ, ਦੌਧਰ ਵਿੱਚ ਆਸਾਮੀਆਂ ਖਾਲੀ ਪਈਆਂ ਹਨ। ਮੋਗਾ 2 ਵਿੱਦਿਅਕ ਬਲਾਕ ਦੇ 13 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚੋਂ ਸਿਰਫ਼ 5 ਦੀਆਂ ਆਸਾਮੀ ਭਰੀਆਂ ਹੋਈਆਂ ਹਨ। ਬਾਕੀ 8 ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਬਲਾਕ ਦੇ ਪਿੰਡ ਚੰਦ ਪੁਰਾਣਾ, ਬਘੇਲੇ ਵਾਲਾ, ਡਰੋਲੀ ਭਾਈ (ਲੜਕੇ), ਖੁਖਰਾਣਾ, ਘੱਲ ਕਲਾਂ (ਕੁੜੀਆਂ), ਸਿੰਘਾਂ ਵਾਲਾ, ਦੌਲਤਪੁਰਾ ਨੀਵਾਂ, ਕਾਲੀਏ ਵਾਲਾ ਵਿੱਚ ਆਸਾਮੀਆਂ ਖਾਲੀ ਪਈਆਂ ਹਨ।

## ਅਨਮੋਲ ਵਿਰਸੇ ਨੂੰ ਸੰਭਾਲਣਾ ਬੇਹੱਦ ਸ਼ਲਾਘਾਯੋਗ : ਹਰਮਨਜੋਤ ਕੌਰ



ਧੂਰੀ (ਸੁਖਦੇਵ ਧੂਰੀ)-ਸਥਾਨਕ ਵਾਰਡ ਨੰਬਰ 1 ਨੇੜੇ ਗਣੇਸ਼ ਧਰਮ ਕੰਡਾ ਵਿਖੇ ਔਰਤਾਂ ਤੇ ਲੜਕੀਆਂ ਦਾ ਸਾਉਣ ਮਹੀਨਾ ਬੀਤ ਜਾਣ 'ਤੇ ਵੀ ਰਵਾਇਤੀ ਤੀਆਂ ਦੇ ਤਿਉਹਾਰ ਪ੍ਰਤੀ ਉਤਸ਼ਾਹ ਬਣਿਆ ਹੋਇਆ ਹੈ। ਬੀਬੀ ਜਸਵਿੰਦਰ ਕੌਰ ਖਾਲਸਾ ਸਰਕਲ ਪ੍ਰਧਾਨ ਇਸਤਰੀ ਅਕਾਲੀ ਦਲ ਦੀ ਸਰਪ੍ਰਸਤੀ ਹੇਠ ਇਸ ਸੱਭਿਆਚਾਰਕ ਤਿਉਹਾਰ ਨੂੰ ਰਵਾਇਤੀ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਬੀਬਾ ਹਰਮਨਜੋਤ ਕੌਰ ਲੌਂਗੋਵਾਲ ਨੇ ਰੀਬਨ ਕੱਟ ਕੇ ਇਸ ਸਮਾਗਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਇਸ ਮੌਕੇ ਝੂਲਾ ਝੂਲ ਕੇ ਤੇ ਗਿੱਧੇ ਵਿੱਚ ਬੋਲੀਆਂ ਪਾ ਕੇ ਨਿਵੇਕਲਾ ਰੰਗ ਬੰਨ੍ਹਿਆ। ਪ੍ਰੋਗਰਾਮ ਦੌਰਾਨ ਸੀਨੀਅਰ ਅਕਾਲੀ ਆਗੂ ਬੀਬੀ ਜਸਵਿੰਦਰ ਕੌਰ ਖਾਲਸਾ ਨੇ ਮੁਹੱਲਾ ਵਾਸੀਆਂ ਦੇ ਨਾਲ ਮੁੱਖ ਮਹਿਮਾਨ ਬੀਬਾ ਹਰਮਨਜੋਤ ਕੌਰ ਲੌਂਗੋਵਾਲ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰਕੇ ਸਨਮਾਨਤ ਕੀਤਾ। ਇਸ ਮੌਕੇ ਵਾਤਾਵਰਨ ਪ੍ਰੇਮੀ ਪਿਆਰਾ ਸਿੰਘ ਮਾਹਮਦਪੁਰ ਨੇ 5 ਬੱਚੀਆਂ ਤੋਂ ਰੱਖੜੀ ਬੰਨ੍ਹਵਾ ਕੇ ਆ ਰਹੇ ਰੱਖੜੀ ਦੇ ਤਿਉਹਾਰ ਮਹੱਤਤਾ ਬਾਰੇ ਚਾਨਣਾ ਪਾਇਆ। ਇਸ ਮੌਕੇ ਫੁਲਕਾਰੀਆਂ ਨਾਲ ਸਜੇ ਪੰਡਾਲ ਵਿੱਚ ਔਰਤਾਂ ਤੇ ਲੜਕੀਆਂ ਨੇ ਰਵਾਇਤੀ ਪੀਂਘ ਝੂਟ ਕੇ ਅਤੇ ਗਿੱਧੇ 'ਚ ਬੋਲੀਆਂ ਪਾ ਕੇ ਸੱਭਿਆਚਾਰਕ ਮਾਹੌਲ ਸਿਰਜਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬੀ ਕੁਲਦੀਪ ਕੌਰ, ਸੁਖਪਾਲ ਕੌਰ, ਭਜਨ ਕੌਰ, ਹਰਜਿੰਦਰ ਕੌਰ ਸਮੇਤ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ। ਸਮਾਗਮ ਦੌਰਾਨ ਸਟੇਜ ਦੀ ਡਿਊਟੀ ਮਨਜੀਤ ਸਿੰਘ ਬਖਸ਼ੀ ਸਾਬਕਾ ਡੀ ਪੀ ਆਰ ਓ ਨੇ ਬਾਖੂਬੀ ਨਿਭਾਈ।

## ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ ਪੰਜ ਮੈਂਬਰ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਡਕੈਤੀ ਦੀ ਯੋਜਨਾ ਬਣਾ ਰਹੇ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ ਪੰਜ ਮੈਂਬਰਾਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਐਸ.ਐਚ.ਓ. ਥਾਣਾ ਮੰਡੀ ਗੋਬਿੰਦਗੜ੍ਹ ਸਬ-ਇੰਸਪੈਕਟਰ ਆਕਾਸ਼ ਦੱਤ ਨੂੰ ਮੁਖਬਰੀ ਮਿਲੀ ਸੀ ਅਪਰਾਧਕ ਪ੍ਰਵਿਰਤੀ ਦੇ ਕੁਝ ਵਿਅਕਤੀਆਂ ਨੇ ਆਪਣਾ ਗਿਰੋਹ ਬਣਾਇਆ ਹੋਇਆ ਹੈ, ਜੋ ਬਿਨਾਂ ਨੰਬਰੀ ਮੋਟਰਸਾਈਕਲਾਂ 'ਤੇ ਘੁੰਮਦੇ ਹਨ ਤੇ ਉਕਤ ਗਿਰੋਹ ਦਾ ਇੱਕ ਮੈਂਬਰ ਰਾਜ ਕੁਮਾਰ, ਜੋ ਖੱਬੀ ਲੱਤ ਤੋਂ ਅਪਾਹਜ ਹੈ। ਉਹ ਅਪਾਹਜਪੁਣੇ ਦਾ ਫ਼ਾਇਦਾ ਚੁੱਕ ਕੇ ਵਾਹਨ ਚਾਲਕਾਂ ਤੋਂ ਲਿਫਟ ਮੰਗਦਾ ਹੈ ਤੇ ਜਿਵੇਂ ਹੀ ਕੋਈ ਰਾਹਗੀਰ ਉਸ ਨੂੰ ਲਿਫਟ ਦੇਣ ਲਈ ਆਪਣਾ ਵਾਹਨ ਰੋਕਦਾ ਹੈ ਤਾਂ ਗਿਰੋਹ ਦੇ ਬਾਕੀ ਮੈਂਬਰ ਇਕੱਠੇ ਹੋ ਕੇ ਉਸਦੀ ਲੁੱਟਮਾਰ ਕਰ ਲੈਂਦੇ ਹਨ। ਮੁਖਬਰ ਨੇ ਦੱਸਿਆ ਕਿ ਉਕਤ ਗਿਰੋਹ ਦੇ ਹਥਿਆਰਬੰਦ ਮੈਂਬਰ ਇਸ ਸਮੇਂ ਪਿੰਡ ਚਤਰਪੁਰਾ ਦੀ ਹੱਦ 'ਚ ਪੈਂਦੀ ਬੇਆਬਾਦ ਢੱਕੀ 'ਚ ਇਕੱਠੇ ਹੋ ਕੇ ਡਕੈਤੀ ਦੀ ਯੋਜਨਾ ਬਣਾ ਰਹੇ ਹਨ, ਜਿਨ੍ਹਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ, ਜਿਸ 'ਤੇ ਐਸ.ਐਚ.ਓ. ਆਕਾਸ਼ ਦੱਤ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਛਾਪੇਮਾਰੀ ਕਰਦਿਆਂ ਡਕੈਤੀ ਦੀ ਯੋਜਨਾ ਬਣਾ ਰਹੇ ਦੁਖੀਆ, ਮਨੋਜ, ਸੋਨੂੰ ਉਰਫ਼ ਚੌਰੂ, ਰਾਜ ਕੁਮਾਰ ਉਰਫ਼ ਰਾਜੂ ਵਾਸੀਆਨ ਮਾਸਟਰ ਕਲੋਨੀ ਮੰਡੀ ਗੋਬਿੰਦਗੜ੍ਹ ਤੇ ਸੁਮਨ ਕੁਮਾਰ ਵਾਸੀ ਖਾਨਾਬਦੋਸ਼ ਨੂੰ ਇਸ ਸਬੰਧੀ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਅ/ਧ 399, 402 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਗ੍ਰਿਫ਼ਤਾਰ ਕਰ ਲਿਆ ਗਿਆ, ਜਿਨ੍ਹਾਂ ਕੋਲੋਂ ਪੁੱਛਗਿੱਛ ਦੌਰਾਨ ਹੋਰ ਵੀ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

## 26ਵੀਆਂ ਮੋਗਾ ਜ਼ਿਲ੍ਹਾ ਸਕੂਲ ਖੇਡਾਂ ਦਾ ਸ਼ਾਨੋ-ਸ਼ੌਕਤ ਨਾਲ ਉਦਘਾਟਨ




**ਕੋਟ ਈਸੇ ਖਾਂ (ਅਰੋੜਾ)**-26ਵੀਆਂ ਮੋਗਾ ਜ਼ਿਲ੍ਹਾ ਸਕੂਲ ਖੇਡਾਂ ਦਾ ਉਦਘਾਟਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਬੜੇ ਹੀ ਸ਼ਾਨੋ ਸ਼ੌਕਤ ਨਾਲ ਕੀਤਾ ਗਿਆ। ਇਨ੍ਹਾਂ ਖੇਡਾਂ ਦਾ ਉਦਘਾਟਨ ਹਰਮਨਜੀਤ ਸਿੰਘ ਬਰਾੜ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ ਮੋਗਾ ਤੇ ਬਾਬਾ ਹਰਚੰਦ ਸਿੰਘ ਜੀ ਖੋਸਾ ਕੋਟਲਾ ਵਾਲਿਆਂ ਨੇ ਰੀਬਨ ਕੱਟ ਕੇ ਕੀਤਾ। ਇਸ ਟੂਰਨਾਮੈਂਟ ਵਿੱਚ ਮੋਗੇ ਜ਼ਿਲੇ ਦੇ 10 ਜ਼ੋਨਾਂ ਦੇ ਫੁੱਟਬਾਲ 14-17-19 ਸਾਲ ਲੜਕੇ-ਲੜਕੀਆਂ ਦੀਆਂ ਟੀਮਾਂ ਨੇ ਭਾਗ ਲਿਆ। ਇਹ ਟੂਰਨਾਮੈਂਟ 28 ਅਗਸਤ 2023 ਤੋਂ 30 ਅਗਸਤ 2003 ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਲੋਟੀ ਦੀਆਂ ਗਰਾਊਂਡਾਂ ਵਿਖੇ ਚੱਲਣਗੇ। ਇਸ ਉਦਘਾਟਨ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਨਿਸ਼ਾਨ ਸਿੰਘ ਸੰਧੂ, ਬਲਵਿੰਦਰ ਸਿੰਘ ਬੈਂਸ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ, ਪ੍ਰਿੰਸੀਪਲ ਜਗਰਾਜ ਸਿੰਘ, ਪ੍ਰਿੰਸੀਪਲ ਰਾਜੇਸ਼ ਪਾਲ, ਕਿਰਪਾਲ ਸਿੰਘ ਜਨਰਲ ਸਕੱਤਰ, ਲੈਕਚਰਾਰ ਪਲਵਿੰਦਰ ਸਿੰਘ, ਲੈਕਚਰਾਰ ਮਨਦੀਪ ਸਿੰਘ, ਨਛੱਤਰ ਸਿੰਘ ਪੀ ਟੀ ਆਈ, ਇਕਬਾਲ ਸਿੰਘ ਪੀ ਟੀ ਆਈ, ਨਵਤੇਜ ਸਿੰਘ, ਹਰਜੀਤ ਸਿੰਘ, ਪਿੰਦਰ ਸਿੰਘ, ਸੁਖਬੀਰ ਸਿੰਘ, ਗੁਰਸੇਵਕ ਸਿੰਘ ਪੀ ਟੀ ਆਈ, ਇਕਬਾਲ ਸਿੰਘ, ਰਜਿੰਦਰ ਸਿੰਘ, ਇਕੱਤਰ ਸਿੰਘ, ਗੁਰਪ੍ਰੀਤ ਸਿੰਘ, ਰਮਨਦੀਪ ਸਿੰਘ ਰਿੰਪੀ ਸਰਪੰਚ, ਹੈਰੀ ਖੋਸਾ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ ਪੀ ਟੀ ਆਈ, ਸਤਨਾਮ ਸਿੰਘ ਪੀ ਟੀ ਆਈ, ਰਾਜਦੀਪ ਸਿੰਘ ਪੀ ਟੀ ਆਈ, ਅੰਮ੍ਰਿਤ ਰਾਜ, ਸੰਦੀਪ ਕੁਮਾਰ, ਮਨਜੀਤ ਸਿੰਘ ਕੋਕਰੀ, ਨਿਰਮਲ ਸਿੰਘ, ਪਰਮਿੰਦਰ ਸਿੰਘ ਮਨਾਵਾਂ, ਗੁਲਾਬ ਸਿੰਘ ਮਨਾਵਾਂ ਆਦਿ ਪਤਵੰਤੇ ਸੱਜਣ ਹਾਜ਼ਰ ਸਨ।

## ਕਾਤਰਾਂ

### ਚੋਰੀ ਕੀਤੇ ਮੋਬਾਈਲਾਂ ਸਣੇ ਦੋ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੇ ਦਿਨੀਂ ਖਮਾਣੋਂ ਵਿਖੇ ਇੱਕ ਟੈਲੀਕਾਮ ਦੀ ਦੁਕਾਨ 'ਚ ਹੋਈ ਚੋਰੀ ਦੇ ਮਾਮਲੇ 'ਚ ਖਮਾਣੋਂ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਦੇ ਹੋਏ ਉਨ੍ਹਾਂ ਦੇ ਕਬਜ਼ੇ 'ਚੋਂ 6 ਮੋਬਾਈਲ ਫੋਨ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਟੇਕ ਚੰਦ ਵਾਸੀ ਖਮਾਣੋਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਸੀ ਕਿ ਖਮਾਣੋਂ ਵਿਖੇ ਉਨ੍ਹਾਂ ਦੀ ਕਪਿਲ ਟੈਲੀਕਾਮ ਨਾਮਕ ਦੁਕਾਨ 'ਚੋਂ ਬੀਤੀ 2 ਅਗਸਤ ਨੂੰ ਫੋਨ ਚੋਰੀ ਹੋ ਗਏ ਸਨ, ਜਿਸ ਸਬੰਧੀ ਤਫਤੀਸ਼ ਕਰਦੇ ਹੋਏ ਖਮਾਣੋਂ ਪੁਲਸ ਨੇ ਚੋਰੀ ਦੀ ਇਸ ਵਾਰਦਾਤ ਨੂੰ ਅੰਜਾਮ ਦੇਣ ਦੇ ਦੋਸ਼ 'ਚ ਜਤਿੰਦਰ ਸਿੰਘ ਵਾਸੀ ਪਿੰਡ ਖੇੜੀ ਨੌਧ ਸਿੰਘ ਤੇ ਲਵਲੀ ਵਾਸੀ ਪਿੰਡ ਹਵਾਰਾ ਕਲਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਦੇ ਕਬਜ਼ੇ 'ਚੋਂ 6 ਮੋਬਾਈਲ ਫੋਨ ਬਰਾਮਦ ਕੀਤੇ ਗਏ।

### ਪੋਸਕੋ ਐਕਟ ਬਾਰੇ ਜਾਣਕਾਰੀ ਦਿੱਤੀ



**ਲੌਂਗੋਵਾਲ (ਕੁਲਦੀਪ ਔਤਰੀ, ਪ੍ਰਦੀਪ ਸਿੰਘ ਸੱਪਲ)**-ਸਿਪਾਹੀ ਦਰਸ਼ਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਸੇਰੋਂ 'ਚ ਸ਼ੁਰੂ ਹੋਈ ਸਕੂਲ ਪੁਲਸ ਕੈਡਿਟਸ ਸਕੀਮ ਤਹਿਤ 28.8.2003 ਡੀ.ਈ.ਓ ਸੰਜੀਵ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਡਾਕਟਰ ਓਮ ਪ੍ਰਕਾਸ਼ ਸੇਤੀਆ ਤੇ ਯਾਦਵਿੰਦਰ ਸਿੰਘ ਕੰਪਿਊਟਰ ਫੈਕਲਟੀ, ਜੋ ਸਕੂਲ ਪੁਲਸ ਕੈਡਿਟ ਦੇ ਇੰਚਾਰਜ ਦੀ ਅਗਵਾਈ ਹੇਠ ਪੋਸਕੋ ਐਕਟ 2019 ਬਾਰੇ ਜਾਣਕਾਰੀ ਦਿੱਤੀ ਗਈ। ਇਹ ਪ੍ਰੋਜੈਕਟ ਸੈਂਟਰ ਗੌਰਮਿੰਟ ਤੇ ਪੰਜਾਬ ਗੌਰਮਿੰਟ ਦੇ ਸਾਂਝੇ ਉਪਰਾਲੇ ਰਾਹੀਂ ਸਿਪਾਹੀ ਦਰਸ਼ਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਕੂਲ ਪੁਲਿਸ ਕੈਡਿਟਸ ਸਕੀਮ ਨੂੰ ਸ਼ੁਰੂ ਕੀਤੀ ਗਈ। ਵਿਦਿਆਰਥੀਆਂ ਨੂੰ ਪੁਲਸ ਦੀ ਟ੍ਰੇਨਿੰਗ ਦਿੱਤੀ ਜਾਵੇਗੀ ਤੇ ਵੱਖ-ਵੱਖ ਦਫ਼ਤਰਾਂ ਬਾਰੇ ਜਾਣਕਾਰੀ ਦਿੱਤੀ ਜਾਵੇ, ਜਿਵੇਂ ਕਿ ਸੁਵਿਧਾ ਕੇਂਦਰ, ਸੇਵਾ ਕੇਂਦਰ, ਪੁਲਸ ਥਾਣੇ, ਐਸਐਸਪੀ ਆਫ਼ਿਸ ਦੀ ਵਿਜ਼ਟ ਵਿਦਿਆਰਥੀਆਂ ਕਰਾਈ ਜਾਵੇਗੀ।

### ਬਾਬਾ ਬਕਾਲਾ ਕਾਨਫਰੰਸ ਆਪ ਸਰਕਾਰ ਦੇ ਪਤਨ ਦੀ ਰੱਖੇਗੀ ਨੀਹ : ਸਿੱਧੂ ਲੌਂਗੋਵਾਲ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਔਤਰੀ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੀ ਰੱਖੜ ਪੁੰਨਿਆ ਮੌਕੇ ਬਾਬਾ ਬਕਾਲਾ ਵਿਖੇ ਹੋ ਰਹੀ ਵਿਸ਼ਾਲ ਕਾਨਫਰੰਸ ਦੀਆਂ ਤਿਆਰੀਆਂ ਸਬੰਧੀ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਕੌਮੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਹਿ) ਤੇ ਸੀਨੀਅਰ ਮੀਤ ਪ੍ਰਧਾਨ ਕਿਸਾਨ ਯੂਨੀਅਨ ਅੰਮ੍ਰਿਤਸਰ ਨੇ ਚੋਣਵੇਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰੱਖੜ ਪੁੰਨਿਆ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੀ ਹੋ ਰਹੀ ਕਾਨਫ਼ਰੰਸ ਪ੍ਰਤੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾ ਪਾਰਟੀ ਆਗੂਆਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਪ੍ਰਤੀ ਪ੍ਰਸੰਨਤਾ ਜ਼ਾਹਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਵੱਲੋਂ ਰੱਖੜ ਪੁੰਨਿਆ ਮੌਕੇ ਬਾਬਾ ਬਕਾਲਾ ਦੀ ਧਰਤੀ ਵਿਖੇ ਕੀਤੀ ਜਾ ਰਹੀ ਕਾਨਫ਼ਰੰਸ ਜਿੱਥੇ ਇਕੱਠ ਪੱਖੋਂ ਇੱਕ ਨਵਾਂ ਇਤਿਹਾਸ ਰਚੇਗੀ, ਉਥੇ ਇਹ ਬਾਬਾ ਬਕਾਲਾ ਕਾਨਫਰੰਸ ਸਰਕਾਰ-ਏ-ਖਾਲਸਾ ਦੀ ਨੀਂਹ ਰੱਖੇਗੀ ਤੇ ਇਸ ਤੋਂ ਬਾਅਦ ਆਪ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਵੇਗੀ। ਉਨ੍ਹਾ ਕਿਹਾ ਕਿ ਪੰਜਾਬ ਦੇ ਕੋਨੇ ਕੋਨੇ ਤੋਂ ਵਰਕਰਾਂ ਦਾ ਲਾਮਿਸਾਲ ਇਕੱਠ ਇਸ ਕਾਨਫਰੰਸ ਵਿੱਚ ਸ਼ਮੂਲੀਅਤ ਕਰੇਗਾ, ਜਿਸ ਦੀਆਂ ਤਿਆਰੀਆਂ ਸਬੰਧੀ ਪੰਜਾਬ ਦੇ ਵੱਖ ਵੱਖ ਸਰਕਲਾਂ ਵਿੱਚ ਜੰਗੀ ਪੱਧਰ 'ਤੇ ਮੀਟਿੰਗਾਂ ਵਿੱਢ ਕੇ ਪਾਰਟੀ ਵਰਕਰਾਂ ਨੂੰ ਪੂਰੀ ਤਰ੍ਹਾਂ ਲਾਮਬੰਦ ਕੀਤਾ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਇਸ ਕਾਨਫਰੰਸ ਵਿੱਚ ਹੁੰਮ ਹੁਮਾ ਕੇ ਪੁੱਜਣ ਦੀ ਅਪੀਲ ਕੀਤੀ।

### ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇੰਸਪੈਕਟਰ ਗੁਰਵਿੰਦਰ ਸਿੰਘ ਮੁੱਖ ਅਫਸਰ ਥਾਣਾ ਗਿੱਦੜਬਾਹਾ ਤੇ ਪੁਲਸ ਪਾਰਟੀ ਵੱਲੋਂ 01 ਦੋਸ਼ੀ ਨੂੰ 1000 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕਰਕੇ ਥਾਣਾ ਗਿੱਦੜਬਹਾ ਵਿਖੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਨੂੰ ਥਾਣਾ ਗਿੱਦੜਬਾਹਾ ਪੁਲਸ ਪਾਰਟੀ ਵੱਲੋਂ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੇ ਸਬੰਧ 'ਚ ਪਿੰਡ ਭਾਰੂ ਨੂੰ ਜਾ ਰਹੇ ਸੀ, ਤਾਂ ਇੱਕ ਨੌਜਵਾਨ ਪਿੰਡ ਹੁਸਨਰ ਦੀ ਤਰਫ਼ੋਂ ਪੈਦਲ ਆ ਰਿਹਾ ਸੀ ਤਾਂ ਉਸ ਦਾ ਸ਼ੱਕ ਦੇ ਅਧਾਰ 'ਤੇ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਹਰਪ੍ਰੀਤ ਸਿੰਘ ਪੁਤਰ ਗੁਰਦੀਪ ਸਿੰਘ, ਵਾਸੀ ਪਿੰਡ ਗੁਰੂਸਰ ਦੱਸਿਆ। ਪੁਲਸ ਵੱਲੋਂ ਉਸ ਦੀ ਤਲਾਸ਼ੀ ਲੈਣ 'ਤੇ ਉਸ ਪਾਸੋਂ 1000 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਉਕਤ ਮੁਲਜ਼ਮ ਖਿਲਾਫ ਥਾਣਾ ਗਿੱਦੜਬਾਹਾ 'ਚ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕੀਤੀ ਗਈ।

## ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਸਟੈਨਫੋਰਡ ਸਕੂਲ ਦੇ ਖਿਡਾਰੀ ਅੱਵਲ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ 'ਚੋਂ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਟੈਨਫ਼ੋਰਡ ਇੰਟਰਨੈਸ਼ਨਲ ਸਕੂਲ ਚੰਨਣਵਾਲ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਿੰ: ਪ੍ਰਦੀਪ ਕੌਰ ਗਰੇਵਾਲ ਨੇ ਦੱਸਿਆ ਕਿ ਸਕੂਲ ਦੀ ਟੀਮ ਨੇ ਅੰਡਰ 14 ਤੇ ਅੰਡਰ 17 ਲੜਕੇ, ਅੰਡਰ 17 ਲੜਕੇ ਕ੍ਰਿਕਟ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਤੋਂ ਇਲਾਵਾ ਅੰਡਰ-14, ਅੰਡਰ 17 ਤੇ ਅੰਡਰ 19 ਸਾਫ਼ਟ ਬਾਲ 'ਚ ਜੇਤੂ ਰਹਿਣ ਤੋਂ ਬਾਅਦ ਖਿਡਾਰੀ ਸਟੇਟ ਪੱਧਰੀ ਮੁਕਾਬਲਿਆਂ ਲਈ ਚੁਣੇ ਗਏ। ਪ੍ਰਬੰਧਕ ਕਮੇਟੀ ਦੇ ਡਾਕਟਰ ਤਪਿੰਦਰ ਸਿੰਘ ਗਰੇਵਾਲ ਨੇ ਇਸ ਪ੍ਰਾਪਤੀ 'ਤੇ ਪ੍ਰਿੰ: ਪ੍ਰਦੀਪ ਕੌਰ, ਡੀ. ਪੀ. ਗੁਰਲਾਲ ਸਿੰਘ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਸ਼ੁੱਭ-ਕਾਮਨਾਵਾਂ ਭੇਟ ਕਰਦਿਆਂ ਆਸ ਪ੍ਰਗਟ ਕੀਤੀ ਕਿ ਸੰਸਥਾ ਵੱਲੋਂ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਮੁਹੱਈਆ ਕਰਵਾਈਆਂ ਜਾ ਰਹੀਆਂ ਆਧੁਨਿਕ ਸਹੂਲਤਾਂ ਤੇ ਖੇਡ ਮਾਹਰਾਂ ਦੀ ਚੰਗੀ ਸਿਖਲਾਈ ਦੇ ਸਦਕਾ ਸੰਸਥਾ ਦੀ ਟੀਮ ਭਵਿੱਖ 'ਚ ਹੋਰ ਬੁਲੰਦੀਆਂ ਨੂੰ ਛੋਹੇਗੀ।

## ਜਗਜੀਤ ਸਿੰਘ ਲੱਡਾ ਦੇ ਦੋ ਬਾਲ ਗ਼ਜ਼ਲ ਸੰਗ੍ਰਹਿ ਲੋਕ ਅਰਪਣ



**ਸੰਗਰੂਰ (ਪ੍ਰਵੀਨ ਸਿੰਘ)**
ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੀ ਮਾਸਿਕ ਸਾਹਿਤਕ ਇਕੱਤਰਤਾ ਮਾਨ ਹੋਮੀਓਪੈਥਿਕ ਮੈਡੀਕਲ ਸੈਂਟਰ ਵਿਖੇ ਬਾਬਿਆਂ ਦੇ ਗਿੱਧੇ ਵਾਲੇ ਦਲਬਾਰ ਸਿੰਘ ਚੰਨ ਸੇਖਵਾਂ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਉੱਘੇ ਬਾਲ ਗ਼ਜ਼ਲਗੋ ਜਗਜੀਤ ਸਿੰਘ ਲੱਡਾ ਦੇ ਦੋ ਬਾਲ ਗ਼ਜ਼ਲ-ਸੰਗ੍ਰਹਿ 'ਆਪਣਾ ਪੰਜਾਬ' ਤੇ 'ਪਿਆਰਾ ਭਾਰਤ' ਲੋਕ ਅਰਪਣ ਕੀਤੇ ਗਏ। ਪੁਸਤਕਾਂ ਲੋਕ ਅਰਪਣ ਕਰਨ ਤੋਂ ਬਾਅਦ ਪੁਸਤਕਾਂ ਸਬੰਧੀ ਪੜ੍ਹੇ ਗਏ ਆਪਣੇ ਖੋਜਪੂਰਨ ਪਰਚੇ ਵਿੱਚ ਡਾ. ਇਕਬਾਲ ਸਿੰਘ ਸਕਰਦੀ ਨੇ ਕਿਹਾ ਕਿ ਵਿਦਿਆਰਥੀਆਂ ਲਈ ਕਿਸੇ ਵੀ ਮੁਕਾਬਲੇ ਵਿੱਚ ਵਧੀਆ ਅੰਕ ਲੈਣ ਲਈ ਜਗਜੀਤ ਸਿੰਘ ਲੱਡਾ ਦੀਆਂ ਪੁਸਤਕਾਂ ਬਿਨਾਂ ਸ਼ੱਕ ਬਹੁਤ ਹੀ ਲਾਭਦਾਇਕ ਤੇ ਕਾਰਗਰ ਸਿੱਧ ਹੋ ਸਕਦੀਆਂ ਹਨ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਡਾ. ਗੁਰਮੀਤ ਸਿੰਘ ਨੇ ਕਿਹਾ ਕਿ ਜਗਜੀਤ ਸਿੰਘ ਲੱਡਾਂ ਦੀਆਂ ਪੁਸਤਕਾਂ ਸਕੂਲਾਂ ਦੇ ਸਿਲੇਬਸ ਵਿੱਚ ਲਾਉਣ ਦੇ ਪੂਰੀ ਤਰ੍ਹਾਂ ਯੋਗ ਹਨ।

ਸਮਾਗਮ ਦੇ ਆਰੰਭ ਵਿੱਚ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਫ਼ਿਲਮੀ ਗੀਤਕਾਰ ਦੇਵ ਕੋਹਲੀ ਤੇ ਉੱਘੇ ਸਾਹਿਤਕਾਰ ਦੇਸ ਰਾਜ ਕਾਲੀ ਨੂੰ ਦੋ ਮਿੰਟ ਦਾ ਮੌਨ ਧਾਰਨ ਕਰ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸਰਬਸੰਮਤੀ ਨਾਲ ਪਾਸ ਕੀਤੇ ਗਏ ਇੱਕ ਮਤੇ ਵਿੱਚ ਸਭਾ ਦਾ ਆਪਣਾ ਦਫ਼ਤਰ ਬਣਾਉਣ ਦਾ ਫੈਸਲਾ ਕੀਤਾ ਗਿਆ। ਉਪਰੰਤ ਰਜਿੰਦਰ ਸਿੰਘ ਰਾਜਨ ਦੇ ਇਨਕਲਾਬੀ ਦੋਹਿਆਂ ਨਾਲ ਸ਼ੁਰੂ ਹੋਏ ਸੁਤੰਤਰਤਾ ਦਿਵਸ ਨੂੰ ਸਮਰਪਤ ਸ਼ਾਨਦਾਰ ਕਵੀ ਦਰਬਾਰ ਵਿੱਚ ਗੁਰਮੀਤ ਸਿੰਘ ਸੋਹੀ, ਹਰਕਰਣ ਸਿੰਘ, ਸੁਖਵਿੰਦਰ ਸਿੰਘ ਲੋਟੇ, ਡਾ. ਇਕਬਾਲ ਸਿੰਘ ਸਕਰਦੀ, ਸੁਖਵਿੰਦਰ ਸਿੰਘ ਫੁੱਲ, ਮੂਲ ਚੰਦ ਸ਼ਰਮਾ, ਰਾਜਦੀਪ ਸਿੰਘ, ਡਾ. ਗੁਰਮੀਤ ਸਿੰਘ, ਵਿਸ਼ਾਲ ਸ਼ਰਮਾ, ਗੁਰਚਰਨ ਸਿੰਘ ਅਤੇ ਰਣਬੀਰ ਸਿੰਘ ਪ੍ਰਿੰਸ ਆਦਿ ਕਵੀਆਂ ਨੇ ਆਪਣੀਆਂ ਖੂਬਸੂਰਤ ਰਚਨਾਵਾਂ ਨਾਲ ਹਾਜ਼ਰੀ ਲਵਾਈ।

ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਸੁਖਵਿੰਦਰ ਸਿੰਘ ਲੋਟੇ ਨੇ ਨਿਭਾਈ।

## ਪ੍ਰਕਾਸ਼ ਤੇ ਰਾਜਵੀਰ ਦਾ ਜ਼ਿਲ੍ਹਾ ਪੱਧਰੀ ਕੁਇੱਜ਼ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਡੀ.ਏ.ਵੀ. ਕਾਲਜ ਦੇ ਪ੍ਰਿੰਸੀਪਲ ਸ੍ਰੀ ਸੁਭਾਸ਼ ਗੁਪਤਾ, ਭਾਸ਼ਾ ਵਿਭਾਗ ਦੇ ਇੰਚਾਰਜ ਡਾ. ਜਸਬੀਰ ਕੌਰ ਤੇ ਡੀਨ ਸਟੂਡੈਂਟ ਵੈੱਲਫੇਅਰ ਸ੍ਰੀ ਦੀਪਕ ਅਗਰਵਾਲ ਦੀ ਅਗਵਾਈ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਭਾਸ਼ਾ ਵਿਭਾਗ ਸ੍ਰੀ ਮੁਕਤਸਰ ਸਾਹਿਬ ਵੱਲੋਂ ਖਾਲਸਾ ਕਾਲਜ ਆਫ਼ ਐਜੂਕੇਸ਼ਨ ਸ੍ਰੀ ਮੁਕਤਸਰ ਸਾਹਿਬ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਕੁਇੱਜ਼ ਮੁਕਾਬਲੇ ਵਿੱਚ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਡੀ.ਏ.ਵੀ. ਕਾਲਜ ਮਲੋਟ ਦੇ ਬੀ.ਏ. ਸਾਲ ਤੀਜਾ ਦੇ ਦੋ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਪ੍ਰਕਾਸ਼ ਸਿੰਘ ਨੇ ਪੂਰੇ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਤੇ ਰਾਜਵੀਰ ਸਿੰਘ ਨੇ ਦੂਜਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਂ ਰੌਸ਼ਨ ਕੀਤਾ। ਪ੍ਰਿੰਸੀਪਲ ਸ੍ਰੀ ਸੁਭਾਸ਼ ਗੁਪਤਾ ਤੇ ਸਮੂਹ ਸਟਾਫ਼ ਨੇ ਜੇਤੂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੰਦੇ ਹੋਏ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਮੈਡਮ ਭੁਪਿੰਦਰ ਕੌਰ ਹਾਜ਼ਰ ਸਨ।

## ਪੰਜਾਬੀ ਸਾਹਿਤ ਸਭਾ ਦੀ ਮੀਟਿੰਗ 'ਚ ਮਾ. ਤਰਲੋਚਨ, ਦੇਸ ਰਾਜ ਕਾਲੀ ਤੇ ਸ਼ਿਵਨਾਥ ਨੂੰ ਕੀਤਾ ਯਾਦ



**ਸਮਰਾਲਾ (ਸੁਰਜੀਤ ਸਿੰਘ)**
ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਦੀ ਮਹੀਨਾਵਾਰ ਮੀਟਿੰਗ ਨਿਊ ਹਾਲ ਲਾਟੋਂ ਰੋਡ ਵਿਖੇ ਹੋਈ। ਸ਼ੁਰੂਆਤੀ ਦੌਰ ਵਿੱਚ ਸਾਡੇ ਨਾਲੋਂ ਸਰੀਰਕ ਤੌਰ 'ਤੇ ਸਦਾ ਲਈ ਵਿਛੜ ਗਏ ਸਤਿਕਾਰਯੋਗ ਮਾਸਟਰ ਤਰਲੋਚਨ ਸਿੰਘ ਸਮਰਾਲਾ, ਕਹਾਣੀਕਾਰ ਤੇ ਸੂਝਵਾਨ ਸਾਹਿਤਕਾਰ ਸ੍ਰੀ ਦੇਸ ਰਾਜ ਕਾਲੀ, ਸ਼ਾਇਰ ਸ਼ਿਵਨਾਥ, ਲੋਕ ਗਾਇਕ ਸੁਰਿੰਦਰ ਛਿੰਦਾ ਦੇ ਜੀਵਨ ਬਾਰੇ ਬਲਬੀਰ ਸਿੰਘ ਬੱਬੀ, ਜਸਵੀਰ ਸਿੰਘ ਝੱਜ, ਡਾ. ਪਰਮਿੰਦਰ ਸਿੰਘ ਬੈਨੀਪਾਲ, ਗੁਰਸੇਵਕ ਸਿੰਘ ਢਿੱਲੋਂ ਆਦਿ ਨੇ ਭਰਪੂਰ ਜਾਣਕਾਰੀ ਦਿੱਤੀ। ਸਭਾ ਵੱਲੋਂ ਦੋ ਮਿੰਟ ਦਾ ਮੌਨ ਧਾਰਨ ਕਰਕੇ ਵਿਛੜੇ ਸਾਹਿਤਕਾਰਾਂ ਪ੍ਰਤੀ ਸ਼ੋਕ ਪ੍ਰਗਟ ਕੀਤਾ ਗਿਆ। ਰਚਨਾਵਾਂ ਦੇ ਦੌਰ ਵਿੱਚ ਦਲਵੀਰ ਕਲੇਰ, ਬਲਵੰਤ ਸਿੰਘ ਵਿਰਕ, ਬਲਬੀਰ ਸਿੰਘ ਬੱਬੀ, ਜੋਰਾਵਰ ਸਿੰਘ ਪੰਛੀ, ਪੱਪੂ ਬਲਬੀਰ, ਜਗਦੇਵ ਮਕਸੂਦੜਾ, ਪੰਮੀ ਹਬੀਬ, ਗਾਇਕ ਜਗਤਾਰ ਰਾਈਆਂ, ਰਜਿੰਦਰ ਕੌਰ ਪੰਨੂੰ, ਨੇਤਰ ਸਿੰਘ ਮੁੱਤੋਂ, ਹਰਬੰਸ ਮਾਲਵਾ, ਜਸਵੀਰ ਸਿੰਘ ਝੱਜ, ਗੁਰਸੇਵਕ ਸਿੰਘ ਢਿੱਲੋਂ, ਦਲਜੀਤ ਸਿੰਘ ਰੰਧਾਵਾ, ਹਰਬੰਸ ਸਿੰਘ ਰਾਏ, ਲਖਵੀਰ ਸਿੰਘ ਲੱਭਾ, ਜਗਦੇਵ ਸਿੰਘ ਬਾਘਾ ਆਦਿ ਨੇ ਰਚਨਾਵਾਂ ਪੇਸ਼ ਕੀਤੀਆਂ। ਪੜ੍ਹੀਆਂ ਸੁਣੀਆਂ ਰਚਨਾਵਾਂ 'ਤੇ ਡਾ ਪਰਮਿੰਦਰ ਸਿੰਘ ਬੈਨੀਪਾਲ, ਜਸਵੀਰ ਸਿੰਘ ਝੱਜ, ਹਰਬੰਸ ਸਿੰਘ ਮਾਲਵਾ, ਗੁਰਸੇਵਕ ਸਿੰਘ ਢਿੱਲੋਂ, ਹਰਬੰਸ ਸਿੰਘ ਰਾਏ ਆਦਿ ਨੇ ਉਸਾਰੂ ਵਿਚਾਰ ਚਰਚਾ ਕੀਤੀ। ਕਹਾਣੀਕਾਰ ਤਰਨ ਬੱਲ ਨੇ ਸਭਾ ਦੀ ਕਾਰਵਾਈ ਨੂੰ ਬਾਖੂਬੀ ਤਰੀਕੇ ਨਾਲ ਚਲਾਇਆ। ਗੁਰਸੇਵਕ ਸਿੰਘ ਢਿੱਲੋਂ ਨੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

## ਆਸਰਾ ਫਾਊਂਡੇਸ਼ਨ ਤੇ ਯੁਵਾ ਭਾਰਤ ਟਰੱਸਟ ਵੱਲੋਂ ਅੱਖਾਂ ਦਾ ਮੁਫਤ ਕੈਂਪ



**ਬਰੇਟਾ/ਬੁਢਲਾਡਾ (ਰੀਤਵਾਲ/ਅਸ਼ੋਕ ਲਾਕੜਾ)**
ਆਸਰਾ ਫਾਊਂਡੇਸ਼ਨ ਬਰੇਟਾ ਤੇ ਯੁਵਾ ਭਾਰਤ ਟਰੱਸਟ ਪੰਜਾਬ ਵੱਲੋਂ ਜਿਉਣਾ ਮੱਲ ਕਪੂਰ ਚੰਦ ਦੀ ਯਾਦ ਨੂੰ ਸਮਰਪਤ ਅੱਖਾਂ ਦਾ 98ਵਾਂ ਕੈਂਪ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਵਿਖੇ ਡਾਕਟਰ ਅਮਨਦੀਪ ਸਿੰਘ ਦੀ ਅਗਵਾਈ ਹੇਠ ਲਗਾਇਆ ਗਿਆ, ਜਿਸ ਵਿੱਚ 433 ਮਰੀਜ਼ ਸਿਲੈਕਟ ਕਰਕੇ 56 ਮਰੀਜ਼ ਫਰੀ ਲੈਂਜ਼ ਪਾਉਣ ਲਈ ਸਿਲੈਕਟ ਕੀਤੇ ਗਏ। ਜਿਨ੍ਹਾਂ ਨੂੰ ਸ਼ਿਫਟਾਂ ਵਿੱਚ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ ਸੁਸਾਇਟੀ ਵਿਖੇ ਲਜਾ ਕੇ ਫ੍ਰੀ ਲੈਂਜ ਪਾਏ ਜਾਣਗੇ। ਇਸ ਕੈਂਪ ਵਿੱਚ ਸਾਰੀਆਂ ਦਵਾਈਆਂ ਦੀ ਸੇਵਾ ਸਾਵਣ ਐਜੂਕੇਸ਼ਨਲ ਟਰੱਸਟ ਦੇ ਸੰਸਥਾਪਕ ਮਹਿੰਦਰ ਸਿੰਘ ਕਟੋਦੀਆ ਚੰਡੀਗੜ੍ਹ ਵੱਲੋਂ ਹਰ ਮਹੀਨੇ ਕੀਤੀ ਜਾਂਦੀ ਹੈ। ਇਸ ਮੌਕੇ ਆਸਰਾ ਫਾਊਂਡੇਸ਼ਨ ਬਰੇਟਾ ਦੇ ਮੁੱਖ ਸਲਾਹਕਾਰ ਸੁਖਪਾਲ ਸਿੰਘ ਪੰਜਾਬ ਪੁਲਸ ਤੇ ਪ੍ਰਧਾਨ ਡਾਕਟਰ ਗਿਆਨ ਚੰਦ ਆਜ਼ਾਦ ਵੱਲੋਂ ਅੱਖਾਂ ਦੀ ਸੰਭਾਲ ਤੇ ਬਿਮਾਰੀਆਂ ਬਾਰੇ ਵਿਸਥਾਰ ਪੂਰਵਕ ਸਮਝਾਇਆ ਗਿਆ। ਕੈਂਪ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਸਾਬਕਾ ਐੱਮ ਐੱਲ ਏ ਮੰਗਤ ਰਾਏ ਬਾਂਸਲ ਵੱਲੋਂ ਟੀਮ ਆਸਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਸਾਡੇ ਇਲਾਕੇ ਦੀ ਇਸ ਸੰਸਥਾ 'ਤੇ ਬਹੁਤ ਮਾਣ ਹੈ, ਜਿਹੜੀ ਹਰ ਵੇਲੇ ਲੋੜਵੰਦਾਂ ਦੀ ਮਦਦ ਲਈ ਤਿਆਰ ਰਹਿੰਦੀ ਹੈ। ਅਗਲਾ ਕੈਂਪ 24 ਸਤੰਬਰ ਨੂੰ ਇਸੇ ਥਾਂ 'ਤੇ ਲੱਗੇਗਾ। ਲੰਗਰ ਦੀ ਸੇਵਾ ਬਾਬਾ ਰਣਜੀਤ ਸਿੰਘ ਟੈਣੀ ਮੁੱਖ ਸੇਵਾਦਾਰ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਤੇ ਉਨ੍ਹਾ ਦੀ ਟੀਮ ਵੱਲੋਂ ਕੀਤੀ ਗਈ। ਇਸ ਕੈਂਪ 'ਚ ਡਾਕਟਰ ਸਾਹਿਬਾਨ ਦੀ ਟੀਮ ਵਿੱਚ ਹਰਜੋਤ ਸਿੰਘ, ਕਮਲਦੀਪ ਸਿੰਘ, ਰਵਿੰਦਰ ਸਿੰਘ ਸਿੰਘ, ਹੈਪੀ, ਅਵਿਨਾਸ਼ ਚੰਦਰ, ਨਰਿੰਦਰ ਬਾਂਸਲ, ਗੁਰਮੀਤ ਸਿੰਘ, ਅਮਨਦੀਪ ਕੌਰ, ਇਲਾਕੇ ਦੇ ਮੋਹਤਬਰਾਂ, ਸ਼ਹਿਰ ਨਿਵਾਸੀਆਂ ਤੋਂ ਇਲਾਵਾ ਜ਼ਿਲ੍ਹਾ ਰੂਰਲ ਯੂਥ ਕਲੱਬ, ਐਸੋਸੀਏਸ਼ਨ ਮਾਨਸਾ ਦੇ ਸਟੇਟ ਐਵਾਰਡੀ ਰਜਿੰਦਰ ਕੁਮਾਰ, ਐਂਟੀ-ਕੁਰੱਪਸ਼ਨ ਐਸੋਸੀਏਸ਼ਨ ਮਾਨਸਾ, ਸੰਜੀਵਨੀ ਵੈੱਲਫੇਅਰ ਸੁਸਾਇਟੀ ਬੁਢਲਾਡਾ ਦੇ ਬਲਦੇਵ ਕੱਕੜ, ਮਾਤਾ ਗੁਜਰੀ ਭਲਾਈ ਕੇਂਦਰ ਬੁਢਲਾਡਾ ਦੇ ਮਾਸਟਰ ਕੁਲਵੰਤ ਸਿੰਘ, ਨੱਥਾ ਸਿੰਘ, ਮਿੱਠੂ ਸਿੰਘ ਆਦਿ ਹਾਜ਼ਰ ਸਨ।

## ਜ਼ਿਲ੍ਹਾ ਪ੍ਰਸ਼ਨੋਤਰੀ ਮੁਕਾਬਲਿਆਂ 'ਚ ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀ ਅੱਵਲ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**
ਬਾਬਾ ਫ਼ਰੀਦ ਜੀ ਦੀ ਅਪਾਰ ਬਖਸ਼ਿਸ਼ ਤੇ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਭਾਸ਼ਾ ਵਿਭਾਗ ਦੁਆਰਾ ਕਰਾਈ ਗਈ ਜ਼ਿਲ੍ਹਾ ਪੱਧਰੀ ਪ੍ਰਸ਼ਨੋਤਰੀ ਮੁਕਾਬਲਿਆਂ ਵਿੱਚ ਆਪਣੇ ਵਰਗ ਵਿੱਚ ਪਹਿਲੇ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਪੂਰੇ ਇਲਾਕੇ ਵਿਚ ਰੌਸ਼ਨ ਕੀਤਾ ਹੈ।

ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਨੇ ਦੱਸਿਆ ਕਿ ਪਿਛਲੇ ਦਿਨੀਂ ਭਾਸ਼ਾ ਵਿਭਾਗ ਫ਼ਰੀਦਕੋਟ ਦੁਆਰਾ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਦੇ ਵੱਖ-ਵੱਖ ਵਰਗਾਂ ਦੇ ਜ਼ਿਲ੍ਹਾ ਪੱਧਰੀ ਪ੍ਰਸ਼ਨੋਤਰੀ ਮੁਕਾਬਲੇ ਕਰਾਏ। ਇਨ੍ਹਾਂ ਮੁਕਾਬਲਿਆਂ ਵਿੱਚ ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਵੀ ਵਧ-ਚੜ੍ਹ ਅਤੇ ਉਤਸ਼ਾਹ ਨਾਲ ਹਿੱਸਾ ਲਿਆ। ਆਪਣੀ ਸੋਚ ਤੇ ਗਹਿਰੀ ਸੂਝ-ਬੂਝ ਦਾ ਪ੍ਰਗਟਾਵਾ ਕਰਦਿਆਂ ਜੂਨੀਅਰ ਵਰਗ ਵਿੱਚ ਸੁਖਮਨ ਕੌਰ ਨੇ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਉਸ ਨੂੰ ਇਸ ਪ੍ਰਾਪਤੀ ਲਈ ਵਿਭਾਗ ਵੱਲੋਂ 1000 ਦੀ ਨਕਦ ਰਾਸ਼ੀ ਤੇ ਸਰਟੀਫ਼ਿਕੇਟ ਨਾਲ ਸਨਮਾਨਤ ਕੀਤਾ ਗਿਆ। ਇਸੇ ਹੀ ਵਰਗ ਵਿੱਚੋਂ ਹਰਲੀਨ ਕੌਰ ਜਮਾਤ ਅੱਠਵੀਂ ਨੇ ਦੂਜਾ ਸਥਾਨ ਹਾਸਲ ਕਰਕੇ 750 ਦੀ ਨਕਦ ਰਾਸ਼ੀ ਅਤੇ ਸਰਟੀਫ਼ਿਕੇਟ ਪ੍ਰਾਪਤ ਕੀਤਾ। ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ ਬਾਰੇ ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ ਨੇ ਕਿਹਾ ਕਿ ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀ ਭਾਸ਼ਾ ਵਿਭਾਗ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ, ਅਦਾਰਿਆਂ, ਬੋਰਡਾਂ ਆਦਿ ਦੁਆਰਾ ਕਰਾਏ ਜਾਂਦੇ ਰਾਜ ਪੱਧਰੀ ਅਤੇ ਰਾਸ਼ਟਰ ਪੱਧਰੀ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਦੇ ਹਨ ਤੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਕੇ ਸਕੂਲ ਦਾ ਨਾਂਅ ਸਮੁੱਚੇ ਇਲਾਕੇ ਵਿੱਚ ਰੌਸ਼ਨ ਕਰਦੇ ਆ ਰਹੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਇਸ ਤਰ੍ਹਾਂ ਵਿਦਿਆਰਥੀਆਂ ਵਿੱਚ ਜਿੱਥੇ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ, ਉੱਥੇ ਨਾਲ ਹੀ ਨੈਤਿਕ ਕਦਰਾਂ-ਕੀਮਤਾਂ, ਇਤਿਹਾਸ, ਵਿਰਸੇ ਅਤੇ ਸੱਭਿਆਚਾਰ ਨਾਲ ਵੀ ਜੁੜਨ ਦੀ ਪ੍ਰੇਰਨਾ ਵੀ ਮਿਲਦੀ ਹੈ। ਫਿਰ ਉਨ੍ਹਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਤਿਆਰੀ ਕਰਾਉਣ ਵਾਲੇ ਅਧਿਆਪਕਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ। ਸੰਸਥਾ ਦੇ ਚੇਅਰਮੈਨ ਇੰਦਰਜੀਤ ਸਿੰਘ ਖਾਲਸਾ ਨੇ ਪ੍ਰਿੰਸੀਪਲ ਸ੍ਰੀਮਤੀ ਕੁਲਦੀਪ ਕੌਰ, ਅਧਿਆਪਕਾਂ ਅਤੇ ਇਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਆਪਣਾ ਅਸ਼ੀਰਵਾਦ ਦਿੰਦਿਆਂ ਮੁਬਾਰਕਬਾਦ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ।

## ਵਿਦਿਆਰਥਣ ਮਨਪ੍ਰੀਤ ਕੌਰ ਨਮਿਤ ਅੰਤਮ ਅਰਦਾਸ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕੈਨੇਡਾ 'ਚ ਅਚਾਨਕ ਸਿਹਤ ਖਰਾਬ ਹੋ ਜਾਣ ਕਾਰਨ ਬੇਵਕਤ ਅਕਾਲ ਚਲਾਣਾ ਕਰ ਗਈ ਵਿਦਿਆਰਥਣ ਮਨਪ੍ਰੀਤ ਕੌਰ ਪੁੱਤਰੀ ਕਿਸਾਨ ਆਗੂ ਕੇਵਲ ਸਿੰਘ ਸਹੌਰ ਨਮਿੱਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ, ਪਿੰਡ ਹਮੀਦੀ ਵਿਖੇ ਹੋਈ। ਇਸ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਕਥਾ ਵਾਚਕ ਗਿਆਨੀ ਗੁਰਚਰਨ ਸਿੰਘ ਨੇ ਕਥਾ ਕਰ ਕੇ ਪਰਿਵਾਰ ਨੂੰ ਇਸ ਕਠਿਨ ਸਮੇਂ ਭਾਣਾ ਮੰਨਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੁੱਜੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਕਿਸਾਨ ਆਗੂ ਕੇਵਲ ਸਿੰਘ ਨੇ ਹੱਡ ਭੰਨਵੀਂ ਮਿਹਨਤ ਕਰ ਕੇ ਆਪਣੀ ਬੇਟੀ ਨੂੰ ਵਿਦੇਸ਼ ਭੇਜਿਆ ਸੀ, ਬੇਹੱਦ ਲਾਇਕ ਬੱਚੀ ਨੇ ਅੱਵਲ ਦਰਜੇ 'ਚ ਪੜ੍ਹਾਈ ਪੂਰੀ ਕੀਤੀ। ਹੁਣ ਪਰਿਵਾਰ ਲਈ ਚੰਗਾਂ ਸਮਾਂ ਆਉਣਾ ਸੀ, ਪਰ ਇਹ ਭਾਣਾ ਵਾਪਰ ਗਿਆ। ਉਨ੍ਹਾ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਮਿਲ ਕੇ ਅਜਿਹੇ ਹਾਦਸਿਆਂ ਦਾ ਵਿਦੇਸ਼ਾਂ 'ਚ ਸ਼ਿਕਾਰ ਹੋ ਰਹੇ ਪੰਜਾਬੀ ਵਿਦਿਆਰਥੀਆਂ ਦੇ ਪਰਿਵਾਰਾਂ ਵਾਸਤੇ ਵਿਸ਼ੇਸ਼ ਭਲਾਈ ਫੰਡ ਕਾਇਮ ਕਰਨ ਦੀ ਮੰਗ ਕਰਨਗੇ।

**ਪ੍ਰਵਾਸੀਆਂ ਵੱਲੋਂ ਭੇਜੀ ਆਰਥਿਕ ਮਦਦ ਵਿਧਾਇਕ ਪੰਡੋਰੀ ਨੇ ਪੀੜਤ ਪਰਿਵਾਰ ਨੂੰ ਸੌਂਪੀ**



ਇਸ ਮੌਕੇ ਉਨ੍ਹਾ ਪ੍ਰਵਾਸੀ ਭਾਰਤੀਆਂ ਵੱਲੋਂ ਰਾਜਾ ਰਾਹਲ ਕੈਨੇਡਾ ਦੀ ਅਗਵਾਈ 'ਚ ਪਰਿਵਾਰ ਦੀ ਮਦਦ ਵਾਸਤੇ ਭੇਜੀ 70 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਵੀ ਪਰਿਵਾਰ ਨੂੰ ਭੇਟ ਕੀਤੀ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਗੁਰਜੰਟ ਸਿੰਘ ਕੱਟੂ, ਬੀ.ਕੇ.ਯੂ. ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ, ਨਰਾਇਣ ਦੱਤ, ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਮ੍ਰਿਤਕਾ ਦੇ ਪਿਤਾ ਕੇਵਲ ਸਿੰਘ ਨੇ ਇਸ ਦੁੱਖ ਦੀ ਘੜੀ 'ਚ ਪਰਿਵਾਰ ਨਾਲ ਖੜਨ ਵਾਲੇ ਪ੍ਰਵਾਸੀ ਭਾਰਤੀਆਂ, ਸਮਾਜ ਸੇਵੀਆਂ ਤੇ ਲਾਸ਼ ਨੂੰ ਮੰਗਵਾਉਣ 'ਚ ਮੁੱਖ ਮਦਦ ਕਰਨ 'ਤੇ ਵਿਦੇਸ਼ ਮੰਤਰਾਲਾ ਭਾਰਤ ਸਰਕਾਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਇਸ ਮੌਕੇ ਜਸਵਿੰਦਰ ਸਿੰਘ ਮਾਂਗਟ, ਹਰਬੰਸ ਸਿੰਘ ਰਾਣੂ, ਸਰਬਜੀਤ ਸਿੰਘ ਸ਼ੰਭੂ, ਮਾ: ਅਮਰਜੀਤ ਸਿੰਘ, ਜਥੇ: ਸਾਧੂ ਸਿੰਘ ਠੁੱਲੀਵਾਲ, ਡਾ: ਅਮਰਜੀਤ ਮਹਿਲ ਕਲਾਂ, ਏਕਮ ਸਿੰਘ ਹਮੀਦੀ, ਨਛੱਤਰ ਸਿੰਘ ਸਹੌਰ, ਭਿੰਦਰ ਸਿੰਘ ਸਹੌਰ, ਜਰਨੈਲ ਸਿੰਘ ਸਹੌਰ, ਬਲਵੀਰ ਸਿੰਘ ਠੁੱਲੀਵਾਲ, ਬਲਵੰਤ ਰਾਏ ਹਮੀਦੀ ਆਦਿ ਹਾਜ਼ਰ ਸਨ।

## ਸੀ ਟੀ 'ਵਰਸਿਟੀ 'ਚ ਤੀਆਂ ਤੀਜ ਦੀਆਂ ਦਾ ਆਯੋਜਨ



**ਜਗਰਾਓਂ (ਨਛੱਤਰ ਸੰਧੂ)**-ਵਿਦਿਆਰਥੀ ਭਲਾਈ ਵਿਭਾਗ, ਸੀਟੀ ਯੂਨੀਵਰਸਿਟੀ ਵੱਲੋਂ 'ਤੀਆਂ ਤੀਜ ਦੀਆਂ' ਦਾ ਆਯੋਜਨ ਕੀਤਾ ਗਿਆ। ਕੈਂਪਸ ਵਿਖੇ ਰੰਗ-ਬਿਰੰਗੀ ਸਜਾਵਟ ਨਾਲ ਤੀਜ ਦੀ ਰੌਣਕ ਦੇਖਣ ਯੋਗ ਸੀ। ਵੱਖਰੇ-ਵੱਖਰੇ ਖਾਣੇ ਦੇ ਸਟਾਲ, ਚੂੜੀਆਂ ਤੇ ਥੀਮ-ਅਧਾਰਤ ਸਜਾਵਟ ਦੇਖਣ ਨੂੰ ਮਿਲੀ। ਸੀਟੀ ਡਿਗਰੀ ਕਾਲਜ (ਕਾਲਜੀਏਟ) ਤੇ ਸੱਭਿਆਚਾਰਕ ਵਿਭਾਗ ਵੱਲੋਂ ਵਿਦਿਆਰਥਣਾਂ ਨੇ ਮਨਮੋਹਕ ਗਿੱਧੇ ਰਾਹੀਂ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਦਰਸਾਇਆ। ਫ਼ੈਸ਼ਨ ਸ਼ੋਅ ਰਾਹੀਂ ਵਿਦਿਆਰਥਣਾਂ ਨੇ ਪੰਜਾਬ ਦੇ ਰਵਾਇਤੀ ਪੰਜਾਬ ਦੀ ਝਲਕ ਪੇਸ਼ ਕੀਤੀ। ਇਸ ਮੌਕੇ ਸਕੂਲ ਆਫ਼ ਲਾਅ ਦੀ ਪ੍ਰਿੰਸੀਪਲ ਡਾ. ਸਿਮਰਨ ਗਿੱਲ ਤੇ ਡਾ. ਪੁਨੀਤਾ ਸ਼ਰਮਾ, ਸੀ.ਓ.ਐਸ., ਸਕੂਲ ਆਫ਼ ਹਿਊਮੈਨਟੀਜ਼ ਐਂਡ ਫਿਜ਼ੀਕਲ ਐਜੂਕੇਸ਼ਨ ਜੱਜ ਵਜੋਂ ਮੌਜੂਦ ਰਹੇ। ਸਟਾਫ਼ ਵਿੱਚੋਂ ਸੀਟੀ ਡਿਗਰੀ ਕਾਲਜ ਦੀ ਪ੍ਰਿੰਸੀਪਲ ਹਰਦੀਪ ਕੌਰ ਨੇ 'ਮਿਸ ਤੀਜ' ਖਿਤਾਬ ਹਾਸਲ ਕੀਤਾ, ਜਦੋਂਕਿ ਵਿਦਿਆਰਥੀਆਂ ਵਿੱਚੋਂ ਸਕੂਲ ਆਫ਼ ਲਾਅ ਬੀਏ ਐਲਐਲਬੀ ਦੀ ਹਰਵਿੰਦਰ ਕੌਰ ਨੇ ਮਿਸ ਤੀਜ ਦਾ ਖਿਤਾਬ ਹਾਸਲ ਕੀਤਾ। ਇਸ ਮੌਕੇ ਪ੍ਰੋ ਵਾਈਸ ਚਾਂਸਲਰ ਡਾ. ਅਭਿਸ਼ੇਕ ਤ੍ਰਿਪਾਠੀ, ਡੀਨ ਅਕਾਦਮਿਕ ਡਾ ਅਵਧੇਸ਼ ਗੁਪਤਾ, ਵਿਦਿਆਰਥੀ ਭਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਦਵਿੰਦਰ ਸਿੰਘ ਅਤੇ ਡਾ. ਪੁਨੀਤਾ ਸ਼ਰਮਾ, ਲਿਵਨ ਸੈਲੂਨ ਤੋਂ ਆਏ ਨਿਧੀ ਮੌਜੂਦ ਰਹੇ ਤੇ ਜੇਤੂਆਂ ਨੂੰ ਸਨਮਾਨਤ ਕੀਤਾ। ਵਿਦਿਆਰਥੀ ਭਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਦਵਿੰਦਰ ਸਿੰਘ ਨੇ ਸਮਾਗਮ ਦੀ ਸਫ਼ਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਤੀਜ ਸਿਰਫ਼ ਇੱਕ ਤਿਉਹਾਰ ਨਹੀਂ, ਸਗੋਂ ਸਾਡੇ ਸੱਭਿਆਚਾਰ ਅਤੇ ਪ੍ਰੰਪਰਾਵਾਂ ਨੂੰ ਮਨਾਉਣ ਦਾ ਇੱਕ ਮੌਕਾ ਹੈ ਤੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਰਾਏ ਸਿੱਖ, ਮਹਾਤਮ ਤੇ ਸਿਰਕੀਬੰਦ ਇਕ ਜਾਤੀ ਦੇ ਵੱਖ-ਵੱਖ ਨਾਂਅ : ਡਾ. ਸਤਨਾਮ ਸਿੰਘ

**ਜਲਾਲਾਬਾਦ (ਜੀਤ ਕੁਮਾਰ)**-ਆਲ ਇੰਡੀਆ ਰਾਏ ਸਿੱਖ/ਮਹਾਤਮ/ਸਿਰਕੀਬੰਦ ਵੈੱਲਫੇਅਰ ਐਸੋਸੀਏਸ਼ਨ (ਰਜਿ.) ਦੇ ਪ੍ਰਧਾਨ ਡਾ. ਸਤਨਾਮ ਸਿੰਘ ਰਾਏ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਅਫਸਰਸ਼ਾਹੀ ਨੇ ਆਪਣੇ ਭਾਈਚਾਰੇ ਦੇ ਦਬਾਅ ਹੇਠ ਲੈਕਚਰਾਰ ਸੁਖਤਿਆਰ ਸਿੰਘ ਸਿਰਕੀਬੰਦ ਸਰਟੀਫਿਕੇਟ ਸਕਰੂਟਨੀ ਕਮੇਟੀ ਵੱਲੋਂ ਬਿਨਾਂ ਤੱਥਾਂ ਦੀ ਘੋਖ ਪੜਤਾਲ ਕਰਨ ਤੇ 15-07-2021 ਵਾਲੇ ਪੱਤਰ ਨੂੰ ਅਣਦੇਖਿਆ ਕਰਕੇ ਗਲਤ ਫੈਸਲਾ ਕੀਤਾ ਹੈ ਤੇ ਰਾਏ ਸਿੱਖ/ਸਿਰਕੀਬੰਦ ਸਮਾਜ ਨਾਲ ਬਿਲਕੁਲ ਧੱਕਾ ਕੀਤਾ ਗਿਆ ਹੈ, ਜੋ ਕਿਸੇ ਵੀ ਕੀਮਤ 'ਤੇ ਸਹਿਣਯੋਗ ਨਹੀਂ ਹੈ।

ਉਨ੍ਹਾ ਕਿਹਾ ਕਿ ਰਾਏ ਸਿੱਖ, ਮਹਾਤਮ ਤੇ ਸਿਰਕੀਬੰਦ ਇੱਕ ਜਾਤੀ ਦੇ ਵੱਖ-ਵੱਖ ਨਾਮ ਹਨ, ਜਿਸ ਸਬੰਧੀ ਕੇਂਦਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਦੀ ਰਾਏ ਸਿੱਖ ਜਾਤੀ ਸਬੰਧੀ ਐਥਨੋਗਰਾਫਿਕ ਸਟੱਡੀ ਕਰਵਾਈ ਗਈ, ਜਿਸ ਦੀ ਸਿੱਟਾ ਰਿਪੋਰਟ ਅਨੁਸਾਰ ਰਾਏ ਸਿੱਖ, ਮਹਾਤਮ ਤੇ ਸਿਰਕੀਬੰਦ ਇੱਕ ਹੀ ਜਾਤੀ ਦੇ ਨਾਮ ਹਨ। ਇਸ ਤੋਂ ਇਲਾਵਾ ਮਹਾਨ ਕੋਸ਼ ਭਾਈ ਕਾਹਨ ਸਿੰਘ ਨਾਭਾ-1930, ਗਲੋਸਰੀ ਆਫ ਟਰਾਇਬ-1911 ਤੇ ਹੋਰ ਸਰਕਾਰੀ ਇਤਿਹਾਸਕ ਰਿਕਾਰਡ ਅਨੁਸਾਰ ਮਹਾਤਮ (ਰਾਏ ਸਿੱਖ) ਜਾਤੀ ਹੀ ਸਿਰਕੀਬੰਦ ਹੈ। ਪੰਜਾਬ ਸਰਕਾਰ ਭਲਾਈ ਵਿਭਾਗ (ਹੁਣ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀਆਂ ਵਿਭਾਗ ਪੰਜਾਬ) ਕੋਲ ਜੋ ਵੀ ਸਿਰਕੀਬੰਦ ਜਾਤੀ ਸਬੰਧੀ ਰਿਕਾਰਡ ਹੈ, ਉਸ ਅਨੁਸਾਰ ਰਾਏ ਸਿੱਖ ਹੀ ਸਿਰਕੀਬੰਦ ਹਨ, ਜਿਸ ਦੀਆਂ ਸਮੇਂ-ਸਮੇਂ 'ਤੇ ਵਿਭਾਗ ਤੋਂ ਰਾਏ ਸਿੱਖ ਸਭਾ ਨੇ ਆਰ.ਟੀ.ਆਈ. ਪ੍ਰਾਪਤ ਕੀਤੀਆਂ ਹੋਈਆਂ ਹਨ।

**ਲੈਕਚਰਾਰ ਸੁਖਤਿਆਰ ਸਿੰਘ ਦਾ ਸਿਰਕੀਬੰਦ ਸਰਟੀਫਿਕੇਟ ਸਕਰੂਟਨੀ ਕਮੇਟੀ ਵੱਲੋਂ ਬਿਨਾਂ ਤੱਥਾਂ ਤੋਂ ਰੱਦ ਕਰਨ ਦਾ ਫੈਸਲਾ ਗਲਤ**



ਭਲਾਈ ਵਿਭਾਗ ਦੇ ਰਿਕਾਰਡ ਵਿੱਚ ਕੋਈ ਹੋਰ ਜਾਤੀ ਸਿਰਕੀਬੰਦ ਹੈ ਹੀ ਨਹੀਂ, ਜਿਸ ਕਾਰਨ ਭਲਾਈ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਵੱਖ-ਵੱਖ ਪੱਤਰ ਜਾਰੀ ਕੀਤੇ ਗਏ ਹਨ। ਸਿਰਕੀਬੰਦ ਜਾਤੀ ਸ਼ਬਦ 1950 ਤੋਂ ਪੰਜਾਬ ਰਾਜ ਦੀ ਅਨੁਸੂਚਿਤ ਜਾਤੀ ਸੂਚੀ ਵਿੱਚ ਦਰਜ ਹੋਣ ਕਾਰਨ ਰਾਏ ਸਿੱਖ ਬਰਾਦਰੀ ਦੇ ਪੜ੍ਹੇ ਲਿਖੇ ਵਰਗ ਨੇ ਆਪਣੇ ਸਿਰਕੀਬੰਦ ਜਾਤੀ ਦੇ ਸਰਟੀਫਿਕੇਟ ਬਣਵਾ ਕੇ ਨੌਕਰੀਆਂ ਪ੍ਰਾਪਤ ਕੀਤੀਆਂ ਹਨ ਤੇ ਆਪਣਾ ਬਣਦਾ ਹੱਕ ਲਿਆ ਹੈ, ਜਿਸ ਤਰ੍ਹਾਂ ਆਦਿਧਰਮੀ, ਚਮਾਰ, ਕਬੀਰ ਪੰਥੀ, ਜੁਲਾਹਾ, ਰਾਮਦਾਸੀ, ਮੋਚੀ ਇੱਕ ਹੀ ਜਾਤੀ ਦੇ ਵੱਖ-ਵੱਖ ਨਾਮ ਹਨ। ਇਸ ਕੇਸ ਤੋਂ ਪਹਿਲਾਂ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਪੰਜਾਬ ਰਾਜ ਵਿੱਚ ਬਣੀ ਸਕਰੂਟਨੀ ਕਮੇਟੀ, ਜੋ ਕਿ ਕਿਸੇ ਵੀ ਜਾਤੀ ਦਾ ਸੋਸ਼ਲ ਸਟੇਟਸ ਚੈੱਕ ਕਰਨ ਸਬੰਧੀ ਅਧਿਕਾਰਤ ਅਥਾਰਟੀ ਹੈ, ਨੇ ਵੀ ਰਾਏ ਸਿੱਖ ਸਮਾਜ ਦੇ ਸਿਰਕੀਬੰਦ ਅਨੁਸੂਚਿਤ ਜਾਤੀ ਦੀਆਂ ਸ਼ਿਕਾਇਤਾਂ ਦਫਤਰ ਦਾਖਲ ਕੀਤੀਆਂ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਆਲ ਇੰਡੀਆ ਰਾਏ ਸਿੱਖ/ਮਹਾਤਮ/ਸਿਰਕੀਬੰਦ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਡਾ. ਸਤਨਾਮ ਸਿੰਘ ਰਾਏ, ਗੁਰਮੀਤ ਸਿੰਘ ਢਾਬਾਂ, ਅਮਰਜੀਤ ਸਿੰਘ ਬਿੱਟੂ, ਮਾ. ਜੋਗਿੰਦਰ ਸਿੰਘ ਘੁਬਾਇਆ, ਮਾ. ਜੋਗਿੰਦਰ ਸਿੰਘ ਫਲੀਆਂਵਾਲਾ, ਸ਼ਗਨ ਸਿੰਘ, ਮੰਗਲ ਸਿੰਘ ਘੁਬਾਇਆ, ਮਨਜੀਤ ਸਿੰਘ, ਰਣਜੀਤ ਸਿੰਘ ਆਦਿ ਨੇ ਚੱਲ ਰਹੇ ਮੋਰਚੇ ਦੌਰਾਨ ਪ੍ਰੋ. ਹਰਨੇਕ ਸਿੰਘ ਦੇ ਨਾਲ ਸੰਪਰਕ ਕੀਤਾ ਅਤੇ ਰਾਏ ਸਿੱਖ, ਮਹਾਤਮ ਤੇ ਸਿਰਕੀਬੰਦ ਬਿਰਾਦਰੀ ਨਾਲ ਹੋ ਰਹੇ ਧੱਕੇ ਬਾਰੇ ਗੱਲਬਾਤ ਕੀਤੀ ਗਈ।

## ਸ਼ੁਸੀਲ ਰਿੰਕੂ ਦਾ ਫੇਸਬੁੱਕ ਪੇਜ ਹੈਕ

**ਜਲੰਧਰ (ਸੁਰਿੰਦਰ ਕੁਮਾਰ)**-ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਸ਼ੁਸੀਲ ਰਿੰਕੂ ਦਾ ਸ਼ੋਸ਼ਲ ਮੀਡੀਆ ਤੇ ਬਣਿਆ ਫੇਸਬੁੱਕ ਪੇਜ ਕਿਸੇ ਸ਼ਾਤਿਰ ਨੇ 28 ਅਗਸਤ ਨੂੰ ਹੈਕ ਕਰ ਲਿਆ। ਜਿਸ ਕਰਕੇ ਇਸ ਸਬੰਧ ਵਿੱਚ ਸ਼ਾਸਦ ਸ਼ੁਸੀਲ ਰਿੰਕੂ ਨੇ ਉਨ੍ਹਾਂ ਦੇ ਪੇਜ ਹੈਕ ਕਰਨ ਵਾਲੇ ਦੇ ਖਿਲਾਫ ਲਿਖਿਤ ਸ਼ਿਕਾਇਤ ਜਲੰਧਰ ਦੇ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੂੰ ਦਿੱਤੀ। ਪੁਲਸ ਪੇਜ ਹੈਕ ਕਰਨ ਵਾਲੇ ਦੀ ਤਲਾਸ਼ ਵਿੱਚ ਜੁੱਟ ਗਈ ਹੈ।

G20
ਉੱਤਰ ਰੇਲਵੇ
ਈ-ਨਿਵਿਦਾ ਸੂਚਨਾ
ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਸੰਕੇਤ ਅਤੇ ਦੂਰ ਸੰਚਾਰ ਇੰਜੀਨੀਅਰ/ਕੰਮ/ਲੁਧਿਆਣਾ ਉਤਰ ਰੇਲਵੇ ਦੁਆਰਾ ਹੇਠਾਂ ਲਿਖਤ ਕੰਮ ਲਈ ਖੁੱਲੀ ਈ-ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ:

| | |
|---|---|
| ਕੰਮ ਦਾ ਨਾਮ | ਫਿਰੋਜ਼ਪੁਰ ਡਵੀਜਨ ਦੇ ਜਲੰਧਰ-ਅੰਮ੍ਰਿਤਸਰ ਸੈਕਸ਼ਨ ਵਿਚ 2 ਸਟੇਸ਼ਨਾਂ (ਬਿਆਸ ਅਤੇ ਟਾਂਗਰਾ) ਤੇ ਪੁਰਾਣੇ ਪੈਨਲ ਇੰਟਰਲਾਕਿੰਗ ਸਿਸਟਮ ਦੇ ਸਥਾਨ ਤੇ ਇਲੈਕਟ੍ਰਾਨਿਕ ਇੰਟਰਲਾਕਿੰਗ ਸਿਸਟਮ ਦੇ ਪ੍ਰਾਵਧਾਨ ਦੇ ਲਈ ਐਸ ਐਂਡ ਟੀ ਕੰਮ (ਇਨਡੋਰ ਅਤੇ ਆਊਟਡੋਰ) |
| ਕੰਮ ਦੀ ਲਾਗਤ | ਰੁਪਏ 9,47,72,853.69 /- |
| ਬਿਆਨਾ ਰਾਸ਼ੀ | ਰੁਪਏ 6,23,900 /- |
| ਸਮਾਪਤੀ ਸਮਾਂ | 12 ਮਹੀਨੇ |
| ਨਿਵਿਦਾ ਭਰਨ ਦੀ ਅੰਤਿਮ ਮਿਤੀ | 1100 Hrs. on 21.09.2023 |

ਨਿਵਿਦਾਕਰਤਾ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ www.ireps.gov.in 'ਤੇ ਮੂਲ/ਸੰਸ਼ੋਧਿਤ ਨਿਵਿਦਾ ਭਰ ਸਕਦਾ ਹੈ। ਕੇਵਲ ਆਨਲਾਈਨ ਨਿਵਿਦਾਵਾਂ ਹੀ ਸਵੀਕਾਰ ਕੀਤੀਆਂ ਜਾਣਗੀਆਂ। ਸੁਧੀ ਪੱਤਰ ਜਾਂ ਬਦਲਾਅ, ਜੇਕਰ ਹੋਵੇ ਤਾਂ ਵੈਬਸਾਈਟ ਤੇ ਹੀ ਪਾਇਆ ਜਾਵੇਗਾ। ਨਿਵਿਦਾਕਰਤਾ www.ireps.gov.in 'ਤੇ ਰਜਿਸਟਰਡ ਹੋਣ ਦੇ ਬਾਅਦ ਨਿਵਿਦਾ ਭਰ ਸਕਦਾ ਹੈ। ਨਿਵਿਦਾ ਨੰ. NR-SNT-W-LDH-76 ਤਾਰੀਕ 28.08.2023
2664/2023
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

29-August-PAGE-8.qxd 8/28/2023 10:55 PM Page 1



# ਖੇਤਾਂ 'ਚ ਭਰ ਗਈ ਮਿੱਟੀ ਨੂੰ ਕੱਢਣ ਲਈ ਕਿਸਾਨਾਂ ਨੇ ਖ਼ੁਦ ਉਪਰਾਲੇ ਸ਼ੁਰੂ ਕੀਤੇ



**ਰੋਪੜ (ਬਿੰਦਰਾ)** ਹੜ੍ਹਾਂ ਨਾਲ ਖੇਤਾਂ ਵਿੱਚ ਭਰ ਗਈ ਮਿੱਟੀ ਨੂੰ ਕੱਢਣ ਲਈ ਕਿਸਾਨਾਂ ਨੇ ਖ਼ੁਦ ਉਪਰਾਲੇ ਸ਼ੁਰੂ ਕੀਤੇ। ਜ਼ਿਲ੍ਹੇ ਵਿੱਚ ਭਾਰੀ ਬਾਰਸ਼ ਤੋਂ ਬਾਅਦ ਆਏ ਹੜ੍ਹਾਂ ਨੇ ਕਿਸਾਨਾਂ ਦੀ ਨਾ ਕੇਵਲ ਫਸਲ ਤਬਾਹ ਕਰ ਦਿੱਤੀ ਬਲਕਿ ਖੇਤਾਂ ਵਿੱਚ ਕਈ ਕਈ ਫੁੱਟ ਮਿੱਟੀ ਭਰ ਦਿੱਤੀ ਜਿਸ ਕਾਰਨ ਇਨ੍ਹਾਂ ਖੇਤਾਂ ਵਿੱਚ ਦੋਬਾਰਾ ਫਸਲ ਬੀਜੀ ਨਹੀਂ ਜਾ ਸਕਦੀ। ਪੱਤਰਕਾਰਾਂ ਦੀ ਟੀਮ ਨੇ ਹੜ੍ਹ ਪ੍ਰਭਾਵਿਤ ਕੁੱਝ ਪਿੰਡਾਂ ਦਾ ਦੌਰਾ ਕੀਤਾ। ਦੁਖੀ ਕਿਸਾਨਾਂ ਨੇ ਕਿਹਾ ਇਕ ਤਾਂ ਸਾਡੀ ਫਸਲ ਖਤਮ ਹੋ ਗਈ ਹੈ, ਸਰਕਾਰ ਨੇ ਹਾਲਾਂ ਤੱਕ ਕੋਈ ਮਦਦ ਨਹੀਂ ਕੀਤੀ। ਕਿਸਾਨਾਂ ਅਨੁਸਾਰ ਕਰਜੇ ਦੀ ਕਿਸ਼ਤ ਦੇਣੀ ਔਖੀ ਹੋ ਗਈ ਹੈ। ਸਰਕਾਰ ਨੇ ਕਰਜਾ ਮੁਆਫੀ ਦਾ ਫੈਸਲਾ ਨਹੀਂ ਕੀਤਾ। ਜ਼ਿਲ੍ਹੇ ਵਿੱਚ ਘੱਟੋ ਘੱਟ 100 ਕਰੋੜ ਦਾ ਨੁਕਸਾਨ ਹੋਇਆ ਹੈ। ਸਰਕਾਰ ਦੀ ਢਿੱਲੀ ਕਾਰਗੁਜਾਰੀ ਵਿਰੁੱਧ ਲੋਕਾਂ ਵਿਚ ਗੁੱਸਾ ਹੈ। ਕਿਉਂਕਿ ਹਾਲਾਂ ਗਿਰਦਾਵਰੀ ਹੀ ਸ਼ੁਰੂ ਨਹੀਂ ਹੋਈ। ਕਿਸਾਨ ਆਪਣੇ ਖਰਚੇ ਨਾਲ ਖੇਤਾਂ ਵਿਚ ਭਰ ਗਈ ਮਿੱਟੀ ਚੁੱਕਵਾ ਰਹੇ ਹਨ। ਦੇਰ ਨਾਲ ਕੀਤੀ ਗਿਰਦਾਵਰੀ ਨਾਲ ਹੋਏ ਨੁਕਸਾਨ ਨੂੰ ਪੂਰੀ ਤਰ੍ਹਾਂ ਨਹੀਂ ਦੇਖਿਆ ਜਾ ਸਕੇਗਾ। ਕਿਸਾਨਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਸੋਸਾਇਟੀ ਕਰਜ ਮੁਆਫ ਕਰੇ ਅਤੇ ਤਰੁੰਤ ਗਿਰਦਾਵਰੀ ਕਰਾਏ। ਪਿੰਡ ਚੌਂਤਾ ਕੋਲ ਬੁਦਕੀ ਨੱਦੀ ਦਾ ਬੰਨ੍ਹ ਟੁੱਟ ਗਿਆ ਸੀ ਅਤੇ ਚੌਂਤਾ, ਰਾਮਗੜ੍ਹ, ਬੂਥਗੜ੍ਹ, ਟੱਪਰੀਆਂ, ਘੜੀਸਪੁਰ,ਬੜਾ ਸੁਰਤਾਪੁਰ ਪਿੰਡਾਂ ਦੀ 100 ਐਕੜ ਫਸਲ ਬਰਬਾਦ ਹੋ ਗਈ ਅਤੇ ਖੇਤਾਂ ਵਿੱਚ ਮਿੱਟੀ ਭਰ ਗਈ। 15 ਏਕੜ ਗੰਨਾ, 25 ਏਕੜ ਵਿਚ ਲਗੇ ਪਾਪੂਲਰ ਦੇ ਪੌਦੇ ਅਤੇ ਹਰਾ ਚਾਰਾ ਵੀ ਬਰਬਾਦ ਹੋ ਗਿਆ। ਪਿੰਡ ਬੜਾ ਸੁਰਤਾਪੁਰ ਦੇ ਕਿਸਾਨ ਸੁਖਦੇਵ ਸਿੰਘ,ਦਿਆਲ ਸਿੰਘ , ਬਲਬੀਰ ਸਿੰਘ, ਜਸਪਾਲ ਸਿੰਘ, ਗੁਰਦੀਪ ਸਿੰਘ, ਹਰਪ੍ਰੀਤ ਸਿੰਘ, ਗੁਰਤੇਜ ਸਿੰਘ ਨੇ ਦਸਿਆ ਕਿ ਹੜਾਂ ਨਾਲ ਫਸਲ ਬਰਬਾਦ ਹੋ ਗਈ, ਖੇਤਾਂ ਵਿੱਚ ਮਿੱਟੀ ਭਰ ਗਈ ਅਤੇ ਮੋਟਰਾਂ ਵੀ ਪਾਣੀ ਵਿਚ ਰੁੜ੍ਹ ਗਈਆਂ। ਮਿੱਟੀ ਭਰ ਜਾਣ ਕਾਰਨ ਮੁੜ ਫਸਲ ਬੀਜੀ ਨਹੀਂ ਜਾ ਸਕਦੀ। ਹੁਣ ਅਸੀਂ ਆਪਣੇ ਖਰਚੇ ਤੇ ਮਿਸਨਰੀ ਲਿਆ ਕੇ ਮਿੱਟੀ ਚੁਕਵਾ ਰਹੇ ਹਾਂ। ਪੁਰਖਾਲੀ ਨੇੜੇ ਪਿੰਡ ਪੜ੍ਹੀ , ਮਾਦਪੁਰ ਨੇੜੇ ਸਰੌਅ ਨਦੀ ਦਾ ਬੰਨ੍ਹ ਟੁੱਟਣ ਕਾਰਨ 60 ਏਕੜ ਤੋਂ ਵੱਧ ਜਮੀਨ ਵਿਚ ਮਿੱਟੀ ਭਰ ਗਈ ਅਤੇ ਫਸਲਾਂ ਬਰਬਾਦ ਹੋ ਗਈਆਂ। ਇਕ ਕਿਸਾਨ ਨੇ ਦੱਸਿਆ ਕਿ ਉਸ ਨੇ 5 ਲੱਖ ਰੁਪਏ ਖਰਚ ਕੇ 5 ਏਕੜ ਵਿਚ ਦੁਬਾਰਾ ਧਾਨ ਲਗਵਾਈ ਹੈ। ਇਨ੍ਹਾਂ ਪਿੰਡਾਂ ਦੇ ਕਿਸਾਨ ਆਪਣੇ ਖਰਚੇ ਤੇ ਖੇਤਾਂ ਵਿਚੋਂ ਮਿੱਟੀ ਚੁਕਵਾ ਰਹੇ ਹਨ। ਕਰਨੈਲ ਸਿੰਘ, ਹਰਦੇਵ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ, ਨਰਿੰਦਰ ਸਿੰਘ, ਦਿਲਬਰ ਸਿੰਘ, ਰਣਜੀਤ ਸਿੰਘ ਨੇ ਦੱਸਿਆ ਕਿ ਟੁੱਟੇ ਬੰਨ੍ਹ ਦੀ ਪਿੰਡ ਵਾਸੀਆਂ ਨੇ ਆਪਣੇ ਖਰਚੇ 'ਤੇ ਮੁਰੰਮਤ ਕੀਤੀ। ਪਿੰਡ ਲੋਦੀਪੁਰ ਨੇੜੇ ਸਤਲੁਜ ਦਾ ਬੰਨ੍ਹ ਟੁੱਟਣ ਕਾਰਨ ਲੋਦੀਪੁਰ,ਹਰਿਆਲ,ਬੁਰਜ, ਚੰਦਪੁਰ, ਗਜਪੁਰ,ਬਲੇਵਾਲ, ਦੀ ਕਈ ਏਕੜ ਜਮੀਨ ਦਰਿਆ ਬੁਰਦ ਹੋ ਗਈ ਹੈ। ਇਤਨਾ ਭਾਰੀ ਨੁਕਸਾਨ ਹੋਣ ਤੋਂ ਬਾਅਦ ਵੀ ਸਰਕਾਰ ਕਾਗਜੀ ਦਮਗਜੇ ਮਾਰ ਰਹੀ ਹੈ ਅਤੇ ਕੋਈ ਮੁਆਵਜਾ ਨਹੀਂ ਦਿੱਤਾ ਗਿਆ। ਬਸੰਤ ਨਗਰ ਦੇ ਵਸਨੀਕ ਜਿੰਦਰ ਸਿੰਘ ਦਾ ਕਹਿਣਾ ਹੈ ਕਿ ਉਸ ਦਾ 50 ਲੱਖ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ ਪਰ ਮੁਰਗੀ ਦਾ ਵੀ ਮੁਆਵਜਾ ਦੇਣ ਦਾ ਐਲਾਨ ਕਰਨ ਵਾਲੀ ਸਰਕਾਰ ਨੇ ਕੇਵਲ ਇਕ ਲੱਖ 20 ਹਜਾਰ ਰੁਪਏ ਸਹਾਇਤਾ ਦਿੱਤੀ ਹੈ। ਖੇਤੀਬਾੜੀ ਅਫਸਰ ਦਾ ਕਹਿਣਾ ਹੈ ਗਿਰਦਾਵਰੀ ਕਰਵਾਉਣ ਤੋਂ ਬਾਅਦ ਨੁਕਸਾਨ ਦੀ ਰਿਪੋਰਟ ਭੇਜੀ ਜਾਵੇਗੀ।

# ਗਿਆਨੀ ਜਗਤਾਰ ਸਿੰਘ ਦੇ ਸਸਕਾਰ ਮੌਕੇ ਪੁੱਜੀਆਂ ਪੰਥਕ ਸ਼ਖ਼ਸੀਅਤਾਂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੋ ਬੀਤੇ ਕੱਲ੍ਹ ਅਕਾਲ ਚਲਾਣਾ ਕਰ ਗਏ ਸਨ, ਦਾ ਅੱਜ ਗੁਰਦੁਆਰਾ ਸੰਗਰਾਣਾ ਸਾਹਿਬ ਨਜ਼ਦੀਕ ਅੰਤਿਮ ਸੰਸਕਾਰ ਕੀਤਾ ਗਿਆ। ਅਰਦਾਸ ਉਪਰੰਤ ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਮਹਿੰਦਰ ਸਿੰਘ ਨੇ ਦਿੱਤੀ। ਗਿਆਨੀ ਜਗਤਾਰ ਸਿੰਘ ਦੀ ਅੰਤਿਮ ਵਿਦਾਇਗੀ ਮੌਕੇ ਵੱਖ-ਵੱਖ ਪੰਥਕ ਸ਼ਖ਼ਸੀਅਤਾਂ ਪੁੱਜੀਆਂ ਹੋਈਆਂ ਸਨ, ਜਿਨ੍ਹਾਂ ਨੇ ਮ੍ਰਿਤਕ ਦੇਹ 'ਤੇ ਲੋਈ ਅਤੇ ਸਿਰੋਪਾਓ ਪਾ ਕੇ ਸਨਮਾਨ ਦਿੱਤਾ।

ਅੰਤਿਮ ਸੰਸਕਾਰ ਮੌਕੇ ਪੁੱਜੀਆਂ ਸ਼ਖ਼ਸੀਅਤਾਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਤੇ ਗਿਆਨੀ ਬਲਵਿੰਦਰ ਸਿੰਘ, ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਅੰਤ੍ਰਿੰਗ ਮੈਂਬਰ ਬਾਵਾ ਸਿੰਘ ਗੁਮਾਨਪੁਰਾ, ਗੁਰਨਾਮ ਸਿੰਘ ਜੱਸਲ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਭਾਈ ਰਾਮ ਸਿੰਘ, ਸੁਰਜੀਤ ਸਿੰਘ ਭਿੱਟੇਵੱਡ, ਹਰਜਾਪ ਸਿੰਘ ਸੁਲਤਾਨਵਿੰਡ, ਹਰਪਾਲ ਸਿੰਘ ਜੱਲ੍ਹਾ, ਅਮਰਜੀਤ ਸਿੰਘ ਬੰਡਾਲਾ, ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਬੁੱਢਾ ਦਲ ਵੱਲੋਂ ਬਾਬਾ ਭਗਤ ਸਿੰਘ, ਬਾਬਾ ਗੁਰਨਾਮ ਸਿੰਘ ਡਰੋਲੀ ਭਾਈ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਬਾਬਾ ਸੁਖਦੇਵ ਸਿੰਘ ਦਮਦਮੀ ਟਕਸਾਲ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਬਾਬਾ ਜੀਤ ਸਿੰਘ ਜੌਹਲਾਂ ਵਾਲੇ, ਬਾਬਾ ਜੋਗਾ ਸਿੰਘ ਤਰਨਾ ਦਲ ਬਾਬਾ ਬਕਾਲਾ, ਡੀਸੀਪੀ ਪਰਮਿੰਦਰ ਸਿੰਘ ਭੰਡਾਲ, ਅਕਾਲੀ ਆਗੂ ਤਲਬੀਰ ਸਿੰਘ ਗਿੱਲ ਸਮੇਤ ਵੱਖ-ਵੱਖ ਸੰਪ੍ਰਦਾਵਾਂ ਤੇ ਕਾਰਸੇਵਾ ਵਾਲੇ ਮਹਾਂਪੁਰਖ ਹਾਜ਼ਰ ਸਨ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ੋਕ ਸਭਾ ਕੀਤੀ ਗਈ।

ਇਸ ਮੌਕੇ ਮੂਲ ਮੰਤਰ ਤੇ ਗੁਰ ਮੰਤਰ ਦਾ ਜਾਪ ਕਰਕੇ ਵਿਛੜੀ ਰੂਹ ਨਮਿਤ ਅਰਦਾਸ ਹੋਈ। ਗਿਆਨੀ ਜਗਤਾਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਅੰਦਰ ਸਿੰਘ ਸਾਹਿਬ ਦਾ ਵੱਡਾ ਸਤਿਕਾਰ ਹੈ ਜੋ ਹਮੇਸ਼ਾ ਰਹੇਗਾ। ਉਨ੍ਹਾਂ ਕਿਹਾ ਕਿ ਸਿੱਖੀ ਪ੍ਰਚਾਰ ਵਿਚ ਕਾਰਜਸ਼ੀਲ ਸ਼ਖ਼ਸੀਅਤਾਂ ਲਈ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਮਾਰਗ ਦਰਸ਼ਕ ਬਣੇ ਰਹਿਣਗੇ। ਸ਼ੋਕ ਸਭਾ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਬਿਜੈ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਗੁਰਮੀਤ ਸਿੰਘ ਬੁੱਟਰ, ਸਿਮਰਜੀਤ ਸਿੰਘ, ਮੀਤ ਸਕੱਤਰ ਤੇਜਿੰਦਰ ਸਿੰਘ ਪੱਡਾ, ਗੁਰਚਰਨ ਸਿੰਘ ਕੋਹਾਲਾ, ਕੁਲਦੀਪ ਸਿੰਘ ਰੋਡੇ, ਪ੍ਰੋ. ਸੁਖਦੇਵ ਸਿੰਘ, ਸ਼ਾਹਬਾਜ਼ ਸਿੰਘ, ਪਰਮਜੀਤ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਮਨਜੀਤ ਸਿੰਘ, ਗੁਰਨਾਮ ਸਿੰਘ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਸੁਪਰਡੰਟ ਮਲਕੀਤ ਸਿੰਘ ਬਹਿੜਵਾਲ ਅਤੇ ਸਤਨਾਮ ਸਿੰਘ ਰਿਆੜ ਆਦਿ ਮੌਜੂਦ ਸਨ।

# ਲੋਕ ਵਿਰੋਧੀ ਨੀਤੀਆਂ ਖਿਲਾਫ ਜਨ-ਸੰਪਰਕ ਮੁਹਿੰਮ ਪਹਿਲੀ ਤੋਂ : ਪ੍ਰਸ਼ੋਤਮ ਬਿਲਗਾ





**ਨੂਰਮਹਿਲ ਜਲੰਧਰ ( ਬਾਲ ਕ੍ਰਿਸ਼ਨ ਬਾਲੀ)**-ਸੀ.ਪੀ.ਆਈ. ਐਮ ਦਫਤਰ ਨੂਰਮਹਿਲ ਤੋਂ ਤਹਿਸੀਲ ਫਿਲੌਰ ਦੇ ਸਕੱਤਰ ਮਾਸਟਰ ਪ੍ਰਸ਼ੋਤਮ ਬਿਲਗਾ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਸੀ.ਪੀ ਆਈ ਐਮ ਦੀ ਕੇਂਦਰੀ ਕਮੇਟੀ ਦੇ ਸੱਦੇ 'ਤੇ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ 1 ਤੋਂ 7 ਸਤੰਬਰ ਤੱਕ ਦੇਸ਼ ਅੰਦਰ ਜਥਾ ਮਾਰਚ ਕਰਕੇ ਜਨ ਸੰਪਰਕ ਮੁਹਿੰਮ ਚਲਾਈ ਜਾ ਰਹੀ ਹੈ।

ਇਸ ਮੁਹਿੰਮ ਸੰਬੰਧੀ ਤਹਿਸੀਲ ਫਿਲੌਰ ਅੰਦਰ ਮਹਾਨ ਦੇਸ਼ ਭਗਤ ਸੀ.ਪੀ ਆਈ. ਐਮ ਦੇ ਰਹੇ ਵੱਡੇ ਆਗੂ ਕਾ. ਹਰਕਿਸ਼ਨ ਸਿੰਘ ਸੁਰਜੀਤ ਦੇ ਜੱਦੀ ਪਿੰਡ ਬੁੰਡਾਲਾ ਮੰਜਕੀ ਤੋਂ 1 ਸਤੰਬਰ ਨੂੰ ਸਵੇਰੇ 10 ਵਜੇ ਜਥਾ ਮਾਰਚ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸ ਜਥੇ ਦੀ ਅਗਵਾਈ ਤਹਿਸੀਲ ਅੰਦਰ ਸੀ.ਪੀ ਆਈ ਐਮ ਦੇ ਸੂਬਾਈ ਆਗੂ , ਜ਼ਿਲ੍ਹਾ ਕਮੇਟੀ ਅਤੇ ਤਹਿਸੀਲ ਕਮੇਟੀ ਮੈਂਬਰ ਕਰਨਗੇ।

ਇਹ ਜਥਾ ਆਪਣੇ ਪਾਰਟੀ ਸਾਥੀਆਂ ਨੂੰ ਨਾਲ ਲੈ ਕੇ ਤਹਿਸੀਲ ਦੇ ਵੱਖ ਵੱਖ ਪਿੰਡਾਂ ਅਤੇ ਕਸਬਿਆਂ ਅੰਦਰ ਪੁੱਜ ਕੇ ਆਮ ਲੋਕਾਂ ਨਾਲ ਸੰਪਰਕ ਕਰਕੇ ਮੀਟਿੰਗਾਂ ਕਰੇਗਾ ਅਤੇ ਸੂਬਾ ਪਾਰਟੀ ਵਲੋਂ ਜਾਰੀ ਦੋ ਵਰਕੇ ਵੰਡ ਕੇ ਲੋਕ ਮੁੱਦਿਆਂ ਸੰਬੰਧੀ ਚਰਚਾ ਕਰੇਗਾ। ਮੋਦੀ ਸਰਕਾਰ ਦੀ ਫਿਰਕੂ ਧਰੁਵੀਕਰਨ ਦੀ ਨੀਤੀ , ਸੰਘਵਾਦ ਉਪਰ ਹਮਲਾ , ਕਾਰਪੋਰੇਟ - ਫਿਰਕੂ ਗਠਜੋੜ ਵਲੋਂ ਕੌਮੀ ਜਾਇਦਾਦੀ ਦੀ ਲੁੱਟ , ਘੱਟਗਿਣਤੀਆਂ ਦਲਿਤਾਂ , ਔਰਤਾਂ ਅਤੇ ਬੱਚਿਆਂ ਖਿਲਾਫ ਵੱਧ ਰਹੇ ਅਪਰਾਧਾਂ, ਰਾਜਾਂ ਅਤੇ ਦੇਸ਼ ਅੰਦਰ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਆਦਿ ਵਰਗੇ ਮੁੱਦਿਆਂ ਅਤੇ ਮੁਸ਼ਕਲਾਂ ਬਾਰੇ ਗੰਭੀਰ ਚਰਚਾ ਕੀਤੀ ਜਾਵੇਗੀ ।

ਵੱਧ ਰਹੀ ਮਹਿੰਗਾਈ, ਗਰੀਬੀ, ਬੇਰੋਜ਼ਗਾਰੀ ਅਤੇ ਹੋਰ ਮਸਲਿਆਂ ਸੰਬਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ । 7 ਸਤੰਬਰ ਨੂੰ ਜਨ ਸੰਪਰਕ ਮੁਹਿੰਮ ਦੇ ਆਖਰੀ ਦਿਨ ਲੋਕਾਂ ਦੀਆਂ ਫੌਰੀ ਮੰਗਾਂ ਸਬੰਧੀ ਮੰਗ ਪੱਤਰ ਐਸ.ਡੀ. ਐਮ ਫਿਲੌਰ ਰਾਹੀਂ ਮੁੱਖ ਮੰਤਰੀ ਪੰਜਾਬ ਅਤੇ ਰਾਜਪਾਲ ਪੰਜਾਬ ਨੂੰ ਭੇਜਿਆ ਜਾਵੇਗਾ। ਇਹ ਜਨ ਸੰਪਰਕ ਮੁਹਿੰਮ 1 ਤੋਂ 4 ਸਤੰਬਰ ਤੱਕ ਬਲਾਕ ਰੁੜਕਾ ਕਲਾ, 5 ਤੋਂ 6 ਸਤੰਬਰ ਬਲਾਕ ਨੂਰਮਹਿਲ ਅਤੇ 7 ਸਤੰਬਰ ਆਖਰੀ ਦਿਨ ਬਲਾਕ ਫਿਲੌਰ ਦੇ ਪਿੰਡਾਂ ਅੰਦਰ ਚਲਾਈ ਜਾਵੇਗੀ।

# ਸਿੱਖਿਆ ਮੰਤਰੀ ਨੇ ਵਿਸ਼ੇਸ਼ ਸਿਖਲਾਈ ਲੈਣ ਵਾਸਤੇ ਹੈੱਡਮਾਸਟਰਾਂ ਦੇ ਬੈਚ ਨੂੰ ਕੀਤਾ ਰਵਾਨਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਸਿੱਖਿਆ ਖੇਤਰ ਵਿੱਚ ਕ੍ਰਾਂਤੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਵੱਲ ਕਦਮ ਵਧਾਉਂਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਆਈ ਆਈ ਐੱਮ ), ਅਹਿਮਦਾਬਾਦ ਤੋਂ ਵਿਸ਼ੇਸ਼ ਸਿਖਲਾਈ ਲੈਣ ਲਈ ਹੈੱਡਮਾਸਟਰਾਂ ਦੇ ਦੂਜੇ ਬੈਚ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸਿੱਖਿਆ ਮੰਤਰੀ ਨੇ ਕਿਹਾ ਕਿ ਇਸ ਕਦਮ ਦਾ ਇਕੋ-ਇੱਕ ਉਦੇਸ਼ ਸੂਬੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਵਿਸ਼ਵ ਭਰ ਵਿੱਚ ਕਾਨਵੈਂਟ ਸਕੂਲਾਂ 'ਚ ਪੜ੍ਹਦੇ ਆਪਣੀ ਉਮਰ ਦੇ ਵਿਦਿਆਰਥੀਆਂ ਨਾਲ ਕੰਪੀਟ ਕਰ ਸਕਣ। ਜਿਸ ਤਰ੍ਹਾਂ ਚੰਗੇ ਕੋਚ ਵਧੀਆ ਖਿਡਾਰੀ ਪੈਦਾ ਕਰਦੇ ਹਨ, ਉਸੇ ਤਰ੍ਹਾਂ ਇਹ ਅਧਿਆਪਕ ਵਿਸ਼ੇਸ਼ ਸਿਖਲਾਈ ਨਾਲ ਆਪਣੀ ਮੁਹਾਰਤ ਨੂੰ ਨਿਖਾਰ ਕੇ ਭਵਿੱਖ ਲਈ ਯੋਗ ਅਤੇ ਹੁਨਰਮੰਦ ਵਿਦਿਆਰਥੀ ਤਿਆਰ ਕਰਨਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕੋਲ ਸਿੱਖਿਆ ਖੇਤਰ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ ਅਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਉਨ੍ਹਾਂ ਉਮੀਦ ਜਤਾਈ ਕਿ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇਸ ਭਰ ਵਿੱਚ ਮਿਆਰੀ ਸਿੱਖਿਆ ਦੇ ਕੇਂਦਰ ਵਜੋਂ ਉੱਭਰ ਕੇ ਸਾਹਮਣੇ ਆਵੇਗਾ।

ਇਸ ਮੌਕੇ ਕਮਲ ਕਿਸ਼ੋਰ ਯਾਦਵ, ਸਿੱਖਿਆ ਸਕੱਤਰ ਪੰਜਾਬ, ਸ੍ਰੀਮਤੀ ਗੌਂਗੀ ਪਰਾਸ਼ਰ ਜੋਸ਼ੀ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ, ਚਰਚਿਲ ਕੁਮਾਰ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ, ਸੰਜੀਵ ਸ਼ਰਮਾ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ) ਪੰਜਾਬ ਅਤੇਅਮਨਪ੍ਰੀਤ ਸਿੰਘ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ ਵੀ ਹਾਜਰ ਸਨ।

# ਮੋਦੀ ਸਰਕਾਰ ਨੂੰ ਚਲਦਾ ਕਰਨ ਤੇ ਫਿਰਕਾਪ੍ਰਸਤ ਤਾਕਤਾਂ ਨੂੰ ਭਾਂਜ ਦੇਣਾ ਸਮੇਂ ਦੀ ਅਹਿਮ ਮੰਗ : ਪਾਸਲਾ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**-ਹਰ ਪ੍ਰਕਾਰ ਦੀਆਂ ਫਿਰਕਾਪ੍ਰਸਤ ਤਾਕਤਾਂ ਨੂੰ ਭਾਂਜ ਦੇਣਾ ਕੇਂਦਰ ਦੀ ਮੋਦੀ ਸਰਕਾਰ ਨੂੰ ਚੱਲਦਾ ਕਰਨਾ ਅੱਜ ਸਮੇਂ ਦੀ ਅਹਿਮ ਮੰਗ ਹੈ। ਉਕਤ ਵਿਚਾਰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਨੂਰਪੁਰਬੇਦੀ ਵਿਖੇ ਸ਼ਹੀਦ ਕਰਤਾਰ ਚੰਦ ਦੀ 33ਵੀਂ ਬਰਸੀ ਮੌਕੇ ਕਰਵਾਏ ਗਏ ਸ਼ਰਧਾਂਜ਼ਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਪਾਰਟੀ ਆਗੂ ਜਰਨੈਲ ਸਿੰਘ ਘਨੌਲਾ, ਗੁਰਨੈਬ ਸਿੰਘ ਜੇਤੇਵਾਲ, ਸੁਦੇਸ਼ ਭਨਾਮ, ਵੇਦ ਪ੍ਰਕਾਸ਼ ਸਸਕੌਰ, ਮੋਹਣ ਸਿੰਘ ਧਮਾਣਾ ਅਤੇ ਧਰਮਿੰਦਰ ਮੁਕੇਰੀਆਂ ਦੇ ਪ੍ਰਧਾਨਗੀ ਮੰਡਲ ਅਧੀਨ ਆਯੋਜਿਤ ਹੋਏ ਇਸ ਸਮਾਗਮ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ ਤੋਂ ਭਾਰੀ ਸੰਖਿਆ 'ਚ ਮੁਲਾਜ਼ਮਾਂ ਅਤੇ ਮਜ਼ਦੂਰ ਵਰਗ ਦੇ ਨੁਮਾਇੰਦਿਆਂ ਨੇ ਭਾਗ ਲਿਆ। ਇਸ ਦੌਰਾਨ ਆਰ.ਐੱਮ.ਪੀ.ਆਈ. ਜ਼ਿਲ੍ਹਾ ਰੂਪਨਗਰ ਦੀ ਇਕਾਈ ਵੱਲੋਂ 'ਫਿਰਕੂ ਫਾਸ਼ੀਵਾਦ ਦੇ ਵੱਧ ਰਹੇ ਖਤਰੇ ਅਤੇ ਸਾਡੇ ਫਰਜ਼' ਵਿਸ਼ੇ 'ਤੇ ਕਰਵਾਏ ਗਏ ਵਿਸ਼ੇਸ਼ ਸੈਮੀਨਾਰ ਦੌਰਾਨ ਮੁੱਖ ਬੁਲਾਰੇ ਵਜੋਂ ਆਪਣੇ ਵਿਚਾਰ ਪੇਸ਼ ਕਰਦਿਆਂ ਕਾਮਰੇਡ ਪਾਸਲਾ ਨੇ ਆਖਿਆ ਕਿ ਜਦੋਂ 80 ਦੇ ਦਹਾਕੇ 'ਚ ਸਿੱਖ ਫਿਰਕਾਪ੍ਰਸਤਾਂ ਨੇ ਪੰਜਾਬ ਅੰਦਰ ਸੈਂਕੜੇ ਹਿੰਦੂਆਂ ਅਤੇ ਮਾ. ਕਰਤਾਰ ਚੰਦ ਜਿਹੇ 300 ਦੇ ਕਰੀਬ ਕਾਮਰੇਡਾਂ ਨੂੰ ਸ਼ਹੀਦ ਕੀਤਾ ਤਾਂ ਸਮੁੱਚੇ ਦੇਸ਼ ਅੰਦਰ ਪੰਜਾਬੀਆਂ ਦੇ ਮਾਣ-ਸਨਮਾਨ ਨੂੰ ਭਾਰੀ ਸੱਟ ਵੱਜੀ। ਅੱਜ ਦੇਸ਼ ਭਰ 'ਚ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ 80 ਫੀਸਦੀ ਆਬਾਦੀ ਨੂੰ 11 ਫੀਸਦੀ ਮੁਸਲਮਾਨਾਂ ਤੋਂ ਖਤਰਾ ਹੈ। ਇਹ ਕਿਵੇਂ ਸੰਭਵ ਹੋ ਸਕਦਾ ਹੈ। ਹਿੰਦੂਤਵੀ ਫਿਰਕਾਪ੍ਰਸਤੀ ਦੇ ਸਹਾਰੇ ਹਿੰਦੂਆਂ ਦੀ ਵੱਖਰੀ ਤਰੱਕੀ ਹੋ ਜਾਵੇਗੀ, ਇਹ ਉਨਾਂ ਦਾ ਭਰਮ ਹੈ। ਤੁਸੀਂ ਲਾਕਡਾਊਨ ਦੌਰਾਨ ਆਮ ਹਿੰਦੂਆਂ ਨੂੰ ਭੁੱਖੇ-ਭਾਣੇ ਸੈਂਕੜੇ ਮੀਲ ਦਾ ਪੈਂਡਾ ਤੈਅ ਕਰਕੇ ਸੜਕਾਂ 'ਤੇ ਆਪਣੇ ਘਰਾਂ ਨੂੰ ਜਾਂਦੇ ਹੋਏ ਵੇਖਿਆ ਹੈ। ਅਸਲ 'ਚ ਮੋਦੀ ਸਰਕਾਰ ਦੀਆਂ ਨੀਤੀਆਂ ਤਾਂ ਅਡਾਨੀ ਅਤੇ ਅੰਬਾਨੀ ਵਰਗੇ ਹਿੰਦੂਆਂ ਦੀ ਸੇਵਾ ਕਰਨ ਵਾਲੀਆਂ ਹੀ ਹਨ। ਅੱਜ ਦੇਸ਼ ਭਰ 'ਚ ਹਿੰਦੂ ਫਿਰਕਾਪ੍ਰਸਤਾਂ ਦੀਆਂ ਕਾਰਵਾਈਆਂ ਨੇ ਸਮੁੱਚੀ ਦੁਨੀਆਂ 'ਚ ਭਾਰਤੀਆਂ ਦੇ ਮਾਨ-ਸਨਮਾਨ ਨੂੰ ਠੇਸ ਪਹੁੰਚਾਈ ਹੈ। ਇਸ ਮੌਕੇ ਪਾਰਟੀ ਆਗੂ ਧਰਮਿੰਦਰ ਮੁਕੇਰੀਆਂ, ਵੇਦ ਪ੍ਰਕਾਸ਼ ਸਸਕੌਰ ਅਤੇ ਮੋਹਨ ਧਮਾਣਾ ਨੇ ਆਖਿਆ ਕਿ ਮੋਦੀ ਸਰਕਾਰ ਕਹਿੰਦੀ ਹੈ ਕਿ 'ਸਭ ਦਾ ਸਾਥ, ਸਭ ਦਾ ਵਿਕਾਸ' ਪਰ ਰਾਮ ਮੰਦਰ ਦੇ ਧਰਤੀ ਪੂਜਨ ਮੌਕੇ ਦੇਸ਼ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਇਸ ਲਈ ਨਹੀਂ ਬੁਲਾਇਆ ਕਿਉਂਕਿ ਉਹ ਦਲਿਤ ਸੀ। ਇਸੀ ਪ੍ਰਕਾਰ ਨਵੀਂ ਪਾਰਲੀਮੈਂਟ ਦੇ ਉਦਘਾਟਨ ਮੌਕੇ ਦੇਸ਼ ਦੀ ਮੌਜੂਦਾ ਰਾਸ਼ਟਰਪਤੀ ਸ਼੍ਰੀਮਤੀ ਦਰੋਪਤੀ ਮੁਰਮੂ ਨੂੰ ਨਹੀਂ ਬੁਲਾਇਆ ਗਿਆ ਕਿਉਕਿ ਉਹ ਆਦਿ ਵਾਸੀ ਹਨ। ਆਗੂਆਂ ਨੇ ਕਿਹਾ ਕਿ ਔਰਤਾਂ ਅਤੇ ਦਲਿਤਾਂ 'ਤੇ ਅੱਤਿਆਚਾਰ ਵੱਧ ਰਹੇ ਹਨ ਅਤੇ ਪੰਜਾਬ ਦਾ ਨੌਜਵਾਨ ਨਸ਼ਿਆਂ 'ਚ ਗਲਤਾਨ ਹੋ ਰਿਹਾ ਹੈ। ਇਸ ਮੌਕੇ ਕਾਮਰੇਡ ਪਾਸਲਾ ਨੇ ਸ਼ਹੀਦ ਕਰਤਾਰ ਚੰਦ ਦੀ ਪਤਨੀ ਦਾ ਦੋਸ਼ਾਲਾ ਭੇਂਟ ਕਰਕੇ ਸਨਮਾਨ ਕੀਤਾ।

# ਰਿਆਤ-ਬਾਹਰਾ ਫਾਰਮੇਸੀ ਕਾਲਜ 'ਚ ਮਹਾਂਦੇਵ ਲਾਲ ਸਰਾਫ ਦੀ ਬਰਸੀ ਮਨਾਈ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਰਿਆਤ ਬਾਹਰਾ ਫਾਰਮੇਸੀ ਕਾਲਜ ਨੇ ਭਾਰਤੀ ਫਾਰਮੇਸੀ ਦੇ ਪਿਤਾਮਾ ਪ੍ਰੋ: ਮਹਾਦੇਵ ਲਾਲ ਸਰਾਫ ਨੂੰ ਉਨ੍ਹਾਂ ਦੀ ਬਰਸੀ 'ਤੇ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਪ੍ਰੋ: ਸਰਾਫ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਸਿਧਾਂਤਾਂ ਨੂੰ ਆਪਣਾ ਆਦਰਸ਼ ਬਣਾਉਣਾ ਚਾਹੀਦਾ ਹੈ। ਵਿਭਾਗ ਦੇ ਇੰਚਾਰਜ ਪ੍ਰੋ: ਮਨੋਜ ਕਟੁਆਲ ਨੇ ਪ੍ਰੋ: ਸਰਾਫ ਵੱਲੋਂ ਫਾਰਮੇਸੀ ਦੀ ਤਰੱਕੀ ਲਈ ਕੀਤੇ ਕੰਮਾਂ ਬਾਰੇ ਕਿਹਾ ਕਿ ਪ੍ਰੋ: ਸਰਾਫ ਵੱਲੋਂ ਫਾਰਮੇਸੀ ਦੇ ਮਾਣ-ਸਨਮਾਨ ਅਤੇ ਢਾਂਚੇ ਲਈ ਕੀਤੇ ਕੰਮਾਂ ਨੂੰ ਭੁਲਾਇਆ ਨਹੀਂ ਜਾ ਸਕਦਾ । ਉਨ੍ਹਾਂ ਕਿਹਾ ਕਿ ਫਾਰਮੇਸੀ ਦੇ ਪਿਤਾਮਾ ਵਜੋਂ ਪ੍ਰੋ: ਮਹਾਦੇਵ ਲਾਲ ਸਰਾਫ ਦਾ ਜਨਮ ਦਿਨ 06 ਮਾਰਚ ਅਤੇ ਬਰਸੀ 25 ਅਗਸਤ ਨੂੰ ਪੂਰੇ ਭਾਰਤ ਵਿੱਚ ਬੜੀ ਸ਼ਰਧਾ ਨਾਲ ਮਨਾਈ ਜਾਂਦੀ ਹੈ। ਇਸ ਦਾ ਮਕਸਦ ਹੈ ਕਿ ਭਵਿੱਖ ਵਿੱਚ ਵਿਦਿਆਰਥੀ ਉਸ ਨੂੰ ਜਾਣ ਸਕਣ ਅਤੇ ਉਸ ਦੇ ਜੀਵਨ ਤੋਂ ਪ੍ਰੇਰਨਾ ਲੈ ਸਕਣ। ਇਸ ਮੌਕੇ ਫਾਰਮੇਸੀ ਵਿਭਾਗ ਦੇ ਸਮੂਹ ਅਧਿਆਪਕਾਂ, ਸਟਾਫ ਅਤੇ ਵਿਦਿਆਰਥੀਆਂ ਨੇ ਪ੍ਰੋ: ਸਰਾਫ ਦੇ ਤਸਵੀਰ ਅੱਗੇ ਫੁੱਲ ਭੇਟ ਕੀਤੇ।

# ਤੇਜ਼ ਹਨੇਰੀ ਤੇ ਮੀਂਹ ਨਾਲ ਜਨ-ਜੀਵਨ ਪ੍ਰਭਾਵਤ



**ਫਿਲੌਰ ( ਨਿਰਮਲ, ਬੀ ਐੱਸ ਕੈਨੇਡੀ )** ਸਵੇਰ ਸਾਰ ਤੇਜ ਹਨੇਰੀ ਅਤੇ ਭਾਰੀ ਮੀਂਹ ਨਾਲ ਜਨ ਜੀਵਨ ਪ੍ਰਭਾਵਿਤ ਹੋਇਆ ਹੈ। ਰ ਸਵੇਰੇ 8 ਵਜੇ ਦੇ ਕਰੀਬ ਆਈ ਤੇਜ ਹਨੇਰੀ ਅਤੇ ਮੀਂਹ ਨਾਲ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੱਡੀ ਗਿਣਤੀ 'ਚ ਦਰੱਖਤ ਡਿੱਗਣ ਨਾਲ ਰਸਤੇ ਬੰਦ ਹੋ ਗਏ ਅਤੇ ਕਈ ਪਿੰਡਾਂ ਵਿੱਚ ਦਰੱਖਤ ਬਿਜਲੀ ਦੇ ਖੰਭਿਆਂ ਤੇ ਡਿੱਗਣ ਕਾਰਨ ਬਿਜਲੀ ਬੰਦ ਹੋ ਗਈ। ਪਿੰਡ ਭੱਟੀਆਂ ਦੇ ਸਰਪੰਚ ਸਰਵਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ 'ਚ ਹਨੇਰੀ ਆਉਣ ਨਾਲ ਬਿਜਲੀ ਦੇ ਖੰਭੇ 'ਤੇ ਦਰੱਖਤ ਡਿੱਗ ਪਿਆ ਜਿਸ ਨਾਲ ਬਿਜਲੀ ਬੰਦ ਹੋ ਗਈ।

ਇਸੇ ਤਰ੍ਹਾਂ ਪਿੰਡ ਤੇਹਿੰਗ ਤੋਂ ਫਿਲੌਰ ਨੂੰ ਜਾਣ ਵਾਲੀ ਸੜਕ 'ਤੇ ਵੀ ਦਰੱਖਤ ਡਿੱਗਣ ਨਾਲ ਆਵਾਜਾਈ ਪ੍ਰਭਾਵਿਤ ਰਹੀ। ਲੋਕ ਪਿੰਡ ਬੱਛੋਵਾਲ ਰਾਹੀਂ ਹੁੰਦੇ ਹੋਏ ਹਾਈਵੇ ਵੱਲੋਂ ਹੁੰਦੇ ਹੋਏ ਫਿਲੌਰ ਪਹੁੰਚੇ। ਉਨ੍ਹਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਦਰੱਖਤ ਚੁੱਕੇ ਜਾਣ ਅਤੇ ਬਿਜਲੀ ਸਪਲਾਈ ਚਾਲੂ ਕੀਤੀ ਜਾਵੇ।

# 'ਖੇਡਾਂ ਵਤਨ ਪੰਜਾਬ ਦੀਆਂ' ਦੇ ਉਦਘਾਟਨੀ ਸਮਾਰੋਹ ਮੌਕੇ ਪਿਛਲੇ ਪੰਜ ਸਾਲ ਦੇ ਮੈਡਲ ਜੇਤੂਆਂ ਦੀ ਖਤਮ ਹੋਵੇਗੀ ਉਡੀਕ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਖੇਡਾਂ ਤੇ ਖਿਡਾਰੀਆਂ ਪੱਖੀ ਮਾਹੌਲ ਸਿਰਜਣ ਲਈ ਨਿਰੰਤਰ ਯਤਨਸ਼ੀਲ ਪੰਜਾਬ ਸਰਕਾਰ ਹੁਣ ਪਿਛਲੇ ਪੰਜ ਸਾਲਾਂ ਦੇ ਨਗਦ ਇਨਾਮ ਰਾਸ਼ੀ ਤੋਂ ਸੱਖਣੇ ਖਿਡਾਰੀਆਂ ਨੂੰ ਕੌਮੀ ਖੇਡ ਦਿਵਸ ਮੌਕੇ ਤੋਹਫਾ ਦੇਣ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਉਤੇ ਖੇਡ ਵਿਭਾਗ ਵੱਲੋਂ 2017 ਤੋਂ ਹੁਣ ਤੱਕ ਨਗਦ ਇਨਾਮ ਰਾਸ਼ੀ ਤੋਂ ਵਾਂਝੇ ਰਹੇ ਸਟੇਟ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਮੈਡਲ ਜੇਤੂ 1807 ਖਿਡਾਰੀਆਂ ਦੀ ਸੂਚੀ ਤਿਆਰ ਕਰ ਲਈ ਗਈ ਹੈ। ਮੁੱਖ ਮੰਤਰੀ 29 ਅਗਸਤ ਨੂੰ ਬਠਿੰਡਾ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ' ਦੇ ਸੀਜ਼ਨ-2 ਦੇ ਉਦਘਾਟਨੀ ਸਮਾਰੋਹ ਮੌਕੇ ਇਨ੍ਹਾਂ 1807 ਖਿਡਾਰੀਆਂ ਨੂੰ ਕੁੱਲ 5.94 ਕਰੋੜ ਰੁਪਏ ਦੀ ਇਨਾਮ ਰਾਸ਼ੀ ਨਾਲ ਸਨਮਾਨਤ ਕਰਨਗੇ। ਅੱਜ ਇੱਥੇ ਜਾਰੀ ਪ੍ਰੈਸ ਬਿਆਨ 'ਚ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰ ਦੇ ਧਿਆਨ 'ਚ ਆਇਆ ਸੀ ਕਿ ਸੂਬੇ 'ਚ ਬਹੁਤ ਖਿਡਾਰੀ ਅਜਿਹੇ ਸਨ ਜਿਨ੍ਹਾਂ ਨੂੰ ਮੈਡਲ ਜਿੱਤਣ ਦੇ ਬਾਵਜੂਦ ਪਿਛਲੇ ਪੰਜ ਸਾਲਾਂ ਤੋਂ ਨਗਦ ਇਨਾਮ ਰਾਸ਼ੀ ਨਹੀਂ ਮਿਲੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਿਰਦੇਸ਼ ਦਿੱਤੇ ਗਏ ਕਿ ਖੇਡ ਵਿਭਾਗ ਇਨ੍ਹਾਂ ਖਿਡਾਰੀਆਂ ਦੀ ਸੂਚੀ ਤਿਆਰ ਕਰਕੇ ਇਨ੍ਹਾਂ ਦਾ ਬਣਦਾ ਹੱਕ ਦੇਵੇ। ਖੇਡ ਵਿਭਾਗ ਵੱਲੋਂ ਸਾਲ 2017 ਤੋਂ ਹੁਣ ਤੱਕ ਅਜਿਹੇ 1807 ਖਿਡਾਰੀਆਂ ਦੀ ਸੂਚੀ ਤਿਆਰ ਕੀਤੀ ਗਈ ਹੈ ਜਿਨ੍ਹਾਂ ਦੀ ਕੁੱਲ ਇਨਾਮ ਰਾਸ਼ੀ 5.94 ਕਰੋੜ ਰੁਪਏ ਬਣਦੀ ਹੈ। ਇਹ ਖਿਡਾਰੀ ਸੂਬਾ, ਕੌਮੀ ਤੇ ਕੌਮਾਂਤਰੀ ਮੁਕਾਬਲਿਆਂ ਵਿੱਚ ਤਮਗੇ ਜਿੱਤ ਕੇ ਸੂਬੇ ਦਾ ਨਾਂਅ ਰੌਸ਼ਨ ਕਰ ਚੁੱਕੇ ਹਨ। ਖੇਡ ਮੰਤਰੀ ਨੇ ਕਿਹਾ ਕਿ ਹੁਣ ਇਨ੍ਹਾਂ ਖਿਡਾਰੀਆਂ ਨੂੰ ਕੌਮੀ ਖੇਡ ਦਿਵਸ ਮੌਕੇ 29 ਅਗਸਤ ਨੂੰ ਬਠਿੰਡਾ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ' ਦੇ ਸੀਜ਼ਨ-2 ਦੇ ਉਦਘਾਟਨੀ ਸਮਾਰੋਹ ਮੌਕੇ ਮੁੱਖ ਮੰਤਰੀ ਨਗਦ ਇਨਾਮ ਰਾਸ਼ੀ ਨਾਲ ਸਨਮਾਨਤ ਕਰਨਗੇ। ਉਨ੍ਹਾਂ ਕਿਹਾ ਕਿ ਖੇਡ ਵਿਭਾਗ ਵੱਲੋਂ ਨਵੀਂ ਖੇਡ ਨੀਤੀ ਬਣਾਈ ਗਈ ਹੈ ਅਤੇ ਅਗਲੇ ਸਾਲਾਂ ਵਿੱਚ ਕਿਸੇ ਵੀ ਖਿਡਾਰੀ ਨੂੰ ਉਸ ਦਾ ਬਣਦਾ ਮਾਣ-ਸਨਮਾਨ ਤੁਰੰਤ ਦਿੱਤਾ ਜਾਵੇਗਾ। ਮੀਤ ਹੇਅਰ ਨੇ ਨਗਦ ਇਨਾਮ ਰਾਸ਼ੀ ਨਾਲ ਸਨਮਾਨਤ ਕੀਤੇ ਜਾਣ ਵਾਲੇ 1807 ਖਿਡਾਰੀਆਂ ਦੇ ਵੇਰਵੇ ਜਾਰੀ ਕਰਦਿਆਂ ਦੱਸਿਆ ਕਿ 2017-18 ਸਾਲ ਦੇ 997 ਖਿਡਾਰੀਆਂ ਨੂੰ 1.58 ਕਰੋੜ ਰੁਪਏ, 2018-19 ਦੇ 135 ਖਿਡਾਰੀਆਂ ਨੂੰ 47.96 ਲੱਖ ਰੁਪਏ, 2019-20 ਦੇ 287 ਖਿਡਾਰੀਆਂ ਨੂੰ 1.75 ਕਰੋੜ ਰੁਪਏ, 2020-21 ਦੇ 51 ਖਿਡਾਰੀਆਂ ਨੂੰ 19.05 ਲੱਖ ਰੁਪਏ, 2021-22 ਦੇ 203 ਖਿਡਾਰੀਆਂ ਨੂੰ 1.32 ਕਰੋੜ ਰੁਪਏ ਅਤੇ ਪਿਛਲੇ ਸਾਲ ਹੋਈਆਂ 36ਵੀਆਂ ਕੌਮੀ ਖੇਡਾਂ ਵਿੱਚ ਸਰਵਿਸਜ ਵੱਲੋਂ ਮੈਡਲ ਜਿੱਤਣ ਵਾਲੇ 10 ਖਿਡਾਰੀਆਂ ਨੂੰ 41 ਲੱਖ ਰੁਪਏ। ਇਸ ਤਰ੍ਹਾਂ ਕੁੱਲ 1807 ਖਿਡਾਰੀਆਂ ਨੂੰ 5,94,45,400 (5.94 ਕਰੋੜ) ਰੁਪਏ ਨਾਲ ਸਨਮਾਨਿਆ ਜਾਵੇਗਾ।

# ਜ਼ਿਲ੍ਹਾ ਰੋਜ਼ਗਾਰ ਬਿਊਰੋ ਤੇ ਮਾਡਲ ਕੈਰੀਅਰ ਸੈਂਟਰ ਵੱਲੋਂ ਕੈਰੀਅਰ ਗਾਈਡੈਂਸ ਪ੍ਰੋਗਰਾਮ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਬਹੁ-ਤਕਨੀਕੀ ਕਾਲਜ ਹੁਸ਼ਿਆਰਪੁਰ ਵਿਖੇ ਫਾਰਮੇਸੀ, ਇਲੈੱਕਟ੍ਰੋਨਿਕਸ ਅਤੇ ਕੰਪਿਊਟਰ ਸਾਇੰਸ ਦੇ ਬੱਚਿਆਂ ਨੂੰ ਉਨ੍ਹਾਂ ਦੇ ਕਰੀਅਰ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਰਾਕੇਸ਼ ਕੁਮਾਰ, ਪਲੇਸਮੈਂਟ ਅਫਸਰ ਵੱਲੋਂ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਵੱਖ-ਵੱਖ ਸਟਰੀਮਾਂ ਦੀ ਪੜ੍ਹਾਈ, ਆਈ.ਟੀ.ਆਈ. ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ।

ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀ ਜਾਂਦੀ ਮੁਫ਼ਤ ਇੰਟਰਨੈੱਟ ਸੁਵਿਧਾ, ਸਵੈਰੋਜ਼ਗਾਰ ਸਕੀਮਾਂ ਦੇ ਬਾਰੇ ਜਾਣਕਾਰੀ, ਸ਼ਾਰਟਟਰਮ ਤਕਨੀਕੀ ਕੋਰਸਾਂ ਬਾਰੇ, ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਵਿਕਰਮ ਸਿੰਘ, ਯੰਗ ਪ੍ਰੋਫੈਸ਼ਨਲ ਵੱਲੋਂ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਦੀਆਂ ਵੱਖਵੱਖ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਦੀਆਂ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਨੈਸ਼ਨਲ ਕਰੀਅਰ ਸਰਵਿਸਜ਼ ਪੋਰਟਲ 'ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਰੋਜ਼ਗਾਰ ਦਫਤਰ ਦੀ ਮੋਬਾਇਲ ਐਪ ਡੀ ਬੀ ਈ ਈ ਆਨਲਾਈਨ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਬਾਰੇ ਦੱਸਿਆ। ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੇ ਕਰੀਅਰ ਸਬੰਧੀ ਹੁਣ ਤੋਂ ਹੀ ਆਪਣੀ ਯੋਜਨਾ ਬਣਾਉਣ ਲਈ ਕਿਹਾ ਗਿਆ ਅਤੇ ਜੇਕਰ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਰੋਜ਼ਗਾਰ ਬਿਊਰੋ ਨਾਲ ਸੰਪਰਕ ਕਰਨ ਲਈ ਕਿਹਾ ਗਿਆ।

ਇਸ ਤੋਂ ਇਲਾਵਾ ਅਦਿੱਤਿਯਾ ਰਾਣਾ, ਕਰੀਅਰ ਕਾਊਂਸਲਰ ਵਲੋਂ ਸਵੈ-ਰੋਜ਼ਗਾਰ ਦੇ ਵੱਖ-ਵੱਖ ਮੌਕਿਆਂ ਸਬੰਧੀ ਬਾਲ ਸੁਧਾਰ ਘਰ (ਕਿਸ਼ੋਰ ਜੇਲ੍ਹ) ਵਿਖੇ ਇੱਕ ਵਿਸ਼ੇਸ਼ ਕਾਊਂਸਲਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਉਨ੍ਹਾਂ ਵਲੋਂ ਸਬੰਧਤ ਕਿਸ਼ੋਰਾਂ ਨੂੰ ਸਵੈ-ਰੋਜ਼ਗਾਰ ਦੇ ਵੱਖ-ਵੱਖ ਕਿੱਤਿਆਂ ਸਬੰਧੀ ਜਾਣਕਾਰੀ ਦਿੱਤੀ ਗਈ, ਤਾਂ ਜੋ ਕਿ ਉਹ ਸਮਾਜ ਵਿੱਚ ਮੁੜ ਵਾਪਸ ਆਉਣ ਤੋਂ ਬਾਅਦ ਕਿਸ ਤਰ੍ਹਾਂ ਆਪਣੀ ਰੋਜ਼ੀ-ਰੋਟੀ ਸ਼ੁਰੂ ਕਰ ਸਕਣ, ਇਸ ਬਾਰੇ ਦੱਸਿਆ ਗਿਆ। ਇਨ੍ਹਾਂ ਵੱਖ-ਵੱਖ ਦੱਸੇ ਸਵੈ-ਰੋਜ਼ਗਾਰ ਦੇ ਕਿੱਤਿਆਂ ਵਿੱਚੋਂ ਇਨ੍ਹਾਂ ਕਿਸ਼ੋਰਾਂ ਦੁਆਰਾ ਫੂਡ ਸਿਖਲਾਈ ਦੇ ਕਿੱਤੇ ਨੂੰ ਅਪਣਾਉਣ ਲਈ ਭਰਵਾਂ ਹੁੰਗਾਰਾ ਦਿੱਤਾ ਗਿਆ। ਇਨ੍ਹਾਂ ਕਰੀਅਰ ਗਾਈਡੈਂਸ ਪ੍ਰੋਗਰਾਮਾਂ ਵਿਚ ਕਾਲਜ ਦੇ ਸਮੂਹ ਸਟਾਫ ਅਤੇ ਤਕਰੀਬਨ 100 ਵਿਦਿਆਰਥੀ ਅਤੇ ਬਾਲ ਸੁਧਾਰ ਘਰ (ਕਿਸ਼ੋਰ ਜੇਲ) ਦੇ 75 ਕਿਸ਼ੋਰਾਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਭਾਗ ਲਿਆ। ਇਸ ਮੌਕੇ ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਵਿੱਚ ਸੰਦੀਪ ਸਿੰਗਲਾ ਪ੍ਰਿੰਸੀਪਲ ਬਹੁ-ਤਕਨੀਕੀ ਕਾਲਜ ਹੁਸ਼ਿਆਰਪੁਰ, ਜਸਵੰਤ ਕੌਰ, ਇੰਚਾਰਜ ਫਾਰਮੇਸੀ ਬ੍ਰਾਂਚ ਬਹੁ-ਤਕਨੀਕੀ ਕਾਲਜ ਹੁਸ਼ਿਆਰਪੁਰ ਅਤੇ ਸਮੂਹ ਸਟਾਫ ਹਾਜ਼ਰ ਸੀ।

# 25 ਗ੍ਰਾਮ ਹੈਰੋਇਨ ਤੇ 22 ਹਜ਼ਾਰ ਡਰੱਗ ਮਨੀ ਸਮੇਤ ਕਾਬੂ



**ਅਲਾਵਲਪੁਰ ( ਮਦਨ ਬੰਗੜ)** ਕ੍ਰਾਇਮ ਬ੍ਰਾਂਚ ਜਲੰਧਰ ਦਿਹਾਤੀ ਦੀ ਸਪੈਸ਼ਲ ਪੁਲਸ ਟੀਮ ਵੱਲੋਂ 25 ਗ੍ਰਾਮ ਹੈਰੋਇਨ, 22 ਹਜਾਰ ਡਰੱਗ ਮਨੀ ਸਮੇਤ ਨਸ਼ਾ ਤਸਕਰ ਨੂੰ ਗ੍ਰਿਫਤਾਰ ਕੀਤਾ ਹੈ। ਐਸ ਪੀ ਮਨਪ੍ਰੀਤ ਸਿੰਘ ਢਿੱਲੋਂ ਜਲੰਧਰ ਦਿਹਾਤੀ ਨੇ ਦੱਸਿਆ ਕਿ ਕ੍ਰਾਈਮ ਬ੍ਰਾਂਚ ਦੀ ਇਕ ਟੀਮ ਐਸ.ਆਈ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਸਮੇਤ ਸਾਥੀ ਕਰਮਚਾਰੀ ਅਲਾਵਲਪੁਰ ਤੋਂ ਬਿਆਸ ਪਿੰਡ ਵੱਲ ਜਾ ਰਹੇ ਸੀ ਜਦੋਂ ਪੁਲਸ ਪਾਰਟੀ ਗਸ਼ਤ ਕਰਦੇ ਹੋਏ ਅੱਡਾ ਅਲਾਵਲਪੁਰ ਤੋ ਥੋੜਾ ਅੱਗੇ ਠੱਠੀ ਮੁਹੱਲਾ ਅਲਾਵਲਪੁਰ ਪੁੱਜੀ ਤਾਂ ਅੱਗੋਂ ਇੱਕ ਨੌਜਵਾਨ ਪੈਦਲ ਤੁਰਿਆ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਪਿੱਛੇ ਨੂੰ ਮੁੜਣ ਲੱਗਾ ਅਤੇ ਆਪਣੀ ਪੈਂਟ ਦੀ ਸੱਜੀ ਜੇਬ ਵਿੱਚੋਂ ਇੱਕ ਵਜ਼ਨਦਾਰ ਮੋਮੀ ਲਿਫਾਫਾ ਕੱਢ ਕੇ ਸੜਕ ਕਿਨਾਰੇ ਸੁੱਟ ਦਿੱਤਾ। ਜਿਸ ਨੂੰ ਐਸ.ਆਈ ਭੁਪਿੰਦਰ ਸਿੰਘ ਨੇ ਸ਼ੱਕ ਦੇ ਅਧਾਰ 'ਤੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਉਸ ਦਾ ਨਾਂਅ ਪਤਾ ਪੁੱਛਿਆ ਜਿਸਨੇ ਆਪਣਾ ਨਾਂਅ ਗੁਰਪਿੰਦਰ ਸਿੰਘ ਉਰਫ ਲਾਲੀ ਪੁੱਤਰ ਤਰਸੇਮ ਸਿੰਘ ਵਾਸੀ ਮੁਹੱਲਾ ਠੱਠੀ ਅਲਾਵਲਪੁਰ ਥਾਣਾ ਆਦਮਪੁਰ ਜ਼ਿਲ੍ਹਾ ਜਲੰਧਰ ਦਸਿਆ। ਮੋਮੀ ਲਿਫਾਫਾ ਰੰਗ ਚਿੱਟਾ ਨੂੰ ਖੋਲ ਕੇ ਚੈੱਕ ਕੀਤਾ ਤਾਂ ਉਸ ਵਿੱਚੋਂ ਇੱਕ ਇਲੈਕਟ੍ਰੋਨਿਕ ਕੰਡਾ, 22000/- ਰੁਪਏ ਡਰੱਗ ਮਨੀ ਅਤੇ 25 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਥਾਣਾ ਆਦਮਪੁਰ ਵਿਖੇ ਕੇਸ ਰਜਿਸਟਰ ਕਰਵਾ ਕੇ ਤਫਤੀਸ਼ ਅਮਲ ਵਿੱਚ ਲਿਆਂਦੀ। ਮੁੱਢਲੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਉਕਤ ਗੁਰਪਿੰਦਰ ਸਿੰਘ ਉਰਫ ਲਾਲੀ ਤੇ ਪਹਿਲਾਂ ਵੀ ਇਕ ਮੁਕੱਦਮਾ ਇਰਾਦਾ ਕਤਲ ਦਾ ਥਾਣਾ ਆਦਮਪੁਰ ਵਿਖੇ ਰਜਿਸਟਰ ਹੈ ਜੋ ਖੇਤੀ ਬਾੜੀ ਦਾ ਕੰਮ ਕਰਦਾ ਹੈ ਅਤੇ ਨਾਲ ਹੀ ਨਸ਼ਾ ਵੇਚਦਾ ਹੈ ਅਤੇ ਪੀਂਦਾ ਵੀ ਹੈ।

## 'ਚਰਨਾਂ ਦੀ ਧੂੜ' ਦਾ ਪੋਸਟਰ ਰਿਲੀਜ਼



**ਅਲਾਵਲਪੁਰ (ਮਦਨ ਬੰਗੜ)** ਦਰਬਾਰ ਇਛਾਧਾਰੀ ਪਿੰਡ ਧੋਗੜੀ ਵਿਖੇ ਸਮਾਗਮ ਸਮੇਂ ਸਰੀਲੇ ਗਾਇਕ 'ਪੱਪੂ ਬਾਦਸ਼ਾਹ' ਵੱਲੋਂ ਲਿਖੀ ਅਤੇ ਗਾਈ ਗਈ ਸੁਰੀਲੀ ਆਵਾਜ ਵਿਚ ਮਾਤਾ ਦੀ ਭੇਟ 'ਚਰਨਾਂ ਦੀ ਧੂੜ' ਸਿੰਗਲ ਟ੍ਰੈਕ ਦਾ ਪੋਸਟਰ ਰਿਲੀਜ ਕੀਤਾ ਗਿਆ। ਬਾਦਸ਼ਾਹ ਦੇ ਉਸਤਾਦ ਬੀ ਕੇ ਮਾਨ ਨੇ ਦੱਸਿਆ ਕਿ ਯੂ ਟਿਊਬ 'ਤੇ ਜਲਦ ਹੀ ਇਸ ਨੂੰ ਰਿਲੀਜ ਕੀਤਾ ਜਾਵੇਗਾ । ਮਿਊਜਕ ਸਾਹਿਬ ਹੀਰਾ ਵਲੋਂ ਤਿਆਰ ਕੀਤਾ ਗਿਆ ਹੈ। ਇਸ ਮੌਕੇ ਦਰਬਾਰ ਇੱਛਾਧਾਰੀ ਗੱਦੀਨਸ਼ੀਨ ਬਾਬਾ ਦਿਲਬਾਗ ਸਿੰਘ, ਗਾਇਕ ਜੋੜੀ ਅਮਰੀਕ ਬਲ, ਮਨਦੀਪ ਸੋਨੀਆ, ਗਾਇਕ ਲਕੀ ਮੇਨਕਾ, ਬੀ ਕੇ ਮਾਨ, ਜੈਰੀ, ਮਨਦੀਪ , ਸਾਹਿਲ, ਵਿਸ਼ਾਲ ਆਦਿ ਮੌਜੂਦ ਸਨ।

## ਸਿਵਲ ਹਸਪਤਾਲ 'ਚ ਹਾਰਟ ਅਟੈਕ ਵਿਰੁੱਧ ਟੀਕਾ ਉਪਲੱਬਧ : ਡਾ. ਨਿਰਮਲ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨਵਾਂਸ਼ਹਿਰ ਦੇ ਮਰੀਜਾਂ ਲਈ ਖ਼ੁਸ਼ਖਬਰੀ ਹੈ ਜੋ ਸਿਵਲ ਹਸਪਤਾਲ 'ਚ ਆਪਣਾ ਇਲਾਜ ਕਰਵਾਉਂਦੇ ਹਨ। ਹੁਣ ਹਾਰਟ ਅਟੈਕ,ਅਧਰੰਗ ਤੋਂ ਪੀੜਤ ਮਰੀਜਾਂ ਨੂੰ ਪ੍ਰਾਈਵੇਟ ਹਸਪਤਾਲਾਂ 'ਚ ਮਹਿੰਗੇ ਭਾਅ 'ਤੇ ਇਲਾਜ ਨਹੀਂ ਕਰਵਾਉਣਾ ਪਵੇਗਾ, ਕਿਉਂਕਿ ਸਰਕਾਰੀ ਸਿਵਲ ਹਸਪਤਾਲ 'ਚ ਹੁਣ ਟੀਕੇ ਵੀ ਮੁਫਤ ਦਿੱਤੇ ਜਾ ਰਹੇ ਹਨ ਕਿਉਂਕਿ ਹੁਣ ਸਿਵਲ ਹਸਪਤਾਲ 'ਚ ਇੰਜੈਕਸ਼ਨ ਉਪਲਬਧ ਹੈ। ਇਹ ਜਾਣਕਾਰੀ ਦਿਲ ਦਾ ਦੌਰਾ ਪੈਣ ਵਾਲੇ ਮਰੀਜ ਦਾ ਇਲਾਜ ਕਰਨ ਉਪਰੰਤ ਨਵਾਂਸ਼ਹਿਰ ਦੇ ਸਿਵਲ ਹਸਪਤਾਲ ਵਿੱਚ ਤਾਇਨਾਤ ਐਮ.ਬੀ.ਬੀ.ਐਸ.ਐਮ.ਡੀ ਮੈਡੀਸਨ ਹਾਰਟ ਸਪੈਸਲਿਸਟ ਡਾ: ਨਿਰਮਲ ਕੁਮਾਰ ਨੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਦਿਲ ਦੇ ਦੌਰੇ ਦੇ ਮਰੀਜਾਂ ਨੂੰ ਪ੍ਰਾਈਵੇਟ ਹਸਪਤਾਲਾਂ ਸਮੇਤ ਹੋਰ ਸ਼ਹਿਰਾਂ ਵਿੱਚ ਜਾਣਾ ਪੈਂਦਾ ਸੀ। ਪਰ ਹੁਣ ਨਵਾਂਸ਼ਹਿਰ ਦੇ ਸਿਵਲ ਹਸਪਤਾਲ ਵਿੱਚ ਇਹ ਮਹਿੰਗਾ ਇੰਜੈਕਸ਼ਨ ਉਪਲਬਧ ਹੈ। ਇਹ ਟੀਕਾ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫਤ ਦਿੱਤਾ ਜਾ ਰਿਹਾ ਹੈ। ਇੱਕ ਨਿੱਜੀ ਹਸਪਤਾਲ ਵਿੱਚ ਇਸ ਟੀਕੇ ਦੀ ਕੀਮਤ ਲਗਭਗ 30,000-48,000 ਰੁਪਏ ਹੈ। ਹਸਪਤਾਲ ਵਿਚ ਹਾਰਟ ਅਟੈਕ, ਅਧਰੰਗ ਆਦਿ ਦੇ ਮਰੀਜਾਂ ਨੂੰ ਮੁਫਤ ਟੀਕੇ ਦਿੱਤੇ ਜਾ ਰਹੇ ਹਨ, ਇਸ ਨਾਲ ਉਨ੍ਹਾਂ ਮਰੀਜਾਂ ਨੂੰ ਰਾਹਤ ਮਿਲੀ ਹੈ ਜੋ ਗਰੀਬ ਹਨ ਅਤੇ ਇਲਾਜ ਦਾ ਖਰਚਾ ਨਹੀਂ ਚੁੱਕ ਸਕਦੇ।

## ਖ਼ੂਨ ਦਾਨ ਸਭ ਤੋਂ ਉੱਤਮ ਦਾਨ : ਚਾਹਲ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸਥਾਨਕ ਬਾਬਾ ਆਲਮ ਸ਼ਾਹ ਵਿਖੇ ਮਾਤਾ ਸੁਦੇਸ਼ ਕੁਮਾਰੀ ਦੀ ਪਹਿਲੀ ਬਰਸੀ ਮੌਕੇ ਨਵੀਂ ਸੋਚ ਵੈਲਫੇਅਰ ਸੋਸਾਇਟੀ ( ਰੀਜ.) ਨੂਰਮਹਿਲ ਵਲੋਂ ਖ਼ੂਨ ਦਾਨ ਕੈਂਪ ਦੋਆਬਾ ਹਸਪਤਾਲ ਦੀ ਟੀਮ ਦੇ ਸਹਿਯੋਗ ਨਾਲ ਲਗਾਇਆ ਗਿਆ । ਇਸ ਮੌਕੇ ਖ਼ੂਨ ਦਾਨੀ ਸੱਜਣਾਂ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਨੂਰਮਹਿਲ ਦੇ ਆਗੂ ਪੰਮਾ ਚਾਹਲ ਨੇ ਆਖਿਆ ਕਿ ਖ਼ੂਨ ਦਾਨ ਸੱਭ ਤੋਂ ਉੱਤਮ ਦਾਨ ਹੈ ਅਤੇ ਤੁਹਾਡੇ ਵਲੋਂ ਦਿੱਤਾ ਗਿਆ ਖ਼ੂਨ ਕਿਸੇ ਦੀ ਜ਼ਿੰਦਗੀ ਬਚਾਉਣ ਵਿਚ ਮਦਦਗਾਰ ਹੋ ਸਕਦਾ ਹੈ । ਇਸ ਲਈ ਸਾਨੂੰ ਅਜਿਹੇ ਕੈਂਪ ਲਗਾਉਣੇ ਚਾਹੀਦੇ ਹਨ । ਇਸ ਮੌਕੇ ਸਵਰਗੀ ਸੁਦੇਸ਼ ਕੁਮਾਰੀ ਦੇ ਸਪੁੱਤਰ ਰਵਿੰਦਰ ਭਾਰਦਵਾਜ, ਡਾਕਟਰ ਦਵਿੰਦਰ ਪਾਲ ਚਾਹਲ, ਸ਼ਾਮ ਮਿੱਤੁ, ਗੌਰਵ ਜੈਨ ਨਕੋਦਰ, ਜਸਵਿੰਦਰ ਸਿੰਘ ਅਤੇ ਵੈਲਫੇਅਰ ਸੋਸਾਇਟੀ ਦੇ ਮੈਂਬਰ ਹਾਜਰ ਸਨ । ਇਸ ਮੌਕੇ 75 ਵਿਅਕਤੀਆਂ ਵਲੋਂ ਖ਼ੂਨ ਦਾਨ ਕੀਤਾ ਗਿਆ

## ਟਾਇਰ ਫਟਣ ਉਪਰੰਤ ਪਲਟੀ ਗੱਡੀ, ਡਰਾਈਵਰ ਜ਼ਖ਼ਮੀ



**ਫਿਲੌਰ ( ਨਿਰਮਲ)**- ਨਜਦੀਕੀ ਪਿੰਡ ਭੱਟੀਆਂ ਵਿਖੇ ਗੱਡੀ ਪਲਟਣ ਨਾਲ ਡਰਾਈਵਰ ਜਖਮੀ ਹੋ ਗਿਆ। ਡਰਾਈਵਰ ਸਾਬੂ ਨੇ ਦੱਸਿਆ ਕਿ ਉਹ ਗੱਡੀ ਨੰਬਰ ਯੂ ਪੀ 21 ਸੀ ਬੀ 1827 ਮਹਿੰਦਰਾ ਅਗਜੈਲੋ 'ਚ ਯੂ ਪੀ ਤੋਂ ਸ੍ਰੀ ਨਗਰ ਘੁੰਮਣ ਗਏ ਸਨ। ਉਸ ਨਾਲ 10 ਸਵਾਰੀਆਂ ਸਨ। ਜਦੋਂ ਉਹ ਵਾਪਸ ਆ ਰਹੇ ਸਨ ਕਿ ਪਿੰਡ ਭੱਟੀਆਂ ਵਿਖੇ ਗੱਡੀ ਦਾ ਮੋਹਰਲਾ ਟਾਇਰ ਫੱਟਣ ਨਾਲ ਗੱਡੀ ਬੇਕਾਬੂ ਹੋ ਕੇ ਪਲਟੀਆਂ ਖਾਂਦੀ ਹੋਈ ਸਰਵਿਸ ਲਾਈਨ 'ਤੇ ਚਲੀ ਗਈ। ਸਵਾਰੀਆਂ ਦੇ ਵੀ ਮਾਮੂਲੀ ਸੱਟਾਂ ਲੱਗੀਆਂ ਹਨ। ਪਿੰਡ ਭੱਟੀਆਂ ਦੇ ਸਰਪੰਚ ਸਰਵਜੀਤ ਸਿੰਘ ਵੱਲੋਂ ਮੁੱਢਲੀ ਸਹਾਇਤਾ ਉਪਰੰਤ ਸਵਾਰੀਆਂ ਨੂੰ ਉਨ੍ਹਾਂ ਦੇ ਘਰਾਂ ਨੂੰ ਭੇਜਿਆ ਗਿਆ।

## ਧਾਗੇ ਭਾਵੇਂ ਕੱਚੇ ਹੁੰਦੇ ਹਨ ਪਰ ਸੰਕਲਪ ਬੜੇ ਪੱਕੇ-ਸੱਚੇ ਹੁੰਦੇ ਹਨ : ਸੰਧੂ, ਜੱਸਲ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਹਿੰਦੁਸਤਾਨ ਦੀ ਪਾਵਣ ਧਰਤੀ 'ਤੇ ਕਈ ਤਿਉਹਾਰ ਮਨਾਏ ਜਾਂਦੇ ਹਨ, ਜਿਨ੍ਹਾਂ ਵਿੱਚੋਂ ਰੱਖੜੀ ਦਾ ਤਿਉਹਾਰ ਪੂਰੇ ਭਾਰਤ ਦੇਸ਼ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਬੜੀ ਸ਼ਰਧਾ ਭਾਵ ਅਤੇ ਪਵਿੱਤਰਤਾ ਨਾਲ ਮਨਾਇਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਲਾਇਨ- ਬਬਿਤਾ ਸੰਧੂ ਅਤੇ ਕੌਂਸਲਰ ਮਮਤਾ ਜੱਸਲ ਨੂਰਮਹਿਲ ਨੇ ਕਿਹਾ ਕਿ ਭੈਣਾਂ-ਭਰਾਵਾਂ ਨੂੰ ਇਸ ਦਿਨ ਦਾ ਬੜੀ ਬੇਸਬਰੀ ਨਾਲ ਇੰਤਜਾਰ ਹੁੰਦਾ ਹੈ। ਇਸ ਪਾਵਣ ਦਿਨ ਨੂੰ ਬੜੀ ਸ਼ਿੱਦਤ ਅਤੇ ਇੱਜਤ ਨਾਲ ਮਨਾਉਂਦੇ ਹਨ। ਭੈਣਾਂ ਆਪਣੇ ਭਰਾਵਾਂ ਦੇ ਗੁੱਟ 'ਤੇ ਰੱਖੜੀ ਬੰਨ੍ਹਦੀਆਂ ਹਨ ਅਤੇ ਭਰਾ ਆਪਣੀ ਭੈਣ ਲਈ ਉਸਦੀ ਰੱਖਿਆ ਕਰਨ ਦਾ ਮਨ ਵਿੱਚ ਸੰਕਲਪ ਲੈਂਦੇ ਹਨ। ਧਾਗੇ ਭਾਵੇਂ ਕੱਚੇ ਹੁੰਦੇ ਹਨ ਪਰ ਸੰਕਲਪ ਬੜੇ ਪੱਕੇ-ਸੱਚੇ ਹੁੰਦੇ ਹਨ। ਭਾਵੇਂ ਲੱਖ ਨਾਰਾਜਗੀਆਂ, ਗਿਲੇ ਸ਼ਿਕਵੇ ਹੋਣ ਇਸ ਪਵਿੱਤਰ ਦਿਨ ਅੱਗੇ ਸਾਰੇ ਫਿੱਕੇ ਪੈ ਜਾਂਦੇ ਹਨ। ਇਸ ਦੁਨੀਆਂ ਵਿੱਚ ਧਰਮ ਤੋਂ ਵੱਡੀ ਕੋਈ ਚੀਜ ਨਹੀਂ ਹੈ। ਭਰਾ ਭਾਵੇਂ ਵਿਦੇਸ਼ ਵਿੱਚ ਹੀ ਕਿਉਂ ਨਾ ਹੋਵੇ ਭੈਣ ਹਰ ਹੀਲੇ ਰੱਖੜੀ ਭੇਜ ਕੇ ਆਪਣਾ ਧਰਮ ਕਮਾਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਮੇਵਾੜ ਦੀ ਰਾਣੀ ਕਰਮਾਵਤੀ ਜਦੋਂ ਬਹਾਦਰ ਸ਼ਾਹ ਨੂੰ ਮੇਵਾੜ ਦੇ ਰਾਜ ਉੱਤੇ ਹਮਲੇ ਦੀ ਸੂਚਨਾ ਮਿਲੀ ਤਾਂ ਉਹ ਲੜਨ ਵਿੱਚ ਅਸਮਰਥ ਸੀ। ਫਿਰ ਉਸ ਨੇ ਮੁਗਲ ਬਾਦਸ਼ਾਹ ਹੁਮਾਯੂੰ ਨੂੰ ਰੱਖੜੀ ਭੇਜੀ ਅਤੇ ਰੱਖਿਆ ਦੀ ਬੇਨਤੀ ਕੀਤੀ। ਹਿਮਾਂਯੂ ਮੁਸਲਮਾਨ ਹੋਣ ਦੇ ਬਾਵਜੂਦ ਰੱਖੜੀ ਦੀ ਲਾਜ ਰੱਖ ਕੇ ਮੇਵਾੜ ਪਹੁੰਚੇ ਤੇ ਬਾਦਸ਼ਾਹ ਦੀ ਰੱਖਿਆ ਕੀਤੀ।

29-August-PAGE-9.qxd 8/28/2023 10:53 PM Page 1



# ਕਾਰਜਕਾਰੀ ਇੰਜੀਨੀਅਰ ਦੀ ਗਲਤੀ ਕਾਰਨ ਲਘੂ ਉਦਯੋਗ ਦੇ ਮੁਲਾਜ਼ਮ ਹੋਏ ਲਾਵਾਰਸ : ਵਿਰਦੀ



**ਜਲੰਧਰ (ਰਾਜੇਸ਼ ਥਾਪਾ)**- ਕਾਰਜਕਾਰੀ ਇੰਜੀਨੀਅਰ ਇੰਡਸਟਰੀਅਲ ਫੋਕਲ ਪੁਆਇੰਟ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਜਲੰਧਰ ਵਲੋਂ ਕਮਿਸ਼ਨਰ ਨਗਰ ਨਿਗਮ ਜਲੰਧਰ ਵਲੋਂ ਮੁਲਾਜ਼ਮ ਲੈਣ ਦੀ ਮਨਜ਼ੂਰੀ ਦੇਣ ਤੋਂ ਬਿਨਾਂ ਹੀ 01/08/2023 ਨੂੰ 39 ਮੁਲਾਜ਼ਮਾਂ ਨੂੰ ਫਾਰਗ ਕਰਕੇ ਕਮਿਸ਼ਨਰ ਨਗਰ ਨਿਗਮ ਜਲੰਧਰ ਦੇ ਦਫਤਰ ਭੇਜੀ ਦਿੱਤਾ ਸੀ। ਮੁਲਾਜ਼ਮਾਂ ਨੇ ਉਸੇ ਦਿਨ ਜਾ ਕੇ ਆਪਣੀ ਹਾਜ਼ਰੀ ਰਿਪੋਰਟ ਕਮਿਸ਼ਨਰ ਨਗਰ ਨਿਗਮ ਜਲੰਧਰ ਨੂੰ ਦੇ ਦਿੱਤੀ ਸੀ। ਪਰ ਮੁਲਾਜ਼ਮਾਂ ਦੀ ਨਿਯਮਾਂ ਅਨੁਸਾਰ ਅਜੇ ਤੱਕ ਹਾਜ਼ਰੀ ਰਿਪੋਰਟ ਮਨਜ਼ੂਰ ਨਹੀਂ ਕੀਤੀ ਗਈ ਅਤੇ ਨਾ ਹੀ ਮੁਲਾਜ਼ਮਾਂ ਨੂੰ ਆਪਣੀ ਡਿਊਟੀ ਨਿਭਾਉਣ ਲਈ ਕੋਈ ਹਿਦਾਇਤਾਂ ਜਾਰੀ ਨਹੀਂ ਕੀਤੀਆਂ,ਜਿਸ ਕਾਰਨ ਲਘੂ ਉਦਯੋਗ ਤੋਂ ਫਾਰਗ ਕੀਤੇ 39 ਮੁਲਾਜ਼ਮ ਅੱਜ ਤੱਕ ਹਵਾ ਵਿੱਚ ਘੁੰਮ ਰਹੇ ਹਨ ਅਤੇ ਕਾਰਜਕਾਰੀ ਇੰਜੀਨੀਅਰ ਲਘੂ ਉਦਯੋਗ ਜਲੰਧਰ ਅਤੇ ਕਮਿਸ਼ਨਰ ਨਗਰ ਨਿਗਮ ਜਲੰਧਰ ਦੀ ਆਪਸੀ ਗਲਤੀ ਦੇ ਕਾਰਨ ਮੁਲਾਜ਼ਮ ਪ੍ਰੇਸ਼ਾਨੀ ਦੇ ਦੌਰ ਵਿੱਚੋਂ ਗੁਜਰ ਰਹੇ ਹਨ ਅਤੇ ਦੋਨੋਂ ਵਿਭਾਗਾਂ ਵਿੱਚੋਂ ਕੋਈ ਵੀ ਉਹਨਾਂ ਦਾ ਵਾਰਿਸ ਬਣਨ ਲਈ ਤਿਆਰ ਨਹੀਂ,ਜਿਸ ਕਰਕੇ ਉਹਨਾਂ ਦੀ ਕਿਸੇ ਵੀ ਪਾਸੇ ਨਿਯਮਤ ਹਾਜਰੀ ਨਹੀਂ ਲੱਗ ਰਹੀ। ਨਿਯਮਤ ਰੂਪ ਵਿੱਚ ਹਾਜਰੀ ਲੱਗਣ ਨੂੰ ਯਕੀਨੀ ਬਣਾਉਣ ਅਤੇ ਡਿਊਟੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣ ਲਈ ਹਿਦਾਇਤਾਂ ਜਾਰੀ ਕਰਵਾਉਣ ਲਈ 21/08/2023 ਤੋਂ ਫਾਰਗ ਕੀਤੇ ਮੁਲਾਜ਼ਮ ਪ.ਸ.ਸ.ਫ.ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਕੁਮਾਰ ਵਿਰਦੀ ਅਤੇ ਗੋਬਿੰਦ ਪ੍ਰਧਾਨ ਪੀ.ਐੱਸ.ਆਈ.ਈ.ਸੀ.ਜਲੰਧਰ ਦੀ ਸਾਂਝੀ ਅਗਵਾਈ ਵਿੱਚ ਇੰਡਸਟਰੀਅਲ ਫੋਕਲ ਪੁਆਇੰਟ ਜਲੰਧਰ ਦੇ ਦਫਤਰ ਵਿਖੇ ਲਗਾਤਾਰ ਸਾਂਤਮਈ ਰੋਸ ਧਰਨੇ 'ਤੇ ਬੈਠੇ ਹਨ ਅਤੇ ਧਰਨਾ ਲਗਾਤਾਰ ਜਾਰੀ ਹੈ।

ਇਸ ਦੇ ਬਾਵਜੂਦ ਕਾਰਜਕਾਰੀ ਇੰਜੀਨੀਅਰ ਲਘੂ ਉਦਯੋਗ ਅਤੇ ਕਮਿਸ਼ਨਰ ਨਗਰ ਨਿਗਮ ਜਲੰਧਰ ਨੇ ਆਪਸੀ ਸਹਿਮਤੀ ਬਣਾ ਕੇ ਫਾਰਗ ਕੀਤੇ ਮੁਲਾਜ਼ਮਾਂ ਦੀ ਹਾਜਰੀ ਲਗਵਾਉਣ ਅਤੇ ਉਹਨਾਂ ਦੀ ਬਣਦੀ ਡਿਊਟੀ ਸੰਬੰਧੀ ਹਿਦਾਇਤਾਂ ਜਾਰੀ ਕਰਨ ਦਾ ਹੋਈ ਵੀ ਠੋਸ ਉਪਰਾਲਾ ਨਹੀਂ ਕੀਤਾ। ਜਿਸ ਕਰਕੇ ਫਾਰਗ ਕੀਤੇ ਮੁਲਾਜਮਾਂ ਵਿੱਚ ਦਿਨੋਂ ਦਿਨ ਮਾਨਸਿਕ ਪ੍ਰੇਸ਼ਾਨੀ ਅਤੇ ਦੋਨੋਂ ਜ਼ਿੰਮੇਵਾਰ ਅਧਿਕਾਰੀਆਂ ਪ੍ਰਤੀ ਗੁੱਸੇ ਦੀ ਭਾਵਨਾ ਹਰ ਰੋਜ ਹੋਰ ਵੱਧ ਰਹੀ ਹੈ ਇਸ ਸਮੇਂ ਸੰਬੋਧਨ ਕਰਦੇ ਹੋਏ ਪੀ.ਐੱਸ.ਆਈ.ਈ.ਸੀ.ਪੰਜਾਬ ਦੇ ਸੂਬਾਈ ਚੇਅਰਮੈਨ ਰਵਿੰਦਰ ਸਿੰਘ ਰੰਧਾਵਾ, ਪ੍ਰਧਾਨ ਰਾਜਿੰਦਰ ਸਿੰਘ ਰਿਆੜ,ਜਨਰਲ ਸਕੱਤਰ ਤੇਜਿੰਦਰ ਸਿੰਘ ਅਤੇ ਪ.ਸ.ਸ.ਫ.ਦੇ ਸੂਬਾ ਕਮੇਟੀ ਮੈਂਬਰ ਤਰਸੇਮ ਮਾਧੋਪੁਰੀ ਨੇ ਜ਼ਿੰਮੇਵਾਰ ਦੋਨੋਂ ਅਧਿਕਾਰੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਫਾਰਗ ਕੀਤੇ ਮੁਲਾਜਮਾਂ ਦੀ ਰੋਜਾਨਾ ਨਿਯਮਾਂ ਅਨੁਸਾਰ ਨਿਯਮਤ ਹਾਜਰੀ ਲਗਵਾਉਣ ਅਤੇ ਉਹਨਾਂ ਨੂੰ ਬਣਦੀਆਂ ਡਿਊਟੀਆਂ ਨਾ ਸੌਂਪੀਆਂ ਗਈਆਂ ਤਾਂ ਆਉਣ ਵਾਲੇ ਦਿਨਾਂ ਵਿੱਚ ਹੋਰ ਭਰਾਤਰੀ ਮੁਲਾਜਮ ਜਥੇਬੰਦੀਆਂ ਦਾ ਸਹਿਯੋਗ ਦੇ ਕੇ ਸੰਘਰਸ਼ ਨੂੰ ਤਿੱਖਾ ਰੂਪ ਦਿੱਤਾ ਜਾਵੇਗਾ ਅਤੇ ਸਮੁੱਚੇ ਪੰਜਾਬ ਦੇ ਫੋਕਲ ਪੁਆਇੰਟਾਂ ਦਾ ਕੰਮਕਾਜ ਬੰਦ ਕਰਕੇ ਸੰਘਰਸ਼ ਨੂੰ ਸੂਬਾਈ ਰੂਪ ਦਿੱਤਾ ਜਾਵੇਗਾ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਜਗੀਰ ਸਿੰਘ, ਪ੍ਰਦੀਪ ਚੰਦ,ਦੇਸ ਰਾਜ, ਆਨੰਦ, ਰੋਸਨ ਲਾਲ, ਸੋਹਣ ਲਾਲ, ਅਸ਼ਵਨੀ, ਇੰਦਰਜੀਤ, ਰਾਮ ਬਿਲਾਸ,ਗੇਂਦ ਲਾਲ,ਬਦਲੀ, ਅਮਿਤ, ਰਾਮ ਨਰੇਸ, ਰਾਮ ਲਾਲ,ਓਮ ਪ੍ਰਕਾਸ਼, ਕਮਲੇਸ਼ ਰਾਣੀ,ਕਮਲ, ਯਸ਼ਪਾਲ, ਰਾਮ ਬ੍ਰਿਸ, ਵਰਿੰਦਰ, ਮਨਜੀਤ,ਤ੍ਰੀਭਵਣ,ਸੁਖ ਰਾਮ ਆਦਿ ਸਾਥੀ ਹਾਜਰ ਹੋਏ।

# ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਅੱਖਾਂ ਦਾ ਚੈੱਕਅੱਪ ਕੈਂਪ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ, ਕੁਲਵਿੰਦਰ ਕਾਲਾ)**-ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਵੱਲੋਂ ਸੀਨੀਅਰ ਸਿਟੀਜਨ ਕੌਂਸਲ ਚਮਕੌਰ ਸਾਹਿਬ ਦੇ ਸਹਿਯੋਗ ਨਾਲ ਗੁਰਦੁਆਰਾ ਬਾਬਾ ਸੰਗਤ ਸਿੰਘ ਵਿਖੇ ਅੱਖਾਂ ਦਾ ਮੁਫਤ ਚੈੱਕ ਅੱਪ ਕੈਂਪ ਲਗਾਇਆ ਗਿਆ। ਕੈਂਪ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਸਥਾਨਕ ਬੀਬੀਆਂ ਨੇ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਕੇ ਪਾਠ ਦੇ ਭੋਗ ਪਾਏ । ਸੁਸਾਇਟੀ ਦੇ ਪ੍ਰਧਾਨ ਪ੍ਰਿੰਸੀਪਲ ਲੱਛਮਣ ਸਿੰਘ ਤੇ ਪ੍ਰੈੱਸ ਸਕੱਤਰ ਮਲਾਗਰ ਸਿੰਘ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਸੁਸਾਇਟੀ ਦੇ ਮੋਢੀ ਮਾਸਟਰ ਰਤਨ ਸਿੰਘ, ਲਾਭ ਸਿੰਘ ਅਤੇ ਹਜਾਰਾਂ ਸਿੰਘ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ , ਜਦੋਂ ਕਿ ਮੁੱਖ ਮਹਿਮਾਨ ਵਜੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸ਼ਾਮਲ ਹੋਏ । ਉਨ੍ਹਾਂ ਕੈਂਪ ਦੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਕੈਂਪਾਂ ਵਿੱਚ ਲੋੜਵੰਦ ਅਤੇ ਗਰੀਬ ਲੋਕਾਂ ਦੀ ਮਦੱਦ ਹੋ ਜਾਂਦੀ ਹੈ, ਕਿਉਂਕਿ ਉਹ ਬਾਰਾਂ ਵਿੱਚੋਂ ਮਹਿੰਗੇ ਭਾਅ ਦੇ ਇਲਾਜ ਕਰਵਾਉਣ ਤੋਂ ਅਸਮਰੱਥ ਹੁੰਦੇ ਹਨ । ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਪ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ, ਕਿਉਂਕਿ ਸੂਬੇ ਦੇ ਸਰਕਾਰੀ ਹਸਪਤਾਲ ਵਿੱਚ ਜਿੱਥੇ ਡਾਕਟਰਾਂ ਦੀ ਘਾਟ ਕਾਰਨ ਮਰੀਜ਼ ਪ੍ਰੇਸ਼ਾਨ ਹੋ ਰਹੇ ਹਨ, ਉੱਥੇ ਹੀ ਲੋਕਾਂ ਹਸਪਤਾਲਾਂ ਵਿੱਚੋਂ ਦਵਾਈਆਂ ਵੀ ਨਹੀਂ ਮਿਲ ਰਹੀਆਂ, ਜਦੋਂ ਕਿ ਸਰਕਾਰ ਹਸਪਤਾਲਾਂ ਵਿੱਚ ਵੱਧ ਤੋਂ ਵੱਧ ਦਵਾਈਆਂ ਦੀ ਸਹੂਲਤ ਦੇ ਦਾਅਵੇ ਕਰ ਰਹੀ ਹੈ । ਉਨ੍ਹਾਂ ਕਿਹਾ ਕਿ ਇਸ ਕੈਂਪ ਵਿੱਚ ਜੇਕਰ ਕਿਸੇ ਵੀ ਮਰੀਜ਼ ਦੇ ਅੱਖਾਂ ਵਿੱਚ ਲੈਂਨਜ ਪੈਂਦੇ ਹੋਣ ਤਾਂ ਉਨ੍ਹਾਂ ਨੂੰ ਦੱਸਿਆ ਜਾਵੇ ਤਾਂ ਜੋ ਕਿ ਉਹ ਆਪਣੇ ਕੋਲੋਂ ਉਕਤ ਮਰੀਜ਼ਾਂ ਦੇ ਲੈਂਨਜ ਮੁਫਤ ਪਵਾ ਸਕਣ । ਉਨ੍ਹਾਂ ਸੁਸਾਇਟੀ ਅਤੇ ਇਲਾਕੇ ਦੇ ਲੋਕਾਂ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ । ਇਸ ਤੋਂ ਬਾਅਦ ਸੁਸਾਇਟੀ ਦੇ ਸਮੂਹ ਮੈਂਬਰਾਂ ਵੱਲੋਂ ਚੰਨੀ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ । ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾ. ਐਚ ਐਮ ਹੈਰੀ , ਬ੍ਰਹਮਜੋਤ ਸਿੰਘ ਵਾਲੀਆ, ਡਾ. ਅਵਤਾਰ ਸਿੰਘ, ਡਾ. ਜੋਨਟੀ ਵਿਜ , ਡਾ. ਬਿੰਦਰ ਸਿੰਘ ਅਤੇ ਜਸਵਿੰਦਰ ਕੌਰ ਆਦਿ ਦੀ ਟੀਮ ਵੱਲੋਂ 354 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਮਰੀਜ਼ਾਂ ਨੂੰ ਐਨਕਾਂ ਤੇ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ । ਇਸ ਮੌਕੇ ਸਾਬਕਾ ਪ੍ਰਧਾਨ ਅਮਨਦੀਪ ਸਿੰਘ ਮਾਂਗਟ, ਸਾਬਕਾ ਡਿਪਟੀ ਡਾਇਰੈਕਟਰ ਪਿਸ਼ੌਰਾ ਸਿੰਘ, ਪ੍ਰਿੰਸੀਪਲ ਅਮਰਜੀਤ ਸਿੰਘ ਕੰਗ , ਡਾ. ਚੌਧਰੀ ਰਾਜਪਾਲ ਸਿੰਘ, ਜਥੇ ਹਰਬੰਸ ਸਿੰਘ ਕੰਧੋਲਾ, ਮਹਾਂ ਸੰਘ ਦੇ ਪ੍ਰਧਾਨ ਧਰਮਪਾਲ ਸੋਖਲ ਅਤੇ ਨੰਬਰਦਾਰ ਚੌਧਰੀ ਬਾਵਾ ਸਿੰਘ ਆਦਿ ਹਾਜਰ ਸਨ ।

## 45 ਲੱਖ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਪੁਲ ਦਾ ਨੀਂਹ ਪੱਥਰ ਰੱਖਿਆ



**ਅੱਚਲ ਸਾਹਿਬ (ਬਟਾਲਾ), (ਡਾ. ਮਲਵਿੰਦਰ ਸਿੰਘ)**-ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰ ਪਾਲ ਸਿੰਘ ਕਿਸ਼ਨਕੋਟ ਵਲੋਂ ਪਿੰਡ ਜਾਲੀਆਂ ਤੋਂ ਗੁਰਦੁਆਰਾ ਬਾਬਾ ਦੀਪ ਸਿੰਘ ਵਾਇਆ ਚੌਧਰੀਵਾਲ ਨੂੰ ਜਾਣ ਵਾਲੇ ਰਜਬਾਹੇ ਦੇ ਪੁਲ ਦਾ ਰੱਖਿਆ ਨੀਂਹ ਪੱਥਰ ਰੱਖਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਨੇੜਲੇ ਪਿੰਡ ਦੇ ਲੋਕਾਂ ਦੀ ਕਾਫੀ ਚਿਰ ਤੋਂ ਇਸ ਪੁਲ ਨੂੰ ਲੈ ਕੇ ਮੰਗ ਕੀਤੀ ਜਾ ਰਹੀ ਸੀ, ਜਿਸ ਨੂੰ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਪੁਲ ਦਾ ਅੱਜ ਕੰਮ ਸ਼ੁਰੂ ਕਰਵਾਇਆ ਹੈ। ਉਨ੍ਹਾਂ ਕਿਹਾ ਕੇ ਇਹ ਪੁੱਲ ਦੀ ਲਾਗਤ ਕਰੀਬ 45 ਲੱਖ ਰੁਪਏ ਆਵੇਗੀ ਅਤੇ ਜਲਦੀ ਹੀ ਇਸ ਪੁਲ ਨੂੰ ਤਿਆਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਲੋਕਾਂ ਨਾਲ ਜੋ ਚੋਣਾਂ ਤੋਂ ਪਹਿਲਾਂ ਵਾਅਦੇ ਕੀਤੇ ਸੀ ਉਨ੍ਹਾਂ ਵਾਅਦਿਆਂ ਨੂੰ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪੂਰਾ ਕੀਤਾ ਜਾ ਰਿਹਾ ਹੈ ਅਤੇ ਰਹਿੰਦੇ ਵਿਕਾਸ ਕਾਰਜਾਂ ਨੂੰ ਵੀ ਜਲਦੀ ਹੀ ਪੂਰਾ ਕੀਤਾ ਜਾਵੇਗਾ। ਇਸ ਮੌਕੇ ਸੀਨੀਅਰ ਆਪ ਆਗੂ ਹਿਰਦੇਪਾਲ ਸਿੰਘ ਚੌਧਰੀਵਾਲ, ਗੁਰਪਿੰਦਰ ਸਿੰਘ ਲਾਲੀ, ਚਰਨਜੀਤ ਸਿੰਘ ਫੌਜੀ, ਸਰਕਲ ਪ੍ਰਧਾਨ ਗੁਰਪ੍ਰੀਤ ਸਿੰਘ, ਬਲਾਕ ਪ੍ਰਧਾਨ ਸੁਲਵਿੰਦਰਪਾਲ ਸਿੰਘ ਜੈਤੋਂ ਸਰਜਾ, ਸਰਕਲ ਇੰਚਾਰਜ ਹਰਜਿੰਦਰ ਸਿੰਘ ਯਾਹਦਪੁਰ, ਹਰਪ੍ਰੀਤ ਸਿੰਘ ਲਾਲੀ, ਅਮਨਦੀਪ ਸਿੰਘ ਲੱਕੀ, ਗੁਰਦਿਆਲ ਸਿੰਘ ਬਾਊ, ਕੇਵਲ ਸਿੰਘ ਚਾਹਲ ਸਤਨਾਮ ਸਿੰਘ ਸੇਖਵਾਂ ਆਦਿ ਹਾਜ਼ਰ ਸਨ।

## ਲੁੱਟ-ਖੋਹ ਕਰਨ ਵਾਲੇ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਨੂੰ ਕੀਤੀ ਸ਼ਿਕਾਇਤ ਵਿਚ ਉਪਾਸਨਾ ਰਾਏ ਪਤਨੀ ਜੋਗਿੰਦਰ ਪਾਲ ਵਾਸੀ ਪੁੱਡਾ ਇੰਨਕਲੇਵ ਨੇ ਦੱਸਿਆ ਕਿ ਜਦੋਂ ਮੈਂ ਆਪਣੇ ਘਰ ਦੇ ਬਾਹਰ ਸਕੂਟਰੀ ਲਗਾ ਰਹੀ ਸੀ ਤਾਂ ਦੋ ਮੋਨੇ ਨੌਜਵਾਨ ਜੋ ਕਾਲੇ ਰੰਗ ਦੀ ਸਕੂਟਰੀ 'ਤੇ ਸਵਾਰ ਸਨ, ਮੇਰੇ ਗਲੇ ਵਿੱਚ ਸੋਨੇ ਦੀ ਚੈਨੀ ਵਜ਼ਨ 2 ਤੋਲੇ ਕ੍ਰੀਬ 5 ਗ੍ਰਾਮ ਸੀ, ਝਪਟ ਮਾਰ ਕੇ ਖੋਹ ਕੇ ਆਪਣੀ ਸਕੂਟਰੀ 'ਤੇ ਸਵਾਰ ਹੋ ਕੇ ਭੱਜ ਗਏ। ਮੇਰੇ ਵਲੋਂ ਭਾਲ ਕਰਨ 'ਤੇ ਪਤਾ ਚਲਿਆ ਕਿ ਸੋਨੇ ਦੀ ਚੈਨ ਮੋਹਤ ਅਤੇ ਵੰਸ਼ ਜੋ ਕਾਦਰੀ ਮੁਹੱਲਾ ਦੇ ਰਹਿਣ ਵਾਲੇ ਹਨ, ਨੇ ਖੋਹੀ ਹੈ। ਇਨ੍ਹਾਂ ਦੋਸ਼ੀਆਂ ਖ਼ਿਲਾਫ਼ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਬਹਿਰਾਮਪੁਰ ਪੁਲਸ ਵੱਲੋਂ 12 ਬੋਤਲਾਂ ਸ਼ਰਾਬ ਸਮੇਤ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਜਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਹਰੀਸ਼ ਦਯਾਮਾ ਪ੍ਰਸਾਦ ਦੇ ਦਿਸ਼ਾ ਨਿਰਦੇਸ਼ਾਂ 'ਤੇ ਥਾਣਾ ਮੁਖੀ ਬਹਿਰਾਮਪੁਰ ਜਸਵੀਰ ਸਿੰਘ ਦੀਆਂ ਹਦਾਇਤਾਂ 'ਤੇ ਥਾਣਾ ਬਹਿਰਾਮਪੁਰ ਪੁਲਸ ਵਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਨਸ਼ੇ ਦੀ ਖੇਪ ਸਮੇਤ ਕਈ ਨਸ਼ਾ ਸੌਦਾਗਰਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਸੇ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਬਹਿਰਾਮਪੁਰ ਪੁਲਿਸ ਦੇ ਏਐਸਆਈ. ਰਮੇਸ਼ ਕੁਮਾਰ ਆਪਣੇ ਸਾਥੀਆਂ ਸਮੇਤ ਗਸ਼ਤ 'ਤੇ ਸਨ ਕਿ ਇਕ ਵਿਅਕਤੀ ਪਲਾਸਟਿਕ ਦਾ ਬੋਰਾ ਫੜ੍ਹੀ ਬੈਠਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਭੱਜਣ ਲੱਗਾ, ਜਿਸ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਂਅ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਜਸਬੀਰ ਸਿੰਘ ਪੁੱਤਰ ਸਰੂਪ ਸਿੰਘ ਵਾਸੀ ਚੂਹੜ ਚੱਕ ਦੱਸਿਆ। ਜਸਬੀਰ ਸਿੰਘ ਦੇ ਪਲਾਸਟਿਕ ਬੋਰੇ ਦੀ ਤਲਾਸ਼ੀ ਲੈਣ 'ਤੇ 12 ਬੋਤਲਾ ਸ਼ਰਾਬ ਪੰਜਾਬ ਕੈਸ਼ ਵ੍ਹਿਸਕੀ ਬ੍ਰਾਮਦ ਹੋਈ। ਬਹਿਰਾਮਪੁਰ ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਐਕਸਾਈਜ਼ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਗਿਆਨੀ ਜਗਤਾਰ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਸ੍ਰੀ ਦਰਬਾਰ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਗੁਰਬਾਣੀ ਦਾ ਡੂੰਘਾ ਗਿਆਨ ਰੱਖਣ ਵਾਲੇ ਗਿਆਨੀ ਜਗਤਾਰ ਸਿੰਘ ਇਕ ਸੂਝਵਾਨ ਕਥਾਵਾਚਕ ਸਨ ਜਿਨ੍ਹਾਂ ਗੁਰਮਤਿ ਗਿਆਨ ਅਤੇ ਸਿੱਖੀ ਪ੍ਰਚਾਰ-ਪ੍ਰਸਾਰ ਹਿੱਤ ਅਹਿਮ ਪੰਥਕ ਸੇਵਾਵਾਂ ਨਿਭਾਈਆਂ। ਉਨ੍ਹਾਂ ਨੇ ਕਿਹਾ ਕਿ ਅਜਿਹੀ ਧਾਰਮਿਕ ਸ਼ਖ਼ਸ਼ੀਅਤ ਦਾ ਅਚਾਨਕ ਸਦੀਵੀ ਵਿਛੋੜਾ ਦੇ ਜਾਣਾ ਸਮੁੱਚੇ ਪੰਥ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਅਮਰਜੀਤ ਸਿੰਘ ਬਾਂਗਾ, ਅਤੇ ਮੀਤ ਪ੍ਰਧਾਨ ਜਗਜੀਤ ਸਿੰਘ, ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਸਕੱਤਰ ਅਜੀਤ ਸਿੰਘ ਬਸਰਾ, ਮੈਂਬਰ ਇੰਚਾਰਜ ਮੁੱਖ ਦਫ਼ਤਰ/ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਨੇ ਗਿਆਨੀ ਜਗਤਾਰ ਸਿੰਘ ਦੇ ਅਕਾਲ ਚਲਾਣੇ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਅਕਾਲ ਪੁਰਖ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿੱਛੇ ਰਹੇ ਪਰਿਵਾਰ ਅਤੇ ਸੰਗਤਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ।

## ਹਰੇਕ ਵਿਅਕਤੀ ਨੇਤਰਦਾਨ ਜ਼ਰੂਰ ਕਰੇ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਰਜਿ: ਦੇ ਇੱਕ ਵਫਦ ਵੱਲੋਂ ਸ੍ਰੀਮਤੀ ਕੋਮਲ ਮਿੱਤਰ ਆਈ.ਏ.ਐਸ. ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨਾਲ ਮੁਲਾਕਾਤ ਕੀਤੀ। ਵਫਦ ਵਿੱਚ ਸ਼ਾਮਿਲ ਮੈਂਬਰਾਂ ਵਲੋਂ ਉਨ੍ਹਾਂ ਨੂੰ ਸੰਸਥਾ ਦੀਆਂ ਗਤੀਵਿਧੀਆਂ ਤੇ ਹੁਣ ਤੱਕ ਦੀਆਂ ਪ੍ਰਾਪਤੀਆਂ ਬਾਰੇ ਤਫਸੀਲ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਮਿਤੀ 25 ਅਗਸਤ ਤੋਂ 8 ਸਤੰਬਰ ਤੱਕ ਨੇਤਰਦਾਨ ਜਾਗਰੂਕਤਾ ਪੰਦਰਵਾੜਾ ਮਨਾਇਆ ਜਾਵੇਗਾ ਅਤੇ ਇਸ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਕੈਂਪਾਂ / ਸੈਮੀਨਾਰਾਂ ਦਾ ਆਯੋਜਨ ਕੀਤਾ ਜਾਵੇਗਾ। ਇਸ ਪੰਦਰਵਾੜੇ ਦਾ ਸਮਾਪਤੀ ਸਮਾਰੋਹ ਮਿਤੀ 9 ਸਤੰਬਰ ਨੂੰ ਮਾਡਲ ਟਾਊਨ ਕਲੱਬ ਹੁਸ਼ਿਆਰਪੁਰ ਵਿਖੇ ਹੋਵੇਗਾ। ਡਿਪਟੀ ਕਮਿਸ਼ਨਰ ਨੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਨੇਤਰਹੀਣਤਾ ਮੁਕਤ ਸਮਾਜ ਦੀ ਸਿਰਜਣਾ ਲਈ ਹਰ ਇੱਕ ਵਿਅਕਤੀ ਨੂੰ ਨੇਤਰਦਾਨ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਸੰਸਥਾ ਵੱਲੋਂ ਛਪਵਾਇਆ ਲੀਫਲੈਟਸ ਵੀ ਰਿਲੀਜ ਕੀਤਾ ਅਤੇ ਵਿਸ਼ਵਾਸ ਦਿੱਤਾ ਕਿ ਸੰਸਥਾ ਦੀ ਪ੍ਰਸ਼ਾਸਨ ਵੱਲੋਂ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।

# ਕੱਥੂਨੰਗਲ ਪੁਲਸ ਨੇ ਲੁੱਟ ਦੇ ਪੈਸੇ ਵਾਪਸ ਕਰਵਾਏ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਚਾਰ ਦਿਨ ਪਹਿਲਾਂ ਇੱਕ ਨੌਜਵਾਨ ਸੰਨੀ ਕੋਲੋਂ ਕੱਥੂਨੰਗਲ ਥਾਣੇ ਵਿੱਚ ਤਾਇਨਾਤ ਚਾਰ ਮੁਲਾਜ਼ਮਾਂ ਨੇ ਪ੍ਰਕਾਸ਼ ਸਿੰਘ ਉਰਫ ਸੰਨੀ ਨੂੰ ਪਠਾਨਕੋਟ-ਅੰਮ੍ਰਿਤਸਰ ਹਾਈਵੇ 'ਤੇ ਕੱਥੂਨੰਗਲ ਪੁਲ ਥੱਲੇ ਘੇਰ ਲਿਆ ਅਤੇ ਉਸ ਕੋਲੋਂ ਵੀਹ ਹਜ਼ਾਰ ਛੇ ਸੌ ਰੁਪਏ ਜੋ ਉਸ ਕੋਲ ਸਨ, ਹਰਮਨ ਸਿੰਘ ਨਾਮ ਦੇ ਮੁਲਾਜ਼ਮ ਨੇ ਖੋਹ ਕੇ ਆਪਣੇ ਕੋਲ ਰੱਖ ਲਏ ਅਤੇ ਉਸਨੂੰ ਥਾਣੇ ਜਾਣ ਲਈ ਕਿਹਾ। ਜਦ ਉਹ ਥਾਣੇ ਦੇ ਬਾਹਰ ਆਏ ਤਾਂ ਹਰਮਨ ਨੇ ਪ੍ਰਕਾਸ਼ ਸਿੰਘ ਨੂੰ ਚਪੇੜਾਂ ਮਾਰ ਕੇ ਖਾਲੀ ਕਾਗਜ਼ 'ਤੇ ਦਸਤਖਤ ਕਰਵਾ ਕੇ ਬਿਨਾਂ ਗਿਣੇ ਛੇ ਹਜ਼ਾਰ ਚਾਰ ਸੌ ਰੁਪਏ ਮੋੜ ਦਿੱਤੇ। ਜਦੋਂ ਉਸਨੇ ਬਾਅਦ ਵਿੱਚ ਪੈਸੇ ਗਿਣੇ ਤਾਂ ਉਸਨੇ ਆਪਣੇ ਸਾਥੀ ਬਲਾਕ ਸੈਕਟਰੀ ਸੀ. ਪੀ. ਆਈ. ਬਲਕਾਰ ਸਿੰਘ ਦੁਧਾਲਾ ਨਾਲ ਗੱਲ ਕੀਤੀ ਜੋ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਕੱਥੂਨੰਗਲ ਥਾਣੇ ਪਹੁੰਚਿਆ ਪਰ ਕੱਥੂਨੰਗਲ ਥਾਣੇ ਦਾ ਇੰਚਾਰਜ ਥਾਣੇ ਨਹੀਂ ਮਿਲਿਆ। ਜਦ ਉਸ ਨਾਲ ਗੱਲ ਕੀਤੀ ਤਾਂ ਉਸਨੇ ਸ਼ਾਮ ਨੂੰ ਮਿਲਣ ਦਾ ਸਮਾਂ ਦੇ ਦਿੱਤਾ। ਜਦ ਸ਼ਾਮ ਨੂੰ ਬਲਕਾਰ ਸਿੰਘ ਦੁਬਾਰਾ ਸਾਥੀਆਂ ਸਮੇਤ ਮਿਲੇ ਤਾਂ ਮਨਤੇਜ ਸਿੰਘ ਨੇ ਅਗਲੇ ਦਿਨ ਸ਼ਾਮ ਨੂੰ ਆ ਕੇ ਪੈਸੇ ਲੈ ਜਾਣ ਲਈ ਕਿਹਾ ਪਰ ਵਾਰ-ਵਾਰ ਥਾਣੇ ਸੱਦ ਕੇ ਬਿਨਾਂ ਪੈਸੇ ਦਿੱਤੇ ਤੋਂ ਵਾਪਿਸ ਭੇਜ ਦਿੰਦੇ ਰਹੇ। ਬਲਕਾਰ ਸਿੰਘ ਦੁਧਾਲਾ ਫਿਰ ਸਾਥੀਆਂ ਸਮੇਤ ਕੱਥੂਨੰਗਲ ਥਾਣੇ ਪਹੁੰਚੇ ਜਿਥੇ ਪੰਜਾਬ ਪੁਲਸ ਖਿਲਾਫ ਨਾਹਰੇਬਾਜ਼ੀ ਕੀਤੀ ਗਈ। ਪਰ ਥਾਣਾ ਇੰਚਾਰਜ ਹਾਜ਼ਰ ਨਾ ਹੋਣ ਕਰਕੇ ਅਸੀਂ ਅਜੀਤ ਸਿੰਘ ਨਾਲ ਗੱਲ ਕੀਤੀ ਜਿਨ੍ਹਾਂ ਨੇ ਸ਼ਾਮ ਨੂੰ ਪੰਜ ਵਜੇ ਆ ਕੇ ਜੋ ਰੁਪਏ ਸਨ ਉਹ ਗੁਰਦੁਆਰਾ ਸਾਹਿਬ ਰੱਖ ਦਿੱਤੇ ਜੋ ਪ੍ਰਕਾਸ਼ ਸਿੰਘ ਨੇ ਚੁੱਕ ਲਏ ਪਰ ਪੈਸੇ ਦੇਣ ਤੋਂ ਬਾਅਦ ਹਰਮਨ ਸਿੰਘ ਮੁਲਾਜ਼ਮ ਪ੍ਰਕਾਸ਼ ਸਿੰਘ ਨੂੰ ਪੈਸੇ ਵਾਪਿਸ ਲੈਣ ਦਾ ਮਜ਼ਾ ਚਖਾਉਣ ਦੀਆਂ ਧਮਕੀਆਂ ਦੇ ਰਿਹਾ ਹੈ। ਬਲਕਾਰ ਸਿੰਘ ਦੁਧਾਲਾ ਅਤੇ ਸਾਥੀਆਂ ਜਿਨ੍ਹਾਂ ਵਿੱਚ ਲਖਵਿੰਦਰ ਸਿੰਘ ਗੋਪਾਲਪੁਰਾ, ਜਗਦੀਸ਼, ਮੱਖਣ ਸਿੰਘ, ਮੇਜਰ ਸਿੰਘ ਲੈਹਰਕਾ, ਸੁਖਵਿੰਦਰ ਸਿੰਘ ਚਵਿੰਡਾ ਦੇਵੀ, ਹਰਜਿੰਦਰ ਸਿੰਘ, ਜੋਗਿੰਦਰ ਸਿੰਘ ਗੋਪਾਲਪੁਰਾ, ਗੁਰਦੀਪ ਸਿੰਘ ਹਦਾਇਤਪੁਰਾ, ਖੇਤ ਮਜ਼ਦੂਰ ਸਭਾ ਜ਼ਿਲ੍ਹਾ ਅੰਮ੍ਰਿਤਸਰ ਦੇ ਆਗੂ ਮੰਗਲ ਸਿੰਘ ਖਜਾਲਾ, ਪ੍ਰਕਾਸ਼ ਸਿੰਘ ਕੈਰੋਨੰਗਲ ਨੇ ਪੁਲਸ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ ਪੁਲਸ ਹੀ ਲੁੱਟਾਂ-ਖੋਹਾਂ ਕਰਨ ਲੱਗ ਜਾਵੇਗੀ ਤਾਂ ਫਿਰ ਰਾਖੀ ਕੌਣ ਕਰੇਗਾ। ਉਕਤ ਵਿਅਕਤੀਆਂ ਨੇ ਹਰਮਨ ਸਿੰਘ 'ਤੇ ਕਾਨੂੰਨੀ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਅਜਿਹੇ ਮੁਲਾਜ਼ਮ ਜੇ ਬਦਲੇ ਦੀ ਭਾਵਨਾ ਨਾਲ ਕੰਮ ਕਰਨਗੇ, ਤਾਂ ਲੋਕ ਚੁੱਪ ਨਹੀਂ ਬੈਠਣਗੇ। ਉਕਤ ਆਗੂਆਂ ਨੇ ਕਿਹਾ ਕਿ ਜੇ ਪੁਲਸ ਪ੍ਰਕਾਸ਼ ਸਿੰਘ ਉਰਫ ਸੰਨੀ ਨੂੰ ਕਿਸੇ ਨਜਾਇਜ਼ ਕੇਸ ਵਿੱਚ ਫਸਾਉਣ ਦੀ ਕੋਸ਼ਿਸ਼ ਕੀਤੀ ਤਾਂ ਪੰਜਾਬ ਖੇਤ ਮਜ਼ਦੂਰ ਸਭਾ ਮਨਰੇਗਾ ਤੇ ਸੀਪੀਆਈ ਬਰਦਾਸ਼ਤ ਨਹੀਂ ਕਰ ਸਕਦੀ।

# ਡੈਮੋਕਰੇਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਨੇ ਸਿਹਤ ਮੰਤਰੀ ਨੂੰ ਭੇਜਿਆ 15 ਦੀ ਰੈਲੀ ਦਾ ਨੋਟਿਸ

**ਅਲਾਵਲਪੁਰ (ਮਦਨ ਬੰਗੜ)**-ਡੈਮੋਕਰੇਟਿਕ ਆਸ਼ਾ ਵਰਕਰਜ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਸੂਬਾਈ ਮੀਟਿੰਗ ਦੇ ਫੈਸਲੇ ਅਨੁਸਾਰ 24 ਅਗਸਤ ਤੋਂ 31 ਅਗਸਤ ਤਕ ਸੀਨੀਅਰ ਮੈਡੀਕਲ ਅਫਸਰਾਂ ਰਾਹੀਂ ਆਪਣੀਆ ਮੰਗਾ ਨਾ ਮੰਨੇ ਜਾਣ ਦੇ ਰੋਸ ਵਜੋ ਬਲਾਕ ਆਦਮਪੁਰ ਜ਼ਿਲ੍ਹਾ ਜਲੰਧਰ ਦੀਆਂ ਵਰਕਰਾਂ ਵੱਲੋਂ ਸ਼ਮੂਲੀਅਤ ਕਰਕੇ ਸਿਹਤ ਮੰਤਰੀ ਪੰਜਾਬ ਨੂੰ 15 ਸਤੰਬਰ ਨੂੰ ਪਟਿਆਲਾ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਸਬੰਧੀ ਨੋਟਿਸ ਭੇਜਿਆ ਗਿਆ । ਇਸ ਮੌਕੇ ਡੀ ਐਮ ਐਫ ਦੇ ਆਗੂ ਹਰਿੰਦਰ ਦੁਸਾਂਝ , ਜਥੇਬੰਦੀ ਦੇ ਆਗੂ ਸੀਤਾ ਬੁਲੰਦ ਪੁਰ, ਸੁਖਵਿੰਦਰ ਕੌਰ, ਜਸਵਿੰਦਰ ਕੌਰ,ਸੁਨੀਲ ਦੇਵੀ, ਕੁਸਲਿਆ ਦੇਵੀ, ਜਸਵੀਰ ਕੌਰ, ਹਰਵਿੰਦਰ ਕੌਰ ਨੇ ਦੱਸਿਆ ਕਿ ਸਿਹਤ ਮੰਤਰੀ ਪੰਜਾਬ ਨਾਲ 4 ਮਈ ਨੂੰ ਪੰਜਾਬ ਭਵਨ ਵਿੱਚ ਹੋਈ ਮੀਟਿੰਗ ਦੌਰਾਨ ਮੰਨੀਆਂ ਗਈਆਂ ਮੰਗਾਂ ਨੂੰ ਪੰਜ ਮਹੀਨੇ ਬਾਅਦ ਵੀ ਲਾਗੂ ਨਹੀਂ ਕੀਤਾ ਗਿਆ, ਜਿਸ ਦੇ ਰੋਸ ਵਜੋ ਪੰਜਾਬ ਭਰ ਦੀਆਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੇ ਆਪਣੇ ਸ਼ੰਘਰਸ ਨੂੰ ਤੇਜ ਕਰਨ ਦਾ ਫੈਸਲਾ ਕੀਤਾ ਹੈ। ਜਿਸ ਦੀ ਕੜੀ ਵਜੋਂ ਜ਼ਿਲ੍ਹਿਆਂ ਰਾਹੀਂ ਨੋਟਿਸ ਭੇਜਣ ਤੋਂ ਬਾਅਦ ਪੰਜਾਬ ਦੇ ਸਮੂਹ ਬਲਾਕ ਕੇਂਦਰਾਂ 'ਤੇ ਰੋਸ ਰੈਲੀਆਂ ਕੀਤੀਆਂ ਜਾਣਗੀਆਂ। ਜੇਕਰ ਪੰਜਾਬ ਸਰਕਾਰ ਨੇ ਫਿਰ ਵੀ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ 15 ਸਤੰਬਰ ਨੂੰ ਸਿਹਤ ਮੰਤਰੀ ਪੰਜਾਬ ਦੇ ਸ਼ਹਿਰ ਪਟਿਆਲਾ ਵਿਖੇ ਲਾਮਿਸਾਲ ਰੈਲੀ ਕਰਕੇ ਉਹਨਾਂ ਦੇ ਨਿਵਾਸ ਵੱਲ ਮਾਰਚ ਕੀਤਾ ਜਾਵੇਗਾ।




# ਨਿਰਮਾਣ ਕਾਰਜਾਂ ਲਈ ਧਰਤੀ ਹੇਠਲੇ ਪਾਣੀ ਦੀ ਵਰਤੋਂ 'ਤੇ ਪਾਬੰਦੀ : ਬਾਜਵਾ



**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਨੇ ਸੋਮਵਾਰ ਨੂੰ ਜ਼ਿਲ੍ਹਾ ਵਾਤਾਵਰਣ ਯੋਜਨਾ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਨਿਰਮਾਣ ਕਾਰਜਾਂ, ਸੜਕਾਂ 'ਤੇ ਛਿੜਕਾਅ ਲਈ ਸੀਵਰੇਜ ਟ੍ਰੀਟਮੈਂਟ ਪਲਾਂਟਾਂ ਦੇ ਸੋਧੇ ਹੋਏ ਪਾਣੀ ਦੀ ਵਰਤੋਂ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਸਮੇਤ ਜ਼ਿਲ੍ਹਾ ਵਾਤਾਵਰਣ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਵਰਿੰਦਰਪਾਲ ਸਿੰਘ ਬਾਜਵਾ ਨੇ ਕਿਹਾ ਕਿ ਨਿਰਮਾਣ ਕਾਰਜਾਂ ਲਈ ਧਰਤੀ ਹੇਠਲੇ ਪਾਣੀ ਦੀ ਵਰਤੋਂ 'ਤੇ ਪਾਬੰਦੀ ਹੈ। ਉਨ੍ਹਾਂ ਕਿਹਾ ਕਿ ਬੂਟੇ ਲਾਉਣ, ਸੜਕਾਂ 'ਤੇ ਛਿੜਕਾਅ ਤੋਂ ਇਲਾਵਾ ਲੋਕਾਂ ਨੂੰ ਉਸਾਰੀ ਕਾਰਜਾਂ ਲਈ ਨਿਸ਼ਚਿਤ ਕੀਮਤ 'ਤੇ ਐਸ.ਟੀ.ਪੀਜ਼ ਦਾ ਸੋਧਿਆ ਹੋਇਆ ਪਾਣੀ ਸਪਲਾਈ ਕਰਨ ਸਬੰਧੀ ਉਪਰਾਲੇ ਕੀਤੇ ਜਾਣ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਨਾਲ ਨਗਰ ਨਿਗਮ/ਕੌਂਸਲਾਂ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ। ਜ਼ਿਲ੍ਹਾ ਵਾਤਾਵਰਣ ਯੋਜਨਾ ਤਹਿਤ ਐਕਸ਼ਨ ਪਲਾਨ ਅਨੁਸਾਰ ਤੈਅ ਟੀਚਿਆਂ ਦੀ ਨਿਰਧਾਰਤ ਸਮੇਂ ਦੇ ਅੰਦਰ ਪ੍ਰਾਪਤੀ 'ਤੇ ਜ਼ੋਰ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਭਾਗੀਦਾਰ ਵਿਭਾਗਾਂ ਨੂੰ ਪ੍ਰਗਤੀ ਰਿਪੋਰਟਾਂ ਸਮੇਂ ਸਿਰ ਪੇਸ਼ ਕਰਨ ਲਈ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਸਮੇਂ 'ਤੇ ਰਿਪੋਰਟ ਭੇਜੀ ਜਾ ਸਕੇ। ਉਨ੍ਹਾਂ ਕਿਹਾ ਕਿ ਪਲਾਸਟਿਕ ਦੀ ਰਹਿੰਦ-ਖੂੰਹਦ ਦੇ ਉਚਿਤ ਨਿਪਟਾਰੇ ਲਈ ਢੁੱਕਵੇਂ ਕਦਮ ਚੁੱਕੇ ਜਾਣ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਇਕ ਵਾਰ ਵਰਤੋਂ ਵਿੱਚ ਆਉਣ ਵਾਲੇ (ਸਿੰਗਲ ਯੂਜ਼) ਪਲਾਸਟਿਕ ਦੀ ਵਿਕਰੀ ਅਤੇ ਵਰਤੋਂ 'ਤੇ ਪਾਬੰਦੀ ਲਗਾਈ ਹੋਈ ਹੈ, ਜਿਸ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਮੀਟਿੰਗ ਦੌਰਾਨ ਪੁਰਾਣੇ ਕੂੜੇ (ਲੈਗੇਸੀ ਵੇਸਟ) ਪ੍ਰਬੰਧਨ, ਸੀ.ਐਂਡ ਡੀ ਵੇਸਟ ਪ੍ਰਬੰਧਨ, ਬਾਇਓ ਮੈਡੀਕਲ ਵੇਸਟ ਪ੍ਰਬੰਧਨ, ਸੀਵਰੇਜ ਟ੍ਰੀਟਮੈਂਟ ਪਲਾਂਟ, ਕਾਮਨ ਇਫਲੂਐਂਟ ਟ੍ਰੀਟਮੈਂਟ ਪਲਾਂਟ, ਵਰਿਆਣਾ ਡੰਪ ਸਾਈਟ ਸਮੇਤ ਹੋਰ ਵਾਤਾਵਰਣ ਪੱਖੀ ਪ੍ਰਾਜੈਕਟਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਤਾਵਰਣ ਯੋਜਨਾ ਦੀਆਂ ਤਜਵੀਜ਼ਾਂ ਨੂੰ ਇੰਨ-ਬਿੰਨ ਲਾਗੂ ਕਰਦਿਆਂ ਵਾਤਾਵਰਣ ਪੱਖੀ ਪ੍ਰਾਜੈਕਟਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨਾ ਯਕੀਨੀ ਜਾਵੇ। ਇਸ ਮੌਕੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਵਾਤਾਵਰਣ ਇੰਜੀਨੀਅਰ ਸੰਦੀਪ ਕੁਮਾਰ, ਭਾਗੀਦਾਰ ਵਿਭਾਗਾਂ ਦੇ ਅਧਿਕਾਰੀ, ਨਗਰ ਨਿਗਮ/ਕੌਂਸਲਾਂ ਦੇ ਈ.ਓਜ਼ ਵੀ ਮੌਜੂਦ ਸਨ।

# ਗਾਇਕ ਸੁੱਖਾ ਸਾਧੋਵਾਲੀਏ ਦਾ 'ਵਾਸਤਾ' ਗੀਤ ਦਾ ਪੋਸਟਰ ਰਿਲੀਜ਼



**ਗੜ੍ਹਸ਼ੰਕਰ ( ਫੂਲਾ ਸਿੰਘ ਬੀਰਮਪੁਰ)** ਗਾਇਕੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਨਾਉਣ ਵਾਲਾ ਗਾਇਕ ਸੁੱਖਾ ਸਾਧੋਵਾਲੀਆ ਆਪਣੇ ਸਰੋਤਿਆਂ ਲਈ 'ਸਾਡੇ ਬਿਨਾਂ' ਗੀਤ ਤੋਂ ਬਾਅਦ 'ਵਾਸਤਾ' ਲੈ ਕੇ ਹਾਜ਼ਰ ਹੋਇਆ ਹੈ, ਜੋ 30 ਅਗਸਤ ਨੂੰ ਰਿਲੀਜ਼ ਹੋਣ ਜਾ ਰਿਹਾ ਹੈ। ਇਸ ਗੀਤ ਦਾ ਪੋਸਟਰ ਹਲਕਾ ਵਿਧਾਇਕ ਅਤੇ ਡਿਪਟੀ ਸਪੀਕਰ ਵਿਧਾਨ ਸਭਾ ਪੰਜਾਬ ਜੈ ਕ੍ਰਿਸ਼ਨ ਸਿੰਘ ਰੋੜੀ ਵਲੋ ਆਪਣੇ ਸਥਾਨਕ ਦਫਤਰ ਗੜ੍ਹਸ਼ੰਕਰ ਵਿਖੇ ਰਿਲੀਜ਼ ਕੀਤਾ ਗਿਆ । ਇਸ ਮੌਕੇ ਰੋੜੀ ਨੇ ਕਿਹਾ ਕਿ ਸੁੱਖਾ ਸਾਧੋਵਾਲੀਆ ਵਲੋ ਅਕਸਰ ਸਮਾਜ ਨੂੰ ਸੇਧ ਦੇਣ ਵਾਲੇ ਹੀ ਗੀਤ ਰਿਲੀਜ਼ ਕੀਤੇ ਜਾ ਰਹੇ ਹਨ ਜੋ ਇੱਕ ਸ਼ਲਾਘਾਯੋਗ ਕਦਮ ਹੈ । ਇਸ ਮੌਕੇ ਉਹਨਾਂ ਸੁੱਖਾ ਸਾਧੋਵਾਲ਼ੀਏ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਲੋੜ ਹੈ ਸਾਫ ਸੁਥਰੀ ਗਾਇਕੀ ਦੀ ਤਾਂ ਜੋ ਪੰਜਾਬ ਦਾ ਅਮੀਰ ਸੱਭਿਆਚਾਰ ਕਾਇਮ ਰੱਖਿਆਂ ਜਾ ਸਕੇ। ਸਾਧੋਵਾਲ ਨੇ ਦੱਸਿਆ ਕਿ ਉਹ ਇੱਕ ਵਾਰ ਫਿਰ ਆਪਣੇ ਸਰੋਤਿਆਂ ਲਈ ਸਮਾਜਿਕ ਕੁਰੀਤੀਆਂ ਨੂੰ ਦਰਸਾਉਦਾ ਨਸ਼ੇ ਨਾਲ ਸਬੰਧਤ 'ਵਾਸਤਾ' ਗੀਤ ਲੈ ਕੇ ਹਾਜ਼ਰ ਹੋਇਆ ਅਤੇ ਆਸ ਹੈ ਕਿ ਸਰੋਤੇ ਪਹਿਲਾਂ ਵਾਗ ਹੀ ਪਿਆਰ ਦੇਣਗੇ । ਇਸ ਗੀਤ ਨੂੰ ਰਛਪਾਲ ਪਾਲੀ ਸਾਧੋਵਾਲ ਨੇ ਆਪਣੀ ਕਲਮ ਨਾਲ ਸ਼ਿੰਗਾਰਿਆ ਹੈ ਅਤੇ ਸੰਗੀਤ ਦਾ ਮਿਊਜਿਕ ਫੈਕਟਰੀ ਵਲੋਂ ਦਿੱਤਾ ਗਿਆ ਹੈ। ਇਸ ਮੌਕੇ ਉਹਨਾਂ ਨਾਲ ਸਰਪੰਚ ਹਰਪ੍ਰੀਤ ਸਿੰਘ ਬੈਂਸ,ਹੈਪੀ ਸਾਧੋਵਾਲ,ਰਛਪਾਲ ਪਾਲੀ,ਲੱਖੀ ਅਰਮਾਨ,ਰਾਜ ਕੁਮਾਰ,ਚੰਨਣ ਰਾਮ,ਜੋਗਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।

# ਹਿੰਸਾ ਤੇ ਸ਼ੋਸ਼ਣ ਤੋਂ ਪੀੜਤ ਔਰਤਾਂ ਲਈ ਵਰਦਾਨ ਬਣਿਆ ਸਖੀ ਵਨ ਸਟਾਪ ਸੈਂਟਰ : ਡੀ ਸੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਭਾਰਤ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਵਲੋਂ ਔਰਤਾਂ, ਲੜਕੀਆਂ ਅਤੇ ਬਾਲੜੀਆਂ ਦੀ ਭਲਾਈ ਵਾਸਤੇ ਚਲਾਈਆਂ ਜਾ ਰਹੀਆਂ ਸਕੀਮਾਂ ਵਿਚੋਂ ਸਖੀ ਵਨ ਸਟਾਪ ਸੈਂਟਰ ਦੀ ਸਕੀਮ ਇਕ ਵੱਖਰੀ ਅਤੇ ਨਿਵੇਕਲੀ ਕਿਸਮ ਦੀ ਸਕੀਮ ਹੈ। ਇਸ ਵਿਚ ਕਿਸੇ ਸਰਕਾਰੀ ਜਾਂ ਗੈਰ-ਸਰਕਾਰੀ ਜਗ੍ਹਾ 'ਤੇ ਹਿੰਸਾ, ਯੌਨ ਸ਼ੋਸ਼ਣ, ਤੇਜ਼ਾਬੀ ਹਮਲੇ, ਬਲਾਤਕਾਰ ਨਾਲ ਪੀੜਤ ਔਰਤਾਂ ਅਤੇ ਔਰਤਾਂ ਨਾਲ ਸਬੰਧਤ ਹੋਰ ਕਿਸੇ ਵੀ ਅਪਰਾਧ ਦੀਆਂ ਸ਼ਿਕਾਰ ਹੋਈਆਂ ਔਰਤਾਂ ਨੂੰ ਪੁਲਿਸ, ਮੈਡੀਕਲ ਅਤੇ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

ਇਸ ਸਕੀਮ ਦਾ ਮੁੱਖ ਉਦੇਸ਼ ਇਸ ਵਰਗ ਦੀ ਹਰ ਪੱਖੋਂ ਸੁਰੱਖਿਆ ਕਰਨਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਵਿਚ 29 ਨਵੰਬਰ 2018 ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਹਦੂਦ ਖੇਤਰ ਅੰਦਰ ਨੇੜੇ ਗੇਟ ਨੰਬਰ 2 ਸਖੀ ਵਨ ਸਟਾਪ ਸੈਂਟਰ ਸਕੀਮ ਨੂੰ ਸ਼ੁਰੂ ਕੀਤਾ ਗਿਆ ਸੀ। ਇਸ ਸੈਂਟਰ ਵਿਚ ਕੰਮ ਕਰਦੀਆਂ ਕਰਮਚਾਰਨਾਂ ਦੁਆਰਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਸਖੀ ਵਨ ਸਟਾਪ ਸੈਂਟਰ ਦੇ ਉਦੇਸ਼ ਅਤੇ ਇਸ ਸੈਂਟਰ ਵਿਚ ਮੁਹੱਈਆ ਕੀਤੀਆਂ ਜਾਂਦੀਆਂ ਸਹੂਲਤਾਂ ਬਾਰੇ ਆਮ ਲੋਕਾਂ ਨੂੰ ਜਾਗਰੂਕ ਵੀ ਕੀਤਾ ਜਾਂਦਾ ਹੈ। ਇਹ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਸਖੀ ਵਨ ਸਟਾਪ ਸੈਂਟਰ ਵਿਚੋਂ ਹੁਣ ਤੱਕ ਜ਼ਿਲ੍ਹਾ ਹੁਸ਼ਿਆਰਪੁਰ ਵਿਚ 758 ਲੋੜਵੰਦ ਔਰਤਾਂ ਅਤੇ ਲੜਕੀਆਂ ਮੁਫਤ ਕਾਨੂੰਨੀ, ਮੈਡੀਕਲ, ਪੁਲਿਸ, ਸਮਾਜਿਕ ਅਤੇ ਮਾਨਸਿਕ ਸਹਾਇਤਾ ਪ੍ਰਾਪਤ ਕਰ ਚੁੱਕੀਆਂ ਹਨ ਅਤੇ ਇਸ ਸੈਂਟਰ ਵਿਖੇ ਸਹਾਇਤਾ ਪ੍ਰਾਪਤ ਕਰਨ ਆਉਂਦੀਆਂ ਔਰਤਾਂ ਅਤੇ ਲੜਕੀਆ ਦੀ ਕਾਊਂਸਲੰਗ ਕਰਕੇ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਵੀ ਉਪਰਾਲੇ ਕੀਤੇ ਜਾਂਦੇ ਹਨ। ਇਸ ਵਿਚ ਹੁਣ ਤੱਕ 394 ਘਰੇਲੂ ਹਿੰਸਾ ਦੇ ਮਾਮਲੇ ਪ੍ਰਾਪਤ ਕੀਤੇ ਗਏ ਹਨ। ਕੁੱਲ 758 ਕੇਸਾਂ ਵਿਚੋਂ ਲਗਭਗ 458 ਕੇਸ ਆਪਸੀ ਸਹਿਮਤੀ ਨਾਲ ਸਮਝੌਤੇ ਕਰਵਾ ਕੇ ਸੈਟਲ ਕੀਤੇ ਗਏ। ਹੁਣ ਤੱਕ ਪ੍ਰਾਪਤ ਸਾਰੇ ਕੇਸਾਂ ਵਿਚ 289 ਪੁਲਿਸ, 303 ਮੈਡੀਕਲ, 717 ਲੀਗਲ, ਮਨੋਵਿਗਿਆਨਿਕ ਕਾਊਂਸਲੰਗ 754 ਅਤੇ 230 ਸ਼ੈਲਟਰ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ ਲੋੜਵੰਦ ਲੜਕੀਆਂ ਜਾਂ ਔਰਤਾਂ ਆਪਣੀ ਸਮੱਸਿਆ ਦੱਸਣ ਲਈ ਗੱਲਬਾਤ ਕਰਨ ਲਈ ਦਫ਼ਤਰੀ ਸੰਪਰਕ ਨੰਬਰ 97813-67169 ਜਾਂ ਈਮੇਲ ਰਾਹੀਂ ਸੰਪਰਕ ਕਰ ਸਕਦੀਆਂ ਹਨ ਅਤੇ ਹਿੰਸਾ ਤੋਂ ਪੀੜਤ ਔਰਤਾਂ ਜਾਂ ਲੜਕੀਆਂ ਫੌਰੀ ਸਹਾਇਤਾ ਲੈਣ ਲਈ 181 ਜਾਂ 112 'ਤੇ ਸੰਪਰਕ ਕਰ ਸਕਦੀਆਂ ਹਨ।

# 20 ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਪਿੰਡ ਨਡਾਲੋਂ ਦੇ ਗੁਰਦਵਾਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਵਿਖੇ ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਜੀ ਦੀ ਸਰਪ੍ਰਸਤੀ ਹੇਠ, ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਜੀ ਦੀ ਅਗਵਾਈ 'ਚ ਅਤੇ ਗਿਆਨੀ ਪ੍ਰੇਮ ਸਿੰਘ-ਗਿਆਨੀ ਪਿੱਪਲ ਸਿੰਘ-ਗਿਆਨੀ ਰਣਜੀਤ ਸਿੰਘ ਗੁਰਮਤਿ ਪ੍ਰਚਾਰ ਸੇਵਾ ਟਰੱਸਟ ਗੁਰਦਵਾਰਾ ਸੰਤਸਰ ਤਲਵੰਡੀ ਦਸੌਂਦਾ ਸਿੰਘ (ਅੰਮ੍ਰਿਤਸਰ) ਵਾਲਿਆਂ ਦੇ ਵਿਸ਼ੇਸ਼ ਸਹਿਯੋਗ ਨਾਲ 8 ਰੋਜ਼ਾ ਗੁਰਮਤਿ ਕਥਾ-ਕੀਰਤਨ ਸਮਾਗਮ ਕਰਵਾਇਆ ਗਿਆ, ਜਿਸ 'ਚ ਸਵੇਰੇ ਤੇ ਸ਼ਾਮ ਭਾਈ ਸੁਖਦੇਵ ਸਿੰਘ ਨਡਾਲੋਂ, ਭਾਈ ਗੁਰਪ੍ਰੀਤ ਸਿੰਘ ਤੇ ਗਿਆਨੀ ਪਿੱਪਲ ਸਿੰਘ ਦੇ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਕਥਾ-ਕੀਰਤਨ ਰਾਹੀਂ ਨਿਹਾਲ ਕੀਤਾ। ਆਖਰੀ ਦਿਨ ਅੰਮ੍ਰਿਤ ਸੰਚਾਰ ਸਮਾਗਮ ਦੌਰਾਨ 20 ਅੰਮ੍ਰਿਤ ਅਭਿਲਾਖੀਆਂ ਨੇ ਪੰਜ ਪਿਆਰੇ ਸਾਹਿਬਾਨ ਵੱਲੋਂ ਤਿਆਰ ਕੀਤਾ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ। ਇਸ ਮੌਕੇ ਬਾਬਾ ਜਰਨੈਲ ਸਿੰਘ ਨਡਾਲੋਂ ਤੇ ਮੁੱਖ ਗ੍ਰੰਥੀ ਗਿਆਨੀ ਅਵਤਾਰ ਸਿੰਘ ਨੇ ਗੁਰੂ ਵਾਲੇ ਬਣੇ ਸਿੰਘ - ਸਿੰਘਣੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਅੰਮ੍ਰਿਤ ਦੀ ਦਾਤ ਵੱਡੇ ਭਾਗਾਂ ਨਾਲ, ਜਿਸ ਪ੍ਰਾਣੀ 'ਤੇ ਗੁਰੂ ਸਾਹਿਬ ਕਿਰਪਾ ਕਰਨ ਉਸ ਨੂੰ ਹੀ ਪ੍ਰਾਪਤ ਹੁੰਦੀ ਹੈ। ਉਹਨਾਂ ਸਾਰੇ ਪ੍ਰਾਣੀਆਂ ਨੂੰ ਬਾਣੀ ਬਾਣੇ 'ਚ ਪ੍ਰਪੱਕ ਰਹਿਣ ਦੀ ਅਪੀਲ ਵੀ ਕੀਤੀ। ਇਸ ਮੌਕੇ ਅਮਰਜੀਤ ਸਿੰਘ ਰਾਜਾ ਜਾਂਗਣੀਵਾਲ, ਕਮਲਜੀਤ ਸਿੰਘ ਰਾਣਾ ਅਜਨੋਹਾ, ਧਰਮਿੰਦਰ ਸਿੰਘ ਸੋਨੂੰ, ਲਖਵਿੰਦਰ ਸਿੰਘ ਵਿੰਦਾ, ਹਰਦੀਪ ਸਿੰਘ ਨਡਾਲੋਂ, ਕਿਸ਼ਨ ਸਿੰਘ ਲਾਂਗਰੀ, ਵਿੰਦਰ ਸਿੰਘ, ਮਨਪ੍ਰੀਤ ਸਿੰਘ ਮੰਨਾ ਧਰਦਿਉ, ਤਰਲੋਚਨ ਸਿੰਘ ਖਾਲਸਾ ਨਡਾਲੋਂ, ਹਰਵਿੰਦਰ ਸਿੰਘ ਅਜਨੋਹਾ, ਬਲਜਿੰਦਰ ਸਿੰਘ ਪੰਜੋੜ ਆਦਿ ਹਾਜਰ ਸਨ।



# ਹੁਸ਼ਿਆਰਪੁਰ-ਦਿੱਲੀ ਐੱਕਸਪ੍ਰੈੱਸ ਰੇਲ ਗੱਡੀ ਦਾ ਆਗਰਾ ਕੈਂਟ ਤੱਕ ਵਿਸਥਾਰ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੇਂਦਰੀ ਵਣਜ ਅਤੇ ਉਦਯੋਗ ਰਾਜ ਮੰਤਰੀ ਸੋਮ ਪ੍ਰਕਾਸ਼ ਨੇ 10.25 ਵਜੇ ਰੇਲ ਗੱਡੀ ਨੰਬਰ 14012 ਹੁਸ਼ਿਆਰਪੁਰ-ਦਿੱਲੀ ਐਕਸਪ੍ਰੈਸ ਦੇ ਆਗਰਾ ਕੈਂਟ ਤੱਕ ਯਾਤਰਾ ਵਿਸਥਾਰ ਨੂੰ ਹੁਸ਼ਿਆਰਪੁਰ ਰੇਲਵੇ ਸਟੇਸ਼ਨ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਦੌਰਾਨ ਉਨ੍ਹਾਂ ਨਾਲ ਸਾਬਕਾ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ, ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ, ਕਮਲ ਚੌਧਰੀ, ਸਾਬਕਾ ਕੈਬਨਿਟ ਮੰਤਰੀ ਤੀਕਸ਼ਨ ਸੂਦ, ਡੀ.ਆਰ.ਐਮ ਫਿਰੋਜਪੁਰ ਮੰਡਲ ਸੰਜੇ ਸਾਹੂ, ਏ.ਡੀ.ਆਰ.ਐਮ ਯਸ਼ਵੀਰ ਸਿੰਘ ਗੁਲੇਰੀਆ, ਸੀਨੀਅਰ ਡੀ.ਸੀ.ਐਮ ਸ਼ੁਭਮ ਕੁਮਾਰ ਅਤੇ ਡਵੀਜ਼ਨ ਇੰਜੀਨੀਅਰ ਸਲਵਾਨ ਵੀ ਮੌਜੂਦ ਸਨ।

ਕੇਂਦਰੀ ਰਾਜ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਵਾਸੀਆਂ ਦੀ ਲੰਬੇ ਸਮੇਂ ਤੋਂ ਚਲੀ ਆ ਰਹੀ ਮੰਗ ਨੂੰ ਦੇਖਦਿਆਂ ਰੇਲਵੇ ਨੇ ਰੇਲ ਗੱਡੀ ਨੰਬਰ 14012/14011 ਹੁਸ਼ਿਆਰਪੁਰ-ਦਿੱਲੀ ਐਕਸਪ੍ਰੈਸ ਨੂੰ ਯਾਤਰਾ ਵਿਸਥਾਰ ਦੇਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਗੱਡੀ ਹੁਸ਼ਿਆਰਪੁਰ ਤੋਂ ਯਾਤਰਾ ਸ਼ੁਰੂ ਕਰਕੇ ਆਗਰਾ ਕੈਂਟ ਤੱਕ ਜਾਵੇਗੀ।

ਹੁਸ਼ਿਆਰਪੁਰ ਤੋਂ ਰਾਤ 10:25 ਵਜੇ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਸਵੇਰੇ 10:50 ਵਜੇ ਆਗਰਾ ਕੈਂਟ ਪਹੁੰਚੇਗੀ। ਵਾਪਸੀ ਦਿਸ਼ਾ ਵਿਚ ਇਹ ਗੱਡੀ ਨੰਬਰ 14011 ਸ਼ਾਮ 7:10 ਵਜੇ ਆਗਰਾ ਕੈਂਟ ਤੋਂ ਯਾਤਰਾ ਸ਼ੁਰੂ ਕਰੇਗੀ ਅਤੇ ਅਗਲੇ ਦਿਨ ਸਵੇਰੇ 9:20 ਹੁਸ਼ਿਆਰਪੁਰ ਪਹੁੰਚੇਗੀ। ਇਹ ਰੇਲ ਗੱਡੀ ਰਸਤੇ ਵਿਚ ਖੁਰਦਪੁਰ, ਜਲੰਧਰ ਕੈਂਟ, ਜਲੰਧਰ ਸਿਟੀ, ਫਗਵਾੜਾ, ਲੁਧਿਆਣਾ, ਸਾਹਨੇਵਾਲ, ਚੰਡੀਗੜ੍ਹ, ਅੰਬਾਲਾ ਕੈਂਟ, ਕਰਨਾਲ, ਪਾਣੀਪਤ, ਦਿੱਲੀ, ਨਵੀਂ ਦਿੱਲੀ, ਪਲਵਲ, ਕੋਸ਼ੀ ਕਲਾਂ, ਮਥੁਰਾ ਸਟੇਸ਼ਨਾਂ 'ਤੇ ਦੋਵੇਂ ਦਿਸ਼ਾ ਵਿਚ ਰੁਕੇਗੀ।

ਇਸ ਰੇਲ ਦੇ ਮਥੁਰਾ ਵਿਚ ਰੁਕਣ ਦੇ ਚੱਲਦਿਆਂ ਵਰਿੰਦਾਵਨ ਜਾਣ ਵਾਲੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਸ਼ਰਧਾਲੂਆ ਵਿਚ ਬਹੁਤ ਉਤਸ਼ਾਹ ਹੈ ਅਤੇ ਇਸ ਮੰਗ ਨੂੰ ਲੈ ਕੇ ਹੁਸ਼ਿਆਰਪੁਰ ਦੇ ਸਾਰੇ ਆਗੂਆਂ ਨੇ ਪਿਛਲੇ ਕਈ ਸਾਲਾਂ ਤੋਂ ਕਾਫ਼ੀ ਮਿਹਨਤ ਕੀਤੀ ਹੈ, ਜਿਸ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ। ਇਸ ਮੌਕੇ ਸੰਤ-ਮਹਾਪੁਰਸ਼ਾਂ ਤੋਂ ਇਲਾਵਾ ਨਿਪੁੰਨ ਸ਼ਰਮਾ, ਮੀਨੂ ਸੇਠੀ, ਸ਼ਿਵ ਸੂਦ, ਡਾ. ਰਮਨ ਘਈ, ਸੁਰੇਸ਼ ਭਾਟੀਆ, ਵਿਜੇ ਪਠਾਨੀਆ, ਵਿਜੇ ਅਗਰਵਾਲ, ਉਮੇਸ਼ ਜੈਨ, ਆਨੰਦ ਅਗਰਵਾਲ, ਭਾਰਤ ਭੂਸ਼ਨ ਵਰਮਾ, ਜਿਤੇਂਦਰ ਸਿੰਘ ਸੈਣੀ, ਵਿਨੋਦ ਪਰਮਾਰ, ਮੋਹਨ ਲਾਲ ਪਹਿਲਵਾਨ, ਅਸ਼ਵਨੀ ਗੈਂਦ, ਕਮਲਜੀਤ ਸੇਤੀਆ, ਯਸ਼ਪਾਲ ਸ਼ਰਮਾ, ਅਸ਼ੋਕ ਕੁਮਾਰ, ਸ਼ੋਕੀ, ਸੰਜੂ ਅਰੋੜਾ, ਸੁਖਬੀਰ ਸਿੰਘ, ਮਹਿੰਦਰਪਾਲ ਸੈਣੀ, ਕਮਲ ਵਰਮਾ, ਰਾਕੇਸ਼ ਸੂਦ, ਸੁਸ਼ਮਾ ਸੇਤੀਆ, ਕੁਲਵੰਤ ਕੌਰ, ਅਰਚਨਾ ਜੈਨ, ਦਿਲਬਾਗ ਰਾਏ, ਪੰਡਤ ਓਂਕਾਰ ਨਾਥ, ਰਿੱਕੀ ਕਟਾਰੀਆ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਪਿੰਡਾਂ ਦੀ ਤਰੱਕੀ ਨੂੰ ਲੈ ਕੇ ਪੰਜਾਬ ਸਰਕਾਰ ਚੁੱਕ ਰਹੀ ਹੈ ਜ਼ਰੂਰੀ ਕਦਮ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪਿੰਡਾਂ ਦੀ ਤਰੱਕੀ ਨੂੰ ਲੈ ਕੇ ਪੰਜਾਬ ਸਰਕਾਰ ਹਰ ਜ਼ਰੂਰੀ ਕਦਮ ਚੁੱਕ ਰਹੀ ਹੈ ਅਤੇ ਇਥੇ ਬੁਨਿਆਦੀ ਸਹੂਲਤਾਂ ਤੋਂ ਲੈ ਕੇ ਹੋਰ ਜ਼ਰੂਰੀ ਸੁਵਿਧਾਵਾਂ ਪਹੁੰਚਾ ਰਹੀ ਹੈ। ਉਹ ਪਿੰਡ ਸ਼ੇਰਪੁਰ ਬਾਹਤੀਆਂ ਵਿਚ 20.23 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਪਾਰਕ ਦਾ ਨੀਂਹ ਪੱਥਰ ਰੱਖਣ ਦੌਰਾਨ ਪਿੰਡ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਸੁਪਨਾ ਹੈ ਕਿ ਹਰ ਪਿੰਡ ਵਿਚ ਇਕ ਇਸ ਤਰ੍ਹਾਂ ਦੀ ਥਾਂ ਹੋਵੇ ਜਿਥੇ ਵੱਡੇ ਸੈਰ ਕਰਨ ਅਤੇ ਬੱਚੇ ਖੇਡਣ-ਕੁੱਦਣ। ਉਨ੍ਹਾਂ ਕਿਹਾ ਕਿ ਇਸੇ ਤਹਿਤ ਪਿੰਡਾਂ ਵਿਚ ਅਤਿ-ਆਧੁਨਿਕ ਪਾਰਕ ਬਣਾਏ ਜਾ ਰਹੇ ਹਨ, ਜੋ ਕਿ ਵਿਸ਼ੇਸ਼ ਤੌਰ 'ਤੇ ਡਿਜਾਇਨ ਕੀਤੇ ਗਏ ਹਨ। ਇਨ੍ਹਾਂ ਥਾਵਾਂ 'ਤੇ ਚੰਗੀ ਸੈਰਗਾਹ ਦੇ ਨਾਲ-ਨਾਲ ਬੱਚਿਆਂ ਦੇ ਖੇਡਣ ਲਈ ਵੀ ਢੁੱਕਵੀਆਂ ਥਾਵਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਾਰਕ ਤਿਆਰ ਹੋਣ ਤੋਂ ਬਾਅਦ ਇਸ ਦੀ ਸੰਭਾਲ ਵੀ ਪਿੰਡ ਦੀ ਪੰਚਾਇਤ ਵਲੋਂ ਕੀਤੀ ਜਾਵੇਗੀ।

ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਦੇ ਨਾਲ ਜੋੜਨ ਲਈ ਵੀ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਆਉਣ ਸਮੇਂ ਵਿਚ ਨੌਜਵਾਨਾਂ ਨੂੰ ਵੀ ਪਿੰਡ ਵਿਚ ਹੀ ਬਿਹਤਰੀਨ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਮੌਕੇ ਚੇਅਰਮੈਨ ਦਿ ਹੁਸ਼ਿਆਰਪੁਰ ਸੈਂਟਰਲ ਕੋਆਪਰੇਟਿਵ ਬੈਂਕ ਵਿਕਰਮ ਸ਼ਰਮਾ, ਬੀ.ਡੀ.ਪੀ.ਓ ਸੁਖਜਿੰਦਰ ਸਿੰਘ, ਐਸ.ਡੀ.ਓ ਪੰਚਾਇਤੀ ਰਾਜ ਅਮਰਜੀਤ ਸਿੰਘ, ਜੇ.ਈ ਗੁਰਦੀਪ ਸਿੰਘ, ਵਰਿੰਦਰ ਸ਼ਰਮਾ ਬਿੰਦੂ, ਪ੍ਰਿਤਪਾਲ, ਰਾਜਨ ਸੈਣੀ, ਅਵਤਾਰ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਪਲਸ ਮੰਚ ਵੱਲੋਂ ਇਨਕਲਾਬੀ ਰੰਗ-ਮੰਚ ਦਿਹਾੜਾ 27 ਨੂੰ



**ਜਲੰਧਰ (ਕੇਸਰ)**-ਪੰਜਾਬ ਲੋਕ ਸੱਭਿਆਚਾਰਕ ਮੰਚ ( ਪਲਸ ਮੰਚ ) ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪਲਸ ਮੰਚ ਦੀ ਸੂਬਾ ਕਮੇਟੀ ਦੀ ਮੀਟਿੰਗ 'ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਨਾਟਕਕਾਰ ਅਤੇ ਪਲਸ ਮੰਚ ਦੇ ਬਾਨੀ ਪ੍ਰਧਾਨ ਗੁਰਸ਼ਰਨ ਸਿੰਘ ਦੇ ਸਦੀਵੀ ਵਿਛੋੜੇ ਵਾਲੇ ਦਿਨ ਤੇ ਹਰ ਸਾਲ ਪਲਸ ਮੰਚ ਵੱਲੋਂ ਮਨਾਇਆ ਜਾਂਦਾ ਇਨਕਲਾਬੀ ਰੰਗ ਮੰਚ ਦਿਹਾੜਾ ਇਸ ਵਾਰ ਮਹਾਂਸ਼ਕਤੀ ਕਲਾ ਮੰਦਰ ਬਰਨਾਲਾ ਵਿਖੇ 27 ਸਤੰਬਰ ਸ਼ਾਮ 7 ਵਜੇ ਤੋਂ ਰਾਤ 11ਵਜੇ ਤੱਕ ਮਨਾਇਆ ਜਾਏਗਾ। ਇਸ ਸਮਾਗਮ 'ਚ ਰੰਗ ਕਰਮੀ, ਸਾਹਿਤਕਾਰ, ਲੇਖਕ, ਬੁੱਧੀਜੀਵੀ, ਕਲਾਕਾਰ, ਚਿਤ੍ਰਕਲਾ, ਫੋਟੋ ਕਲਾ ਅਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਲਈ ਜੂਝਦੀਆਂ ਸੰਸਥਾਵਾਂ ਦੇ ਆਗੂ ਅਤੇ ਕਾਰਕੁੰਨ ਸ਼ਮ੍ਹਾਂ ਰੌਸ਼ਨ ਕਰਕੇ, ਗੁਰਸ਼ਰਨ ਭਾਅ ਜੀ ਵੱਲੋਂ 'ਕਲਾ ਲੋਕਾਂ ਲਈ' ਦੇ ਸੰਕਲਪ ਨੂੰ ਉੱਚਿਆਉਂਦੇ ਹੋਏ, ਗਲਵੱਕੜੀ ਪਾ ਕੇ ਤੁਰਨ ਦਾ ਅਹਿਦ ਬੁਲੰਦ ਕਰਨਗੇ। ਇਸ ਸਮਾਗਮ 'ਚ ਪਲਸ ਮੰਚ ਦੇ ਸਾਬਕਾ ਜਨਰਲ ਸਕੱਤਰ ਮਾਸਟਰ ਤਰਲੋਚਨ ਸਮਰਾਲਾ, ਇਨਕਲਾਬੀ ਗਾਇਕ 'ਗਦਰ', ਕਵੀ ਹਰਭਜਨ ਹੁੰਦਲ, ਨਾਵਲਕਾਰ ਬਾਰੂ ਸਤਬਰਗ ਅਤੇ ਲੇਖਕ ਦੇਸ ਰਾਜ ਕਾਲੀ ਦੀ ਸਾਹਿਤ ਅਤੇ ਕਲਾ ਖੇਤਰ 'ਚ ਵਿਸ਼ੇਸ਼ ਦੇਣ ਨੂੰ ਯਾਦ ਕੀਤਾ ਜਾਏਗਾ। ਨਾਟਕਾਂ ਅਤੇ ਗੀਤਾਂ ਭਰੀ ਸ਼ਾਮ ਦਾ ਆਗਾਜ ਲੋਕ ਸੰਗੀਤ ਮੰਡਲੀ ਭਦੌੜ, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਨਾਲ ਹੋਏਗਾ। ਨਾਟਕਾਂ ਦੇ ਦਰਮਿਆਨ ਅਜਮੇਰ ਅਕਲੀਆ, ਅੰਮ੍ਰਿਤਪਾਲ ਬਠਿੰਡਾ ਗੀਤਾਂ ਦਾ ਰੰਗ ਭਰਨਗੇ। ਇਸ ਸਮਾਗਮ 'ਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ( ਨਿਰਦੇਸ਼ਕ ਹਰਕੇਸ਼ ਚੌਧਰੀ ), ' ਮਾਤਾ ਧਰਤਿ ਮਹਤੁ' ਅਤੇ ਚੇਤਨਾ ਕਲਾ ਕੇਂਦਰ ਬਰਨਾਲਾ ( ਨਿਰਦੇਸ਼ਕ ਹਰਵਿੰਦਰ ਦੀਵਾਨਾ ) ਦੀ ਟੀਮ ਟੋਨੀ ਬਾਤਿਸ਼ ਦਾ ਨਾਟਕ, 'ਕੁਦਰਤ ਦੇ ਸਭ ਬੰਦੇ' ਪੇਸ਼ ਕਰੇਗੀ। ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ ਜਨਤਕ ਜਮਹੂਰੀ ਸੰਸਥਾਵਾਂ ਦਾ ਹਰ ਤਰ੍ਹਾਂ ਸਹਿਯੋਗ ਲੈਣ ਲਈ ਅਗਲੇ ਦਿਨਾਂ ਵਿੱਚ ਤਰਕਸ਼ੀਲ ਭਵਨ ਬਰਨਾਲਾ ਵਿਖੇ ਪਲਸ ਮੰਚ ਵੱਲੋਂ ਮੀਟਿੰਗ ਬੁਲਾਈ ਜਾਏਗੀ।

## ਜ਼ਿਲ੍ਹਾ ਕਾਂਗਰਸ ਕਮੇਟੀ ਦੇ ਨਵੇਂ ਅਹੁਦੇਦਾਰਾਂ ਦਾ ਮਨਜੀਤ ਮਾਨ ਵੱਲੋਂ ਸਨਮਾਨ



**ਮੋਗਾ (ਅਮਰਜੀਤ ਬੱਬਰੀ)**-ਬੀਤੇ ਦਿਨ ਮੋਗਾ ਵਿਖੇ ਮਨਜੀਤ ਸਿੰਘ ਮਾਨ ਮੈਂਬਰ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਗ੍ਰਹਿ ਵਿਖੇ ਇਕ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਹੋਇਆ, ਜਿਸ ਦੇ ਨਵੇਂ ਨਿਯੁਕਤ ਅਹੁਦੇਦਾਰਾਂ ਦਾ ਸਨਮਾਨ ਕਰਕੇ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਬੋਲਦਿਆਂ ਮਨਜੀਤ ਸਿੰਘ ਮਾਨ ਨੇ ਕਿਹਾ ਕਿ ਸਾਰੇ ਨਵੇਂ ਅਹੁਦੇਦਾਰ ਕਾਂਗਰਸ ਪਾਰਟੀ ਲਈ ਕਈ ਸਾਲਾਂ ਤੋਂ ਕੰਮ ਕਰ ਰਹੇ ਹਨ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾ ਰਹੇ ਹਨ। ਉਨ੍ਹਾ ਕਿਹਾ ਕਿ ਇਹ ਅਹੁਦੇਦਾਰ ਹੁਣ ਪਾਰਟੀ ਲਈ ਪਹਿਲਾਂ ਨਾਲੋਂ ਵੀ ਜ਼ਿਆਦਾ ਮਿਹਨਤ ਕਰਨਗੇ। ਇਸ ਮੌਕੇ ਨਵੇਂ ਨਿਯੁਕਤ ਨਿਰੰਜਨ ਸਿੰਘ ਮੋਠਾਂਵਾਲੀ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ, ਜਗਜਿੰਦਰ ਸਿੰਘ ਗਿੱਲ ਮੀਤ ਪ੍ਰਧਾਨ, ਸੁਖਦੇਵ ਸਿੰਘ ਸਲੀਣਾ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਕਮੇਟੀ, ਜਗਤਾਰ ਸਿੰਘ ਸਲੀਣਾ ਸਕੱਤਰ ਜ਼ਿਲ੍ਹਾ ਕਾਂਗਰਸ ਕਮੇਟੀ, ਜਸਵਿੰਦਰ ਸਿੰਘ ਸ਼ੀਰਾ ਮਹੇਸਰੀ ਸਕੱਤਰ ਜ਼ਿਲ੍ਹਾ ਕਾਂਗਰਸ ਕਮੇਟੀ, ਮਹੇਸ਼ ਸਾਫੂਵਾਲਾ ਸਕੱਤਰ ਜ਼ਿਲ੍ਹਾ ਕਮੇਟੀ ਨੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜਾ ਵੜਿੰਗ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਤੇ ਮਨਜੀਤ ਸਿੰਘ ਮਾਨ ਮੈਂਬਰ ਪੰਜਾਬ ਕਾਂਗਰਸ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਾਈ ਕਮਾਂਡ ਵੱਲੋਂ ਜੋ ਵੀ ਡਿਊਟੀ ਲਗਾਈ ਜਾਵੇਗੀ, ਉਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਪਾਲ ਤਾਰੇ ਵਾਲਾ, ਗੁਰਪ੍ਰੀਤ ਸਲੀਣਾ, ਬਾਜ ਸਿੰਘ ਮਹੇਸਰੀ, ਕਾਬਲ ਮੋਠਾਂਵਾਲੀ ਤੇ ਰੂਪਾਂ ਮੋਠਾਂਵਾਲੀ ਆਦਿ ਹਾਜ਼ਰ ਸਨ।

## ਲੋਕ ਸੇਵਾ ਸੁਸਾਇਟੀ ਵੱਲੋਂ ਅੱਖਾਂ ਦਾ ਅਪ੍ਰੇਸ਼ਨ ਤੇ ਚੈੱਕਅੱਪ ਕੈਂਪ



**ਜਗਰਾਓਂ (ਅਮਿਤ ਖੰਨਾ)**-ਲੋਕ ਸੇਵਾ ਸੁਸਾਇਟੀ ਵੱਲੋਂ ਹਰਦੇਵ ਸਿੰਘ ਢਿੱਲੋਂ ਕੈਨੇਡਾ ਵਾਲਿਆਂ ਦੇ ਸਹਿਯੋਗ ਨਾਲ 41ਵਾਂ ਅੱਖਾਂ ਦਾ ਅਪ੍ਰੇਸ਼ਨ ਤੇ ਚੈੱਕਅੱਪ ਕੈਂਪ ਐੱਲ ਆਰ ਡੀ ਏ ਵੀ ਕਾਲਜ ਜਗਰਾਓਂ ਵਿਖੇ ਲਗਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸਰਪ੍ਰਸਤ ਰਾਜਿੰਦਰ ਜੈਨ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਹੇਠ ਲਗਾਏ 41ਵੇਂ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਡਾਕਟਰ ਅਲੰਕ੍ਰਿਤਾ ਤੇ ਅੰਮ੍ਰਿਤਪਾਲ ਸਿੰਘ ਦੀ ਟੀਮ ਨੇ 146 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰਦਿਆਂ ਜਿੱਥੇ ਲੋੜਵੰਦਾਂ ਨੂੰ ਦਵਾਈਆਂ ਦਿੱਤੀਆਂ, ਉੱਥੇ ਉਨ੍ਹਾਂ 36 ਮਰੀਜ਼ਾਂ ਦੀ ਚੋਣ ਕੀਤੀ, ਜਿਨ੍ਹਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਕੀਤੇ ਜਾਣਗੇ। ਕੈਂਪ ਦਾ ਉਦਘਾਟਨ ਡੀ ਏ ਪੀ ਰਿਫਾਇਨਰੀ ਜਗਰਾਉਂ ਦੇ ਐੱਮ ਡੀ ਰਵੀ ਗੋਇਲ ਦੇ ਪੋਤੇ ਹਿਮਾਸ਼ ਗੋਇਲ ਨੇ ਕੀਤਾ। ਇਸ ਮੌਕੇ ਕੈਂਪ ਦੇ ਮੁੱਖ ਮਹਿਮਾਨ ਸ਼ਿਵ ਕੁਮਾਰ ਗੋਇਲ ਐੱਮ ਡੀ ਏ ਪੀ ਰਿਫਾਇਨਰੀ ਜਗਰਾਉਂ ਤੇ ਉਨ੍ਹਾਂ ਦੇ ਭਤੀਜੇ ਭੁਵਨ ਗੋਇਲ ਨੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕਰਦਿਆਂ ਸੁਸਾਇਟੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ ਤੇ ਸਰਪ੍ਰਸਤ ਰਾਜਿੰਦਰ ਜੈਨ ਨੇ ਕਿਹਾ ਕਿ ਸੁਸਾਇਟੀ ਦਾ ਮਨੋਰਥ ਜ਼ਰੂਰਤਮੰਦਾਂ ਦੀ ਮਦਦ ਕਰਨਾ ਹੈ ਤੇ ਇਸ ਨੇਕ ਕਾਰਜ ਵਿੱਚ ਸੁਸਾਇਟੀ ਨੂੰ ਦਾਨੀ ਸੱਜਣਾਂ ਦੇ ਮਿਲ ਰਹੇ ਸਹਿਯੋਗ ਕਾਰਨ ਹੀ ਹਰੇਕ ਮਹੀਨੇ ਦੇ ਅਖੀਰਲੇ ਐਤਵਾਰ ਨੂੰ ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਲਗਾਇਆ ਜਾਂਦਾ ਹੈ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਮਨੋਹਰ ਸਿੰਘ ਟੱਕਰ, ਪ੍ਰੋਜੈਕਟ ਚੇਅਰਮੈਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਪੀ ਆਰ ਓ ਸੁਖਦੇਵ ਗਰਗ ਤੇ ਨੀਰਜ ਮਿੱਤਲ, ਰਜਿੰਦਰ ਜੈਨ ਕਾਕਾ, ਵਿਨੋਦ ਬਾਂਸਲ, ਮੁਕੇਸ਼ ਗੁਪਤਾ, ਅਨਿਲ ਮਲਹੋਤਰਾ, ਜਸਵੰਤ ਸਿੰਘ, ਆਰ ਕੇ ਗੋਇਲ, ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਪ੍ਰਵੀਨ ਮਿੱਤਲ, ਕਪਿਲ ਸ਼ਰਮਾ, ਕੰਚਨ ਗੁਪਤਾ ਆਦਿ ਹਾਜ਼ਰ ਸਨ।

## ਬਿਨਾਂ ਸ਼ਰਤ ਰਿਹਾਅ ਹੋਏ ਕਿਸਾਨ ਆਗੂਆਂ ਨੂੰ ਕੀਤਾ ਸਨਮਾਨਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-22 ਅਗਸਤ ਦੇ ਚੰਡੀਗੜ੍ਹ ਧਰਨੇ ਤੋਂ ਪਹਿਲਾਂ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਕਿਸਾਨ ਆਗੂਆਂ ਨੂੰ ਜਥੇਬੰਦੀਆਂ ਦੇ ਧਰਨੇ ਦੇ ਦਬਾਅ ਹੇਠ 24 ਅਗਸਤ 2023 ਸ਼ਾਮ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਗਿਆ ਸੀ। ਇਨ੍ਹਾਂ ਰਿਹਾਅ ਹੋਏ ਆਗੂਆਂ ਨੂੰ ਸਨਮਾਨਤ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਲੜੀ ਤਹਿਤ ਪਿੰਡ ਚੱਕ ਸੋਮੀਆਂ ਦੀ ਸੰਗਤ ਵੱਲੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਧਰਮ ਸਿੰਘ ਸਿੱਧੂ ਨੂੰ ਅੱਜ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਸਿਰੋਪਾ ਪਾ ਕੇ ਸਨਮਾਨਤ ਕੀਤਾ। ਪਿੰਡ ਵਾਸੀਆਂ ਨੇ ਵਿਸ਼ਵਾਸ ਦਿਵਾਇਆ ਕਿ ਸਮੁੱਚੇ ਨਗਰ ਵੱਲੋਂ ਹਮੇਸ਼ਾ ਜਥੇਬੰਦੀ ਦਾ ਡੱਟਵਾਂ ਸਾਥ ਦਿੱਤਾ ਜਾਵੇਗਾ ਤੇ ਕਿਸਾਨੀ ਮੰਗਾਂ ਲਈ ਸੰਘਰਸ਼ 'ਚ ਉਚੇਚਾ ਯੋਗਦਾਨ ਦਿੱਤਾ ਜਾਵੇਗਾ। ਧਰਮ ਸਿੰਘ ਸਿੱਧੂ ਨੇ ਜਿੱਥੇ ਸਮੁੱਚੇ ਨਗਰ ਦਾ ਧੰਨਵਾਦ ਕੀਤਾ, ਉੱਥੇ ਆਪਣੇ ਵੱਲੋਂ ਵਿਸ਼ਵਾਸ ਦੁਆਇਆ ਕਿ ਉਹ ਹਮੇਸ਼ਾ ਕਿਸਾਨਾਂ, ਮਜ਼ਦੂਰਾਂ ਦੇ ਹੱਕਾਂ ਖਾਤਰ ਲੜਦੇ ਰਹਿਣਗੇ। ਇਸ ਲਈ ਭਾਵੇਂ ਜਾਨ ਦੀ ਬਾਜ਼ੀ ਕਿਉਂ ਨਾ ਲਾਉਣੀ ਪਵੇ। ਇਸ ਮੌਕੇ ਜਗਜੀਤ ਸਿੰਘ, ਹਰਬੰਸ ਪਾਲ ਸਿੰਘ, ਸਵਰਨ ਸਿੰਘ, ਦਰਬਾਰਾ ਸਿੰਘ, ਹਰਬੰਸ ਸਿੰਘ ਬੱਬੂ, ਸੁਖਦੇਵ ਪੰਨੂੰ, ਹਰਭਜਨ ਸਿੰਘ, ਸੁਖਮੰਦਰ ਸਿੰਘ, ਜਗਜੀਤ ਸਿੰਘ, ਅੰਗਰੇਜ਼ ਸਿੰਘ ਵਿਰਕ, ਮੇਜਰ ਸਿੰਘ, ਮੰਗਲ ਸਿੰਘ, ਫੂੰਮਣ ਸਿੰਘ, ਦਰਸ਼ਨ ਸਿੰਘ, ਗੁਰਮੇਲ ਸਿੰਘ, ਗੁਰਪ੍ਰਤਾਪ ਸਿੰਘ, ਹਰਜੀਤ ਸਿੰਘ, ਗੋਰਾ ਨਿੱਝਰ, ਸੁਖਦੇਵ ਸਿੰਘ, ਅਵਤਾਰ ਸਿੰਘ, ਕ੍ਰਿਸ਼ਨ ਲਾਲ, ਨਿਸ਼ਾਨ ਸਿੰਘ, ਪ੍ਰੀਤਮ ਸਿੰਘ, ਭਗਵਾਨ ਸਿੰਘ, ਕੁਲਦੀਪ ਸਿੰਘ ਆਦਿ ਕਿਸਾਨ ਹਾਜ਼ਰ ਸਨ।

## ਖੱਤਰੀ ਵੈੱਲਫੇਅਰ ਸਭਾ ਵੱਲੋਂ ਹੜ੍ਹ ਪ੍ਰਭਾਵਤ ਲੋਕਾਂ ਲਈ ਮੁਫਤ ਮੈਡੀਕਲ ਕੈਂਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਹੜ੍ਹ ਪ੍ਰਭਾਵਿਤ ਲੋਕਾਂ ਦੀ ਸਾਰ ਲੈਂਦੀ ਆ ਰਹੀ ਖੱਤਰੀ ਵੈੱਲਫੇਅਰ ਸਭਾ ਵੱਲੋਂ ਜਿੱਥੇ ਅੱਜ ਫਿਰ ਇਕ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ, ਉਥੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦੇਣ ਦੇ ਨਾਲ ਨਾਲ ਜ਼ਰੂਰਤ ਵਾਲਾ ਸਾਮਾਨ ਵੀ ਮੁਹੱਈਆ ਕਰਵਾਇਆ ਗਿਆ। ਫਿਰੋਜ਼ਪੁਰ ਦੇ ਸਰਹੱਦੀ ਇਲਾਕੇ ਵਿਚ ਪੁੱਜੀ ਖੱਤਰੀ ਵੈੱਲਫੇਅਰ ਸਭਾ ਦੀ ਅਗਵਾਈ ਪ੍ਰਧਾਨ ਪਵਨ ਭੰਡਾਰੀ ਵੱਲੋਂ ਕੀਤੀ ਗਈ। ਖੱਤਰੀ ਵੈੱਲਫੇਅਰ ਸਭਾ ਵੱਲੋਂ ਚਾਂਦੀ ਵਾਲਾ ਤੇ ਟੇਂਡੀ ਵਾਲਾ ਆਦਿ ਪਿੰਡਾਂ ਨੂੰ ਜਾਂਦੇ ਰਸਤੇ 'ਤੇ ਪਿੰਡ ਭਾਨੇ ਵਾਲਾ ਦੇ ਮੋੜ 'ਤੇ ਮੈਡੀਕਲ ਕੈਂਪ ਲਗਾ ਕੇ ਮਾਹਰ ਡਾਕਟਰਾਂ ਦੁਆਰਾ ਲੋਕਾਂ ਦਾ ਚੈੱਕਅੱਪ ਕੀਤਾ ਗਿਆ। ਇਸ ਮੌਕੇ ਯੂਥ ਆਗੂ ਗੌਰਵ ਬਹਿਲ ਤੇ ਸਾਥੀਆਂ ਵੱਲੋਂ ਜਿੱਥੇ ਮਨੁੱਖਤਾ ਦੀ ਸੇਵਾ ਲਈ ਖ਼ੁੱਦ ਅੱਗੇ ਹੋ ਕੇ ਲੋਕਾਂ ਨੂੰ ਦਵਾਈਆਂ ਆਦਿ ਵੰਡੀਆਂ ਗਈਆਂ, ਉਥੇ ਖੱਤਰੀ ਭਾਈਚਾਰੇ ਦੇ ਆਗੂਆਂ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਖਾਣਯੋਗ ਵਸਤਾਂ ਵੰਡਦਿਆਂ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ।ਇਸ ਮੌਕੇ ਪਵਨ ਭੰਡਾਰੀ ਨੇ ਸਪੱਸ਼ਟ ਕੀਤਾ ਕਿ ਖੱਤਰੀ ਸਭਾ ਦਾ ਮੁੱਖ ਮਨੋਰਥ ਆਮ ਵਰਗ ਦਾ ਸਹਿਯੋਗ ਕਰਨਾ ਹੈ, ਜਿਸ ਦੇ ਮਨੋਰਥ ਨਾਲ ਅੱਜ ਤੀਸਰੀ ਵਾਰ ਖੱਤਰੀ ਵੈੱਲਫੇਅਰ ਸਭਾ ਵੱਲੋਂ ਇਸ ਇਲਾਕੇ ਵਿੱਚ ਪਹੁੰਚ ਕੇ ਮੈਡੀਕਲ ਕੈਂਪ ਲਗਾਇਆ ਗਿਆ ਹੈ ਤਾਂ ਜੋ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦਾ ਸਮਾਂ ਰਹਿੰਦੇ ਹੀ ਸਮਾਧਾਨ ਕੀਤਾ ਜਾ ਸਕੇ।

## ਬਾਬਾ ਸਾਹਿਬ ਚੇਤਨਾ ਮਿਸ਼ਨ ਦੀ ਪ੍ਰੀਖਿਆ ਦਾ ਨਤੀਜਾ 5 ਨੂੰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਘਰ-ਘਰ ਪੁਚਾਉਣ ਦੇ ਮਕਸਦ ਨਾਲ ਪ੍ਰਬੁੱਧ ਭਾਰਤ ਫਾਊਂਡੇਸ਼ਨ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਸਾਹਿਬ ਚੇਤਨਾ ਮਿਸ਼ਨ ਵੱਲੋਂ 14ਵੀਂ ਲਿਖਤੀ ਪ੍ਰੀਖਿਆ ਡਾਕਟਰ ਬੀ ਆਰ ਅੰਬੇਡਕਰ ਮਾਰਗ ਸਥਿਤ ਸ੍ਰੀ ਗੁਰੂ ਰਵਿਦਾਸ ਮੰਦਰ ਵਿਖੇ ਮਿਸ਼ਨ ਦੇ ਪ੍ਰਧਾਨ ਸ੍ਰੀ ਨਰਿੰਦਰਪਾਲ ਖਿੱਚੀ ਦੀ ਅਗਵਾਈ ਵਿੱਚ ਕਰਾਈ ਗਈ, ਜਿਸ ਵਿੱਚ ਲਗਭਗ 85 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਚੇਤਨਾ ਮਿਸ਼ਨ ਦੀ ਸਮੁੱਚੀ ਟੀਮ ਨੇ ਬੜੇ ਹੀ ਸੁਚੱਜੇ ਢੰਗ ਨਾਲ ਵਿਦਿਆਰਥੀਆਂ ਦੇ ਬੈਠਣ ਤੇ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ ਤੇ ਪ੍ਰੀਖਿਆ ਵਿੱਚ ਵਿਸ਼ੇਸ਼ ਸਹਿਯੋਗ ਕਰਨ ਵਾਲੇ ਮਾਸਟਰ ਭੁਪਿੰਦਰ ਕੁਮਾਰ, ਮਾਸਟਰ ਅਸ਼ੋਕ ਪੂਨੀਆਂ ਤੇ ਮਾਸਟਰ ਸੁਰਿੰਦਰ ਕੁਮਾਰ ਖੰਨਾ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਸੰਸਥਾ ਦੇ ਜ: ਸਕੱਤਰ ਸ੍ਰੀ ਆਰ ਕੇ ਮੌਰੀਆ ਨੇ ਕਿਹਾ ਕਿ ਇਸ ਪ੍ਰੀਖਿਆ ਦਾ ਰਿਜਲਟ 5 ਨਵੰਬਰ ਨੂੰ ਐਲਾਨਿਆ ਜਾਵੇਗਾ ਤੇ ਇਸ ਸੈਂਟਰ ਦੇ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਪਹਿਲੇ ਦਸ ਵਿਦਿਆਰਥੀਆਂ ਨੂੰ ਚੇਤਨਾ ਮਿਸ਼ਨ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਲਛਮਣ ਦਾਸ ਖਿੱਚੀ, ਮਾਸਟਰ ਮਹਿੰਦਰ ਵਰਮਾ, ਮਾਸਟਰ ਸੁਰਿੰਦਰ ਕੁਮਾਰ, ਸ੍ਰੀ ਜੈ ਰਾਮ ਤੋਂ ਇਲਾਵਾ ਸ੍ਰੀ ਛਿੰਦਰਪਾਲ ਆਦਿ ਹਾਜ਼ਰ ਸਨ।

# ਪਾਵਰਕਾਮ ਅੱਡਾ ਦਾਖਾ ਵਿਖੇ ਮਹਿਲਾ ਮੁਲਾਜ਼ਮ ਨਾਲ ਬਦਸਲੂਕੀ ਖਿਲਾਫ ਰੋਸ ਪ੍ਰਦਰਸ਼ਨ

**■ ਪੁਲਸ ਇਨਸਾਫ ਦੇਵੇ, ਦੇਰੀ ਨਾ ਕਰੇ : ਮਾਨ, ਘੁਮਾਣ**



**ਮੁੱਲਾਂਪੁਰ ਦਾਖਾ/ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)**-ਪਾਵਰਕੌਮ ਅੱਡਾ ਦਾਖਾ ਵਿਖੇ ਮਹਿਲਾ ਮੁਲਾਜ਼ਮ ਨਾਲ ਬਦਸਲੂਕੀ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਬਲਬੀਰ ਸਿੰਘ ਮਾਨ ਨੇ ਬੋਲਦਿਆਂ ਕਿਹਾ ਕਿ ਅਜਿਹੀ ਮੰਦਭਾਗੀ ਘਟਨਾ ਭਵਿੱਖ 'ਚ ਨਾ ਵਾਪਰੇ, ਪ੍ਰੰਤੂ ਪੁਲਸ ਵੱਲੋਂ ਸਰਕਾਰੀ ਕੰਮ ਵਿੱਚ ਦਖਲ ਅੰਦਾਜ਼ੀ ਕਰਨ ਵਿਰੁੱਧ ਕਾਨੂੰਨੀ ਤੌਰ 'ਤੇ ਕਾਰਵਾਈ ਕਰਨ ਦੀ ਬਜਾਏ ਮਾਮਲੇ ਨੂੰ ਜਾਣਬੁੱਝ ਕੇ ਲਮਕਾਇਆ ਜਾ ਰਿਹਾ ਹੈ। ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪਾਵਰਕੌਮ ਦੇ ਅਧਿਕਾਰੀ ਵੱਲੋਂ ਵੀ ਸੰਬੰਧਤ ਮੁੱਖ ਅਫਸਰ ਨੂੰ ਪੱਤਰ ਲਿਖਣ ਤੋਂ ਕਾਰਵਾਈ ਨਾ ਹੋਣ ਤੇ, ਨਾ ਤਾਂ ਆਪਣੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰਕੇ ਇੰਨਸਾਫ ਦੀ ਮੰਗ ਕੀਤੀ ਗਈ ਹੈ ਤੇ ਨਾ ਹੀ ਪੁਲਸ ਦੀ ਢਿੱਲੀ ਕਾਰਗੁਜ਼ਾਰੀ ਖਿਲਾਫ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰਕੇ ਇੰਨਸਾਫ ਦਿਵਾਉਣ ਦੀ ਮੰਗ ਕੀਤੀ ਹੈ, ਸ਼ਾਇਦ ਇਹ ਸਾਰੇ ਕਿਸੇ ਹੋਰ ਵੱਡੀ ਕਾਰਵਾਈ ਦੀ ਉਡੀਕ ਵਿੱਚ ਹਨ। ਆਗੂਆਂ ਨੇ ਕਿਹਾ ਕਿ ਮਹਿਲਾ ਕਰਮਚਾਰੀ ਨੂੰ ਇੰਨਸਾਫ ਦਿਵਾਉਣ ਲਈ ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਮੰਡਲ ਯੂਨਿਟ ਅੱਡਾ ਦਾਖਾ ਵੱਲੋਂ ਹੋ ਰਹੀ ਧੱਕੇਸ਼ਾਹੀ ਵਿਰੁੱਧ ਇਹ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ।

ਇਸ ਰੋਸ ਪ੍ਰਦਰਸ਼ਨ ਮੰਡਲ ਦਫਤਰ ਅੱਡਾ ਦਾਖਾ 'ਚ ਸਮੂਹ ਸਹਿਯੋਗੀ ਜਥੇਬੰਦੀਆਂ ਨੂੰ ਨਾਲ ਲੈ ਕੇ ਕੀਤਾ ਗਿਆ, ਜਿਸ 'ਚ ਵੱਡੀ ਗਿਣਤੀ ਆਗੂ ਹਾਜ਼ਰ ਸਨ। ਸਮੂਹ ਲੋਕ ਭਲਾਈ ਜਥੇਬੰਦੀਆਂ ਨੇ ਇਸ ਪ੍ਰਦਰਸ਼ਨ ਵਿੱਚ ਸ਼ਾਮਲ ਹੋ ਕੇ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਚਮਕੌਰ ਸਿੰਘ ਬਰਮੀ, ਸੂਬਾਈ ਆਗੂ ਬਲਬੀਰ ਸਿੰਘ ਮਾਨ, ਸਰਕਲ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਸਕੱਤਰ ਬਲਵਿੰਦਰ ਸਿੰਘ ਇਯਾਲੀ, ਸਹਾਇਕ ਸਕੱਤਰ ਬਲਵਿੰਦਰ ਸਿੰਘ ਤਾਜਪੁਰ, ਨਛੱਤਰ ਸਿੰਘ ਸਰਾਂ, ਹਰਨੇਕ ਸਿੰਘ ਲਲਤੋਂ, ਵਿੱਤ ਸਕੱਤਰ ਦਰਸ਼ਨ ਸਿੰਘ ਦਾਖਾ, ਮੀਤ ਪ੍ਰਧਾਨ ਜਸਮੇਲ ਸਿੰਘ ਮੋਹੀ, ਮੰਡਲ ਯੂਨਿਟ ਅੱਡਾ ਦਾਖਾ ਦੇ ਪ੍ਰਧਾਨ ਹਰਦਿਆਲ ਸਿੰਘ ਘੁਮਾਣ,ਵਿੱਤ ਸਕੱਤਰ ਜਗਮੇਲ ਸਿੰਘ ਸੁਧਾਰ, ਸਹਾਇਕ ਵਿੱਤ ਸਕੱਤਰ ਗੁਰਦੇਵ ਸਿੰਘ ਪੁੜੈਣ, ਪ੍ਰਧਾਨ ਬਲਦੇਵ ਸਿੰਘ ਢੋਲਣ, ਜੁਗਿੰਦਰ ਸਿੰਘ ਜੱਟਪੁਰੀ, ਨਿਰਮਲ ਸਿੰਘ ਨੇ ਔਰਤਾਂ 'ਤੇ ਹੋ ਰਹੇ ਜ਼ੁਲਮਾਂ ਵਿਰੁੱਧ ਅਵਾਜ਼ ਉਠਾਉਣ ਲਈ ਆਖਿਆ। ਹਾਜ਼ਰ ਆਗੂਆਂ ਨੇ ਕਿਹਾ ਕਿ ਜੇਕਰ ਫੇਰ ਵੀ ਪਾਵਰਕੌਮ ਅਧਿਕਾਰੀਆਂ ਤੇ ਪੁਲਸ ਪ੍ਰਸ਼ਾਸਨ ਵੱਲੋਂ ਕਾਰਵਾਈ ਕਰਕੇ ਇੰਨਸਾਫ ਨਾ ਦਿੱਤਾ ਤਾਂ ਜਥੇਬੰਦੀਆਂ ਅਰਥੀ ਫੂਕ ਮੁਜ਼ਾਹਰਾ ਕਰਕੇ ਬਜ਼ਾਰ ਅੰਦਰ ਮਾਰਚ ਕਰਕੇ ਤਿੱਖਾ ਸੰਘਰਸ਼ ਕਰਕੇ ਮਹਿਲਾ ਕਰਮਚਾਰੀ ਨੂੰ ਇੰਨਸਾਫ ਦਿਵਾਉਣ ਲਈ ਗੁਹਾਰ ਲਗਾਉਣਗੀਆਂ।

# ਹੜ੍ਹ ਪ੍ਰਭਾਵਤ ਮਨੁੱਖਤਾ ਦੀ ਮਦਦ ਲਈ ਬਹੁੜੀ ਜੋਤੀ ਫਾਊਂਡੇਸ਼ਨ



**ਫਾਜ਼ਿਲਕਾ (ਨਿਸ਼ਾ ਸ਼ਰਮਾ)**

ਪਿੰਡ ਚੱਕ ਸ਼ੇਰੇਵਾਲਾ ਦੀ ਜੋਤੀ ਫਾਊਂਡੇਸ਼ਨ ਇਨਸਾਨੀਅਤ ਦੀ ਪਹਿਰੇਦਾਰ ਬਣ ਕੇ ਮੁੱਢ ਤੋਂ ਹੀ ਲੋਕਾਂ ਦੀ ਨਿਸ਼ਕਾਮ ਸੇਵਾ ਕਰਦੀ ਆ ਰਹੀ ਹੈ। ਮਰਹੂਮ ਪ੍ਰਭਜੋਤ ਸਿੰਘ ਬਰਾੜ ਉਰਫ ਜੋਤੀ ਬਰਾੜ ਵੱਲੋਂ ਲਾਇਆ ਗਿਆ ਇਹ ਬੂਟਾ ਅੱਜ ਇੱਕ ਵੱਡਾ ਰੁੱਖ ਬਣ ਕੇ ਲੋਕਾਈ ਨੂੰ ਛਾਂ ਪ੍ਰਦਾਨ ਕਰ ਰਿਹਾ ਹੈ। ਮੌਜੂਦਾ ਸਮੇਂ ਦੌਰਾਨ ਇਸ ਫਾਊਂਡੇਸ਼ਨ ਦੀ ਜ਼ਿੰਮੇਵਾਰੀ ਮਰਹੂਮ ਜੋਤੀ ਬਰਾੜ ਦੀ ਪਤਨੀ ਸਰਬਜੀਤ ਕੌਰ ਬਰਾੜ ਅਤੇ ਪੁੱਤਰ ਐਡਵੋਕੇਟ ਅਜੀਤ ਬਰਾੜ ਤੇ ਪ੍ਰਭਕਿਰਨ ਬਰਾੜ ਵੱਲੋਂ ਬਾਖੂਬੀ ਨਿਭਾਈ ਜਾ ਰਹੀ ਹੈ। ਫਾਊਂਡੇਸ਼ਨ ਵੱਲੋਂ ਇਸ ਸਮੇਂ 2 ਪ੍ਰੋਜੈਕਟ ਚਲਾਏ ਜਾ ਰਹੇ ਹਨ ਜੋ ਕਿ ਕੈਂਸਰ ਦੀ ਬਿਮਾਰੀ ਤੋਂ ਪੀੜਤ ਕਈ ਪਿੰਡਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਏ ਜਾਣ ਨਾਲ ਸੰਬੰਧਿਤ ਹਨ ਜਦੋਂਕਿ ਫਾਊਂਡੇਸ਼ਨ ਵੱਲੋਂ ਸੂਬੇ ਦੇ ਸਹੂਲਤਾਂ ਤੋਂ ਸੱਖਣੇ ਲੋੜਵੰਦ ਬੱਚਿਆਂ ਨੂੰ ਚਸ਼ਮੇ ਵੀ ਪ੍ਰਦਾਨ ਕਰਵਾਏ ਜਾ ਰਹੇ ਹਨ। ਹੜ੍ਹਾਂ ਦੇ ਔਖੇ ਸਮੇਂ ਜੋਤੀ ਫਾਊਂਡੇਸ਼ਨ ਨੇ ਪਿੰਡ ਝਾਂਗੜ ਭੈਣੀ, ਰੇਤੇ ਵਾਲੀ ਭੈਣੀ, ਮਹਾਤਮ ਨਗਰ, ਢਾਣੀ ਲਾਭ ਸਿੰਘ, ਦੋਨਾ ਨਾਨਕਾ, ਤੇਜਾ ਰੁਹੇਲਾ, ਚੱਕ ਰੁਹੇਲਾ, ਮੁਹਾਰ ਜਮਸ਼ੇਰ, ਵੱਲੇ ਸ਼ਾਹ ਉਤਾੜ/ਨੂਰ ਸ਼ਾਹ ਅਤੇ ਢਾਣੀ ਮੋਹਣਾ, ਗੱਟੀ ਨੰ.1 (ਰੇਤੇ ਵਾਲੀ ਭੈਣੀ), ਰਾਮ ਸਿੰਘ ਭੈਣੀ (ਝਾਂਗੜ ਭੈਣੀ), ਘੁਰਕਾ/ਗੁੱਦੜ ਭੈਣੀ, ਮੁਹਰ ਖੀਵਾ, ਹਸਤਾ ਕਲਾਂ ਸੈਂਟਰ ਅਤੇ ਪਿੰਡ ਸ਼ਾਮਿਲ ਹਨ, ਲੋਕਾਂ ਦੀ ਬਾਂਹ ਫੜੀ ਹੈ। ਉਪਰੋਕਤ ਪਿੰਡਾਂ 'ਚ ਫਾਊਂਡੇਸ਼ਨ ਵੱਲੋਂ 400 ਕੁਇੰਟਲ ਸੁੱਕਾ ਰਾਸ਼ਨ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਹੁਣ ਤੱਕ ਮੁਹੱਈਆ ਕਰਵਾਇਆ ਜਾ ਚੁੱਕਿਆ ਹੈ। ਇਸ ਵਿੱਚ ਚੌਲ, ਆਟਾ, ਤੇਲ, ਚੀਨੀ, ਚਾਹ, ਓਆਰਐੱਸ, ਟੂਥਬਰੱਸ਼, ਟੂਥਪੇਸਟ, ਸ਼ੈਂਪੂ, ਸਾਬਣ, ਓਡੋਮੌਸ, ਮੱਛਰ ਮਾਰ ਕੋਇਲ, ਮੱਛਰਦਾਨੀ, ਬਿਸਕੁਟ, ਵਾਸ਼ਿੰਗ ਪਾਊਡਰ, ਮਿਲਕ ਪਾਊਡਰ, ਸੈਨੀਟਰੀ ਪੈਡ ਅਤੇ ਦਵਾਈਆਂ ਦੀਆਂ ਕਿੱਟਾਂ ਸ਼ਾਮਿਲ ਹਨ। ਜਾਨਵਰਾਂ ਦੀ ਸਾਂਭ-ਸੰਭਾਲ ਲਈ ਵੀ ਫਾਊਂਡੇਸ਼ਨ ਵੱਲੋਂ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ।

# ਰੋਟਰੀ ਕਲੱਬਜ਼ ਵੱਲੋਂ ਅੰਗਦਾਨ ਸੰਬੰਧੀ ਜਾਗਰੂਕਤਾ ਸੈਮੀਨਾਰ

**■ ਦਿੱਲੀ ਤੋਂ ਪਾਤੜਾਂ ਪੁੱਜੀ ਰੈਲੀ ਦਾ ਭਰਵਾਂ ਸਵਾਗਤ**



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਅੰਤਰਰਾਸ਼ਟਰੀ ਪੱਧਰ ਉੱਤੇ ਸਮਾਜ ਸੇਵਾ ਦੇ ਖੇਤਰ ਵਿੱਚ ਵਿਲੱਖਣ ਨਾਮ ਰੱਖਣ ਵਾਲੀ ਸੰਸਥਾ ਰੋਟਰੀ ਇੰਟਰਨੈਸ਼ਨਲ ਨਾਲ ਸਬੰਧਤ ਸ਼ਹਿਰ ਦੇ ਤਿੰਨ ਰੋਟਰੀ ਕਲੱਬ ਪਾਤੜਾਂ ਰੋਇਲ, ਰੋਟਰੀ ਕਲੱਬ ਮਿਡ ਟਾਊਨ ਤੇ ਰੋਟਰੀ ਕਲੱਬ ਮੇਨ ਵੱਲੋਂ ਖਾਟੂ ਸ਼ਿਆਮ ਮੰਦਰ ਵਿਖੇ ਰੋਟਰੀ ਇੰਟਰਨੈਸ਼ਨਲ ਜ਼ੋਨ 4 ਵੱਲੋਂ ਅੰਗ ਦਾਨ ਕਰਨ ਸਬੰਧੀ ਚਲਾਈ ਮੁਹਿੰਮ ਤਹਿਤ ਕੱਢੀ ਜਾ ਰਹੀ ਜਾਗਰੂਕਤਾ ਰੈਲੀ ਪਾਤੜਾਂ ਪੁੱਜੀ।

ਇਸ ਦੌਰਾਨ ਕਲੱਬਾਂ ਦੇ ਮੈਂਬਰਾਂ ਸਮੇਤ ਸ਼ਹਿਰ ਦੇ ਪਤਵੰਤਿਆਂ ਨੇ ਰੈਲੀ 'ਚ ਸ਼ਾਮਲ ਸ਼ਖਸੀਅਤਾਂ ਦਾ ਭਰਵਾਂ ਸਵਾਗਤ ਕੀਤਾ। ਰੋਟਰੀ ਕਲੱਬ ਰੋਇਲ ਦੇ ਪ੍ਰਧਾਨ ਅਮਨਦੀਪ ਸਿੰਘ ਨੇ ਦੱਸਿਆ ਕਿ ਜਿਉਂਦੇ ਜੀਅ ਖੂਨ ਦਾਨ ਤੇ ਮਰਨ ਉਪਰੰਤ ਅੰਗ ਦਾਨ ਕਰਕੇ ਲੋੜਵੰਦਾਂ ਦੀ ਸਹਾਇਤਾ ਕਰਨ ਸਬੰਧੀ ਚਲਾਈ ਗਈ ਮੁਹਿੰਮ ਦਾ ਮਕਸਦ ਆਮ ਲੋਕਾਂ ਨੂੰ ਅੰਗ ਦਾਨ ਕਰਨ ਸਬੰਧੀ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਮਰਨ ਉਪਰੰਤ ਮਨੁੱਖੀ ਸਰੀਰ ਅਗਨ ਭੇਟ ਹੋ ਜਾਂਦਾ ਹੈ ਤੇ ਕੀਮਤੀ ਅੰਗ ਵੀ ਸੜ ਕੇ ਸੁਆਹ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਮਨੁੱਖੀ ਸਰੀਰ ਵਿੱਚੋਂ ਅੱਠ ਅੰਗ ਅਜਿਹੇ ਹਨ, ਜਿਨ੍ਹਾਂ ਦਾ ਮਰਨ ਉਪਰੰਤ ਦਾਨ ਕਰਨ ਨਾਲ ਅੱਠ ਲੋੜਵੰਦਾਂ ਨੂੰ ਨਵਾਂ ਜੀਵਨ ਦਿੱਤਾ ਜਾ ਸਕਦਾ ਹੈ।

ਰੋਟਰੀ ਦੇ ਡੀਈਜੀ ਡਾ. ਸੰਦੀਪ ਚੌਹਾਨ ਵੱਲੋਂ ਵੀ ਅੰਗ ਦਾਨ ਕਰਨ ਸਬੰਧੀ ਜਾਗਰੂਕਤਾ ਲੈਕਚਰ ਦਿੱਤਾ ਗਿਆ। ਸਮਾਗਮ ਦੌਰਾਨ ਦਿੱਲੀ ਤੋਂ ਆਈ ਟੀਮ ਨੇ ਅੰਗ ਦਾਨ ਕਰਨ ਸਬੰਧੀ ਨਾਟਕ ਵੀ ਪੇਸ਼ ਕੀਤਾ।

ਇਸ ਰੈਲੀ ਨੂੰ ਥਾਣਾ ਮੁਖੀ ਪਾਤੜਾਂ ਹਰਮਨਪ੍ਰੀਤ ਸਿੰਘ ਚੀਮਾ ਵੱਲੋਂ ਹਰੀ ਝੰਡੀ ਦੇ ਕੇ ਅੱਗੇ ਲਈ ਰਵਾਨਾ ਕੀਤਾ ਗਿਆ।

# ਕੇਂਦਰ ਵੱਲੋਂ ਫਿਰੋਜ਼ਪੁਰ ਨੂੰ ਰਾਮੇਸ਼ਵਰਮ-ਫ਼ਿਰੋਜ਼ਪੁਰ ਕੈਂਟ ਹਮਸਫ਼ਰ ਐਕਸਪ੍ਰੈੱਸ ਦਾ ਨਵਾਂ ਤੋਹਫ਼ਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਭਾਜਪਾ ਆਗੂ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਫਿਰੋਜ਼ਪੁਰ ਨੂੰ ਰਾਮੇਸ਼ਵਰਮ-ਫ਼ਿਰੋਜ਼ਪੁਰ ਕੈਂਟ ਹਮਸਫ਼ਰ ਐਕਸਪ੍ਰੈੱਸ ਦਾ ਨਵਾਂ ਤੋਹਫ਼ਾ ਦਿੱਤਾ ਗਿਆ ਹੈ।ਉਨ੍ਹਾ ਕਿਹਾ ਕਿ ਰਾਮੇਸ਼ਵਰਮ ਜਯੋਤਿਰਲਿੰਗ ਦੇ ਨਾਲ ਖੱਟੂਸ਼ਿਆਮ ਤੇ ਅਜਮੇਰ ਜਾਣ ਵਾਲੇ ਸ਼ਰਧਾਲੂਆਂ ਨੂੰ ਵੀ ਇਸ ਰੇਲਗੱਡੀ ਦਾ ਲਾਭ ਮਿਲੇਗਾ।ਉਨ੍ਹਾ ਕਿਹਾ ਕਿ ਫਿਰੋਜ਼ਪੁਰ ਸਰਹੱਦੀ ਜ਼ਿਲ੍ਹਾ ਹੋਣ ਕਾਰਨ ਆਜ਼ਾਦੀ ਤੋਂ ਪਹਿਲਾਂ ਇੱਥੇ ਪੰਜਾਬ ਮੇਲ ਰੇਲ ਗੱਡੀ ਚੱਲਦੀ ਸੀ, ਜੋ ਕਿ ਪਿਸ਼ਾਵਰ ਤੋਂ ਮੁੰਬਈ ਵਿਚਕਾਰ ਚੱਲਦੀ ਸੀ ਤੇ ਵੰਡ ਤੋਂ ਬਾਅਦ ਇਹ ਰੇਲ ਗੱਡੀ ਫਿਰੋਜ਼ਪੁਰ ਤੋਂ ਸ਼ਿਵਾਜੀ ਛੱਤਰ ਟਰਮੀਨਲ ਤੱਕ ਚੱਲਦੀ ਸੀ।ਉਨ੍ਹਾ ਕਿਹਾ ਕਿ ਰਾਮੇਸ਼ਵਰਮ-ਫ਼ਿਰੋਜ਼ਪੁਰ ਛਾਉਣੀ ਹਮਸਫ਼ਰ ਐਕਸਪ੍ਰੈੱਸ ਚਲਾਉਣ ਨਾਲ ਨਾ ਸਿਰਫ਼ ਫ਼ਿਰੋਜ਼ਪੁਰ, ਬਲਕਿ ਫ਼ਾਜ਼ਿਲਕਾ, ਅਬੋਹਰ, ਮੁਕਤਸਰ ਸਮੇਤ ਨੇੜਲੇ ਜ਼ਿਲ੍ਹਿਆਂ ਦੇ ਲੋਕਾਂ ਨੂੰ ਵੀ ਲਾਭ ਹੋਵੇਗਾ।ਉਨ੍ਹਾ ਕਿਹਾ ਕਿ ਸ਼ਰਧਾਲੂ ਪਹਿਲਾਂ ਤੀਰਥ ਸਥਾਨਾਂ 'ਤੇ ਜਾਣ ਲਈ ਦੂਜੇ ਸਟੇਸ਼ਨਾਂ 'ਤੇ ਜਾਂਦੇ ਸਨ, ਪਰ ਹੁਣ ਫਿਰੋਜ਼ਪੁਰ ਤੋਂ ਹੀ ਲੋਕਾਂ ਨੂੰ ਰੇਲ ਗੱਡੀਆਂ ਮਿਲਣਗੀਆਂ।ਇਸ ਟਰੇਨ ਦੇ ਬਠਿੰਡਾ, ਮੰਡੀ ਡੱਬਵਾਲੀ, ਸੰਗਰੀਆ, ਹਨੂੰਮਾਨਗੜ੍ਹ, ਏਲਨਾਬਾਦ, ਸਾਦੁਲਪੁਰ, ਚੁਰੂ, ਸੀਕਰ, ਰਿੰਗਾਸ, ਜੈਪੁਰ, ਕਿਸ਼ਨਗੜ੍ਹ, ਅਜਮੇਰ ਵਿਖੇ ਵੀ ਸਟਾਪੇਜ ਹੋਣਗੇ।ਉਨ੍ਹਾ ਕਿਹਾ ਕਿ ਜਲਦੀ ਹੀ ਇਸ ਨੂੰ ਫਿਰੋਜ਼ਪੁਰ ਤੋਂ ਚਲਾਉਣ ਦੀ ਮਿਤੀ ਦਾ ਵੀ ਰੇਲਵੇ ਵਿਭਾਗ ਵੱਲੋਂ ਐਲਾਨ ਕੀਤਾ ਜਾਵੇਗਾ।ਰਾਣਾ ਸੋਢੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਪ੍ਰਧਾਨ ਮੰਤਰੀ ਨੇ ਫਿਰੋਜ਼ਪੁਰ ਕੈਂਟ ਸਟੇਸ਼ਨ ਦੇ ਪੁਨਰ ਨਿਰਮਾਣ ਲਈ ਕਰੀਬ 27.66 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਹੈ।]

ਇਸ ਤੋਂ ਇਲਾਵਾ ਫਾਜ਼ਿਲਕਾ, ਅਬੋਹਰ ਤੇ ਸ੍ਰੀ ਮੁਕਤਸਰ ਸਾਹਿਬ ਦੇ ਸਟੇਸ਼ਨਾਂ ਦਾ ਵੀ ਕਰੋੜਾਂ ਦੀ ਲਾਗਤ ਨਾਲ ਪੁਨਰ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਲੋਕਾਂ ਦੀ ਮੰਗ ਦੇ ਮੱਦੇਨਜ਼ਰ ਰੇਲ ਮੰਤਰੀ ਨੂੰ ਮੰਗ ਪੱਤਰ ਸੌਂਪ ਕੇ ਫਿਰੋਜ਼ਪੁਰ ਤੋਂ ਹਰਿਦੁਆਰ ਤੇ ਸ੍ਰੀ ਹਜ਼ੂਰ ਸਾਹਿਬ ਲਈ ਵਿਸ਼ੇਸ਼ ਰੇਲ ਗੱਡੀ ਚਲਾਉਣ ਦੀ ਵੀ ਮੰਗ ਕੀਤੀ।

# ਪਰਾਲੀ ਨੂੰ ਸਾੜਨ ਦੇ ਬੁਰੇ ਪ੍ਰਭਾਵ ਸੰਬੰਧੀ ਸੈਮੀਨਾਰ



**ਸੰਗਰੂਰ (ਪ੍ਰਵੀਨ ਸਿੰਘ)**

ਸਰਕਾਰੀ ਰਣਬੀਰ ਕਾਲਜ ਵਿਖੇ ਪ੍ਰਿੰਸੀਪਲ ਪ੍ਰੋ: (ਡਾ.) ਸੁਖਵਿੰਦਰ ਸਿੰਘ ਦੀ ਰਹਿਨੁਮਾਈ ਵਿੱਚ ਤੇ ਐਨ.ਐਸ.ਐਸ.ਯੂਨਿਟ 1 ਦੇ ਪ੍ਰੋਗਰਾਮ ਅਫ਼ਸਰ ਸ੍ਰੀ ਰੁਪਿੰਦਰ ਕੁਮਾਰ ਸ਼ਰਮਾ ਤੇ ਐਨ.ਐਸ.ਐਸ ਯੂਨਿਟ 2 ਦੇ ਪ੍ਰੋਗਰਾਮ ਅਫ਼ਸਰ ਸ੍ਰੀਮਤੀ ਸੁਧਾ ਰਾਣੀ ਸਰਮਾ ਦੇਖ-ਰੇਖ ਵਿੱਚ ਪਰਾਲੀ ਨੂੰ ਸਾੜਨ ਦੇ ਬੁਰੇ ਪ੍ਰਭਾਵ ਸਬੰਧੀ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ ਨਿਰਮਲ ਸਿੰਘ, ਸੀਨੀਅਰ ਅਧਿਕਾਰੀ, ਸਮਾਜ ਸਾਸਤਰ, ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਕਾਲਜ ਸਬਦ ਤੋਂ ਹੋਈ। ਸਭ ਤੋਂ ਪਹਿਲਾਂ ਮੁੱਖ ਮਹਿਮਾਨ ਜੀ ਨੂੰ ਗੁਲਾਬ ਦੇ ਫੁੱਲ ਦੇ ਕੇ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਸ੍ਰੀ ਰਪਿੰਦਰ ਕੁਮਾਰ ਸ਼ਰਮਾ ਨੇ ਕਿਹਾ ਪੰਜਾਬ ਸਰਕਾਰ ਦਾ ਇਹ ਇੱਕ ਨਿਵੇਕਲਾ ਉਪਰਾਲਾ ਹੈ ਕਿ ਵਲੰਟੀਅਰਜ ਤੇ ਵਿਦਿਆਰਥੀਆਂ ਨੂੰ ਪਰਾਲੀ ਸਾੜਨ ਦੇ ਬੁਰੇ ਪ੍ਰਭਾਵਾਂ ਸਬੰਧੀ ਪੈਡੀ ਦੀ ਫ਼ਸਲ ਆਉਣ ਤੋਂ ਪਹਿਲਾਂ ਹੀ ਜਾਗਰੂਕ ਕੀਤਾ ਜਾਵੇ। ਕਾਲਜ ਪ੍ਰਿੰਸੀਪਲ, ਪ੍ਰੋ: (ਡਾ.) ਸੁਖਵਿੰਦਰ ਸਿੰਘ ਨੇ ਆਪਣੇ ਭਾਸ਼ਣ ਵਿੱਚ ਪਰਾਲੀ ਸਾੜਨ ਕਰਕੇ ਪੈਦਾ ਹੋ ਰਹੀਆਂ ਸਮੱਸਿਆਵਾਂ ਬਾਰੇ ਜਾਣੂ ਕਰਾਉਂਦੇ ਹੋਏ ਸਾਨੂੰ ਹੈਪੀ ਸੀਡਰ ਦੀ ਵਰਤੋਂ ਕਰਨੀ ਚਾਹੀਦੀ ਹੈ ਤੇ ਪਰਾਲੀ ਨੂੰ ਵਰਤਣ ਲਈ ਤਰੀਕੇ ਅਪਨਾਉਣੇ ਚਾਹੀਦੇ ਹਨ। ਮੁੱਖ ਮਹਿਮਾਨ ਨਿਰਮਲ ਸਿੰਘ ਨੇ ਕਿਹਾ ਕਿ ਸਾਨੂੰ ਖਰਾਬ ਕਰਨ ਵਾਲੇ ਤਿੰਨ ਕਾਰਨ ਹਨ ਜਿਵੇਂ ਪੋਲੀਟੀਕਲ ਕਾਰਨ, ਸਮਾਜਿਕ ਕਾਰਨ ਤੇ ਫ਼ਿਜ਼ੀਕਲ ਕਾਰਨ। ਸਭ ਤੋਂ ਖਤਰਨਾਕ ਹੈ ਫ਼ਿਜ਼ੀਕਲ ਕਾਰਨ, ਭਾਵ ਜਿਸ ਵਿੱਚ ਸਾਡਾ ਸਾਰਾ ਵਾਤਾਵਰਨ ਤੇ ਆਲਾ ਦੁਆਲਾ ਵੀ ਸ਼ਾਮਲ ਹੈ। ਅੰਤ ਵਿੱਚ ਐਨ.ਐਸ.ਐਸ ਪ੍ਰੋਗਰਾਮ ਅਫ਼ਸਰ, ਸੁਧਾ ਰਾਣੀ ਸ਼ਰਮਾ ਨੇ ਆਏ ਮਹਿਮਾਨਾਂ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਮੁੱਖ ਮਹਿਮਾਨ ਨੂੰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ।

# ਐਡਵੋਕੇਟ ਅਜੀਤ ਵਰਮਾ ਨੂੰ ਸਨਮਾਨਤ ਕੀਤਾ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)** ਮੋਗਾ ਸ਼ਹਿਰ ਦੇ ਪ੍ਰਜਾਪਤ ਸਮਾਜ ਵੱਲੋਂ ਅਜੀਤ ਵਰਮਾ ਐਡਵੋਕੇਟ ਨੂੰ ਕਾਂਗਰਸ ਪਾਰਟੀ ਦਾ ਜ਼ਿਲ੍ਹਾ ਜਨਰਲ ਸਕੱਤਰ ਤੇ ਉਪਭੋਗਤਾ ਅਧਿਕਾਰ ਸੰਗਠਨ ਦਾ ਲੀਗਲ ਸੈੱਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਹੋਣ 'ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਜਾਪਤ ਸਮਾਜ ਦੇ ਸੀਨੀਅਰ ਮੈਂਬਰਾਂ ਨੇ ਕਿਹਾ ਕਿ ਸਾਰੇ ਹੀ ਪ੍ਰਜਾਪਤ ਸਮਾਜ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਕਾਂਗਰਸ ਪਾਰਟੀ ਤੇ ਸ਼ਹਿਰ ਦੀ ਨਾਮੀ ਸੰਸਥਾ ਨੇ ਸਾਡੇ ਮੈਂਬਰ ਨੂੰ ਅਹੁਦੇ ਤੋਂ ਨਿਵਾਜਿਆ ਅਤੇ ਅੱਗੇ ਉਨ੍ਹਾਂ ਨੇ ਸਮੂਹ ਪ੍ਰਜਾਪਤ ਸਮਾਜ ਨੂੰ ਇੱਕ ਮੰਚ ਹੇਠ ਇੱਕਤਰਤ ਹੋਣ ਦੀ ਅਪੀਲ ਕੀਤੀ। ਇਸ ਮੌਕੇ ਅਜੀਤ ਵਰਮਾ ਐਡਵੋਕੇਟ ਨੇ ਸਾਰੇ ਹੀ ਪ੍ਰਜਾਪਤ ਸਮਾਜ ਦਾ ਧੰਨਵਾਦ ਕੀਤਾ ਤੇ ਸਾਰਿਆਂ ਨਾਲ ਮਿਲ ਕੇ ਚੱਲਣ ਦੀ ਗੱਲ ਕਹੀ। ਇਸ ਮੌਕੇ ਵੱਡੀ ਗਿਣਤੀ ਵਿੱਚ ਪ੍ਰਜਾਪਤ ਸਮਾਜ ਦੇ ਮੈਂਬਰ ਹਾਜ਼ਰ ਸਨ।

## ਇਕਾਦਸ਼ੀ ਮੌਕੇ ਇੱਕ ਸ਼ਾਮ ਲੱਖ ਦਾਤਾਰ ਦੇ ਨਾਂਅ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਕੋਟਲੀ ਰੋਡ ਵਿਖੇ ਕਰਾਨੇ ਵਾਲਾ ਸ਼ਿਆਮ ਪਰਵਾਰ ਵੱਲੋਂ ਇਕਾਦਸ਼ੀ ਮੌਕੇ 'ਇਕ ਸ਼ਾਮ ਲੱਖ ਦਾਤਾਰ ਦੇ ਨਾਂਅ' ਬੈਨਰ ਹੇਠ ਸ੍ਰੀ ਸ਼ਿਆਮ ਸੰਕੀਰਤਨ ਹੋਇਆ। ਹੰਸਰਾਜ ਨਾਰੰਗ ਪਰਵਾਰ ਦੇ ਸੱਦੇ 'ਤੇ ਹੋਏ ਇਸ ਸੰਕੀਰਤਨ ਪ੍ਰੋਗਰਾਮ 'ਚ ਭਾਜਪਾ ਦੇ ਸਾਬਕਾ ਮੰਡਲ ਪ੍ਰਧਾਨ ਬ੍ਰਿਜੇਸ਼ ਗੁਪਤਾ ਸਮੇਤ ਵੱਡੀ ਗਿਣਤੀ 'ਚ ਸ਼ਰਧਾਲੂਆਂ ਨੇ ਪਹੁੰਚ ਕੇ ਸ੍ਰੀ ਸ਼ਿਆਮ ਪ੍ਰਭੂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਸ਼ਰਧਾਲੂ ਰਾਤ ਭਰ ਸ੍ਰੀ ਸ਼ਿਆਮ ਪ੍ਰਭੂ ਦੇ ਭਜਨਾਂ ਦੀਆਂ ਗੰਗਾ 'ਚ ਡੁਬਕੀਆਂ ਲਾਉਂਦੇ ਦਿਸੇ। ਸ੍ਰੀ ਸ਼ਿਆਮ ਪ੍ਰਭੂ ਦਾ ਦਰਬਾਰ ਸ਼ਰਧਾਲੂਆਂ ਦੇ ਖਿੱਚ ਦਾ ਕੇਂਦਰ ਬਣਿਆ ਰਿਹਾ। ਸ਼ਿਆਮ ਪ੍ਰਭੂ ਨੂੰ ਛੱਪਣ ਭੋਗ ਲਗਾਏ ਗਏ। ਸੰਕੀਰਤਨ ਮਗਰੋਂ ਛੱਪਣ ਭੋਗ ਲੱਗਾ ਇਹ ਪ੍ਰਸਾਦ ਸ਼ਰਧਾਲੂਆਂ ਨੂੰ ਵੰਡਿਆ ਗਿਆ। ਸ਼ਿਆਮ ਪਰਵਾਰ ਵੱਲੋਂ ਗੋਲਡੀ ਸਿੰਗਲਾ, ਅਨਿਲ ਵਾਟਸ, ਅਰੁਣ ਗੁਪਤਾ, ਸੋਨੀ ਜੈਨ, ਸੁਨੀਲ ਪਨਸੇਜਾ, ਮੁਕੇਸ਼ ਸਿੰਗਲਾ ਆਦਿ ਨੇ ਸ੍ਰੀ ਸ਼ਿਆਮ ਪ੍ਰਭੂ ਦਾ ਗੁਣਗਾਨ ਕਰ ਭਗਤਾਂ ਨੂੰ ਝੂਮਣ ਲਾਇਆ। ਦੀਪਕ ਨਾਰੰਗ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਬਾਬਾ ਖੇਤਰਪਾਲ ਸੇਵਾਦਾਰ ਸੁਸਾਇਟੀ ਪੁਰਾਣੀ ਦਾਨਾ ਮੰਡੀ ਦੇ ਪ੍ਰਧਾਨ ਨਰੇਸ਼ ਕੋਚਾ, ਪ੍ਰਿੰਸ ਪਸਰੀਚਾ, ਰਾਜਨ ਗਿਰਧਰ, ਰਿੰਕੂ ਛਾਬੜਾ, ਮੋਨੂੰ ਧਵਨ ਸਮੇਤ ਵੱਡੀ ਗਿਣਤੀ 'ਚ ਸ਼ਰਧਾਲੂ ਮੌਜੂਦ ਸਨ।



...ਸਫ਼ਾ 3 ਦਾ ਬਾਕੀ

### ਆਰਟੀਕਲ 370...

ਏ ਜੀ ਆਰ ਵੈਂਕਟਰਮਣੀ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਹੈ। ਸੀ ਜੇ ਆਈ ਨੇ ਕਿਹਾ, 'ਉਪ ਰਾਜਪਾਲ ਨਾਲ ਗੱਲ ਕਰੋ ਅਤੇ ਦੇਖੋ ਕੀ-ਕੀ ਹੋਇਆ ਹੈ। ਜੇਕਰ ਇਸ ਨਾਲ ਕੁਝ ਵੱਖ ਹੈ ਤਾਂ ਹੋਰ ਗੱਲ ਹੈ, ਪਰ ਇਹ ਸਾਰੇ ਮਾਮਲੇ 'ਚ ਪੇਸ਼ ਹੋਣ ਦੇ ਥੋੜ੍ਹੇ ਸਮੇਂ ਬਾਅਦ ਹੀ ਹੋਇਆ।' ਸੰਵਿਧਾਨਕ ਬੈਂਚ 'ਚ ਸ਼ਾਮਲ ਜਸਟਿਸ ਕੌਲ ਨੇ ਕਿਹਾ, 'ਇਸ ਮਾਮਲੇ 'ਚ ਟਾਈਮਿੰਗ ਠੀਕ ਨਹੀਂ। ਨਾਲ ਹੀ ਮੌਜੂਦ ਜਸਟਿਸ ਗਵਈ ਨੇ ਵੀ ਸਵਾਲ ਪੁੱਛਿਆ, 'ਏਨੀ ਆਜ਼ਾਦੀ ਦਾ ਕੀ ਹੋਵੇਗਾ ? '

# ਬਾਬਾ ਨੰਦ ਸਿੰਘ ਦੀ 80ਵੀਂ ਸਾਲਾਨਾ ਬਰਸੀ ਨੂੰ ਸਮਰਪਿਤ ਸਮਾਗਮ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਬਾਬੇ ਕੇ ਫਾਰਮ ਤਪ ਅਸਥਾਨ ਸੰਤ ਬਾਬਾ ਨਾਹਰ ਸਿੰਘ ਸਨੇਰਾਂ ਵਾਲਿਆਂ ਦੇ ਅਸਥਾਨ ਵਿਖੇ ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੀ 80ਵੀਂ ਸਾਲਾਨਾ ਬਰਸੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਸਿੱਖ ਧਰਮ ਨਾਲ ਸਬੰਧਤ ਉਚ ਧਾਰਮਿਕ ਸ਼ਖਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਜਿਸ ਵਿੱਚ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ, ਮੈਂਬਰ ਪਾਰਲੀਮੈਂਟ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ, ਬਾਬਾ ਬਲਦੇਵ ਸਿੰਘ ਜੋਗੇਵਾਲ ਅਤੇ ਪੰਥਕ ਵਿਦਵਾਨ ਗਿਆਨੀ ਭਗਵਾਨ ਸਿੰਘ ਜੌਹਲ ਉਚੇਚੇ ਤੌਰ 'ਤੇ ਪੁੱਜੇ। ਸਟਾਰਟਫੋਰਡ ਦੇ ਜੰਗਲ ਵਿੱਚ ਬਾਬਾ ਨਾਹਰ ਸਿੰਘ ਦੇ ਸੇਵਕਾਂ ਵੱਲੋਂ ਰੌਣਕਾਂ ਤੇ ਧਾਰਮਿਕ ਫ਼ਿਜ਼ਾ ਦਾ ਮੰਗਲ ਸਿਰਜਿਆ ਹੋਇਆ ਸੀ। ਇਸ ਸਮੇਂ ਬਾਬਾ ਬਲਬੀਰ ਸਿੰਘ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ ਕੀਤੀ ਉਹ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ, ਬਾਣੀ ਬਾਣੇ ਦੇ ਧਾਰਨੀ ਹੋਣ। ਨਿਹੰਗ ਮੁਖੀ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਸਮੇਂ ਸੁਲਤਾਨਪੁਰ ਲੋਧੀ ਵਿਖੇ ਨਿਹੰਗ ਸਿੰਘ ਦਲਾਂ ਵੱਲੋਂ ਬੁੱਢਾ ਦਲ ਦੀ ਅਗਵਾਈ ਵਿੱਚ ਕੱਢੇ ਜਾਂਦੇ ਮਹੱਲੇ ਲਈ ਸੰਤ ਸੀਚੇਵਾਲ ਵੱਲੋਂ ਸਟੇਜ ਤੇ ਬੈਰੀਕੇਡ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ। ਇਸ ਸਮੇਂ ਤਪ ਅਸਥਾਨ ਬਾਬੇ ਕੇ ਫਾਰਮ ਦੇ ਪ੍ਰਬੰਧਕਾਂ ਵੱਲੋਂ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਦਾ ਸਾਂਝੇ ਤੌਰ 'ਤੇ ਸਨਮਾਨ ਕੀਤਾ ਗਿਆ। ਸੰਤ ਬਲਬੀਰ ਸਿੰਘ ਸੀਚੇਵਾਲ, ਬਾਬਾ ਬਲਦੇਵ ਸਿੰਘ ਜੋਗੇਵਾਲ, ਜਸਵੰਤ ਸਿੰਘ ਵਿਰਦੀ ਮੇਅਰ, ਗੁਰਮੀਤ ਸਿੰਘ, ਸੁਖਵਿੰਦਰ ਸਿੰਘ, ਬਾਬਾ ਜਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਐਡਵੋਕੇਟ, ਭੁਪਿੰਦਰ ਸਿੰਘ, ਕਿਰਤਰਾਜ ਸਿੰਘ ਸਕੱਤਰ ਤੇ ਕੌਂਸਲਰ, ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ, ਬਾਬਾ ਹਰਜੀਤ ਸਿੰਘ, ਬਾਬਾ ਜਸਵਿੰਦਰ ਸਿੰਘ ਇੰਚਾਰਜ ਬੁੱਢਾ ਦਲ ਅਮਰੀਕਾ ਤੇ ਹੋਰ ਨਿਹੰਗ ਸਿੰਘ ਫੌਜਾਂ ਹਾਜ਼ਰ ਸਨ।

# ਬਜ਼ੁਰਗਾਂ ਦੀ ਸੰਸਥਾ ਵੱਲੋਂ ਸਨਮਾਨ ਸਮਾਰੋਹ



**ਸੰਗਰੂਰ (ਪ੍ਰਵੀਨ ਸਿੰਘ)**-ਬਜ਼ੁਰਗਾਂ ਦੀ ਭਲਾਈ ਤੇ ਸਿਹਤ ਤੰਦਰੁਸਤੀ ਨੂੰ ਸਮਰਪਤ ਸੀਨੀਅਰ ਸਿਟੀਜਨ ਭਲਾਈ ਸੰਸਥਾ ਵੱਲੋਂ ਮੁੱਖ ਦਫ਼ਤਰ ਵਿਖੇ ਅਗਸਤ ਮਹੀਨੇ ਦੇ ਜਨਮ ਦਿਨ ਸਬੰਧੀ ਸਨਮਾਨ ਸਮਾਰੋਹ ਪਾਲਾ ਮੱਲ ਸਿੰਗਲਾ ਪ੍ਰਧਾਨ ਦੀ ਅਗਵਾਈ ਵਿੱਚ ਹੋਇਆ। ਉਨ੍ਹਾਂ ਨਾਲ ਸੰਸਥਾ ਦੇ ਸਰਪ੍ਰਸਤ ਦਲਜੀਤ ਸਿੰਘ ਜਖਮੀ, ਸੁਰਿੰਦਰ ਪਾਲ ਗੁਪਤਾ ਤੇ ਸ੍ਰੀਮਤੀ ਸੰਤੋਸ਼ ਆਨੰਦ ਸੀਨੀਅਰ ਮੀਤ ਪ੍ਰਧਾਨ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਉਪਰੰਤ ਵੱਖ-ਵੱਖ ਬੁਲਾਰਿਆਂ ਪ੍ਰੀਮ ਸਿੰਘ ਜੌਹਲ, ਨਰਾਤਾ ਰਾਮ ਸਿੰਗਲਾ, ਸੁਰਿੰਦਰ ਪਾਲ ਸਿੰਘ ਸਿਦਕੀ, ਸੱਤਦੇਵ ਸ਼ਰਮਾ ਨੇ ਜਨਮ ਦਿਨ ਵਾਲੇ ਸੰਸਥਾ ਮੈਂਬਰਾਂ ਨੂੰ ਮੁਬਾਰਕਾਂ ਦਿੱਤੀਆਂ ਤੇ ਉਨ੍ਹਾਂ ਦੀ ਸਿਹਤ ਤੰਦਰੁਸਤੀ ਦੀ ਕਾਮਨਾ ਕਰਦੇ ਹੋਏ ਬਜ਼ੁਰਗਾਂ ਨੂੰ ਬੱਚਿਆਂ ਵਿੱਚ ਸਦਾਚਾਰਕ ਕੀਮਤਾਂ ਦਾ ਸੰਚਾਰ ਕਰਨ ਲਈ ਕਿਹਾ। ਸੰਸਥਾ ਵੱਲੋਂ ਮਿਲੇ ਸਹਿਯੋਗ ਲਈ ਪਾਲਾ ਮੱਲ ਸਿੰਗਲਾ ਪ੍ਰਧਾਨ ਅਤੇ ਹਰੀ ਦਾਸ ਸ਼ਰਮਾ ਸਾਊਂਡ ਇੰਚਾਰਜ ਨੂੰ ਸਨਮਾਨਤ ਕੀਤਾ। ਉਪਰੰਤ ਜਨਮ ਦਿਨ ਵਾਲੇ ਮੈਂਬਰ ਪ੍ਰੇਮ ਚੰਦ ਗਰਗ, ਪਵਨ ਕੁਮਾਰ ਗਰਗ, ਕਮਲ ਕੁਮਾਰ ਬਾਂਸਲ, ਲਾਲ ਚੰਦ ਸੈਣੀ, ਦਵਿੰਦਰ ਸਿੰਘ ਮਾਨਸ਼ਾਹੀਆ, ਨਿਰਮਲ ਸਿੰਘ ਮਾਣਾ, ਅਮਰਨਾਥ, ਗੋਬਿੰਦਰ ਸਿੰਘ ਜੱਸਲ, ਜਗਦੇਵ ਸਿੰਘ ਖੰਡੇਬਾਦ, ਮਹਿੰਦਰ ਸਿੰਘ ਸੰਧੂ, ਸੁਨੀਤਾ ਗਰਗ, ਲਲਿਤਾ, ਸਤਵੰਤ ਸਿੰਘ ਮੌੜ, ਸਤਪਾਲ ਬਾਂਸਲ, ਕਰਨੈਲ ਸਿੰਘ ਸੇਖੋਂ, ਸੁਰਜੀਤ ਸਿੰਘ, ਹਰੀ ਦਾਸ ਸ਼ਰਮਾ ਤੋਂ ਬਿਨਾਂ ਸੰਤੋਸ਼ ਆਨੰਦ, ਚੰਚਲ ਗਰਗ, ਕਮਲੇਸ਼ ਮੰਗਲਾ, ਬਿਮਲਾ ਬਾਂਸਲ ਆਦਿ ਨੇ ਹਾਰ ਪਾ ਕੇ ਤੇ ਗਿਫ਼ਟ ਦੇ ਕੇ ਸਨਮਾਨਤ ਕੀਤਾ।

ਪਾਲਾ ਮੱਲ ਸਿੰਗਲਾ ਨੇ ਧੰਨਵਾਦੀ ਸ਼ਬਦ ਕਹਿੰਦੇ ਹੋਏ ਜਨਮ ਦਿਨ ਵਾਲਿਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।

G20 ਉੱਤਰ ਰੇਲਵੇ ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ - ਚੌਥੀ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰ, ਆਖਰੀ ਮਿਤੀ **19.09.2023** ਵਕਤ **15.00** ਵਜੇ ਤਕ **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ **www.ireps.gov.in** ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਆਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
| 26.08.2023 | 05.09.2023 | 19.09.2023/ 15:00 ਵਜੇ |

| ਲ. ਨੰ: | ਟੈਂਡਰ ਨੰਬਰ | ਟੈਂਡਰ ਦਾ ਵੇਰਵਾ | | | |
|---|---|---|---|---|---|
| 1. | 168-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਅੰਤਰਗਤ ਏਬੀਐਸਐਸ ਵਿਚ ਬਾਨਿਹਾਲ- ਬਾਰਮੂਲਾ ਖੰਡ ਉਤੇ ਬਡਗਾਮ ਰੇਲਵੇ ਸਟੇਸ਼ਨ ਉਤੇ 12.00 ਮੀਟਰ ਚੌੜੇ ਐਫਓਬੀ ਦੇ ਪ੍ਰਾਵਧਾਨ ਦੇ ਸਬੰਧ ਵਿਚ ਵਿਵਿਧ ਕੰਮ। | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 4,09,60,913.53/- | 3,54,800.00/- | 60 ਦਿਨ | 12 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- "ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ।" | | | |
| 2. | 167-2023-24-UHP-DRM-FZR | ਸਹਾਇਕ ਮੰਡਲ ਇੰਜੀਨੀਅਰ/ਉਧਮਪੁਰ ਦੇ ਅਧੀਨ ਏਬੀਐਸਐਸ ਵਿਚ ਜੰਮੂਤਵੀ - ਸ੍ਰੀਮਾਤਾ ਵੈਸ਼ਣੋ ਦੇਵੀ ਕਟਰਾ ਸੈਕਸ਼ਨ ਉਧਮਪੁਰ ਰੇਲਵੇ ਸਟੇਸ਼ਨ ਉਤੇ 12.00 ਮੀਟਰ ਚੌੜੇ ਐਫਓਬੀ ਦੇ ਪ੍ਰਾਵਧਾਨ ਦੇ ਸਬੰਧ ਵਿਚ ਵਿਵਿਧ ਕੰਮ। | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 3,66,47,285.60/- | 3,33,200/- | 60 ਦਿਨ | 12 ਮਹੀਨੇ |
| | | ਸਮਾਨ ਪ੍ਰਕ੍ਰਿਤੀ ਦਾ ਕੰਮ :- "ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ।" | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ। 2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨੰ:-168-2023-24-BDGM-DRM-FZR,167-2023-24-UHP-DRM-FZR ਮਿਤੀ : 26.08.2023 2661/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਪਿੰਡ ਕੋਟ ਮੱਲ ਦੇ ਮਜ਼ਦੂਰਾਂ ਬੀਡੀਪੀਓ ਦਫਤਰ ਕਾਹਨੂੰਵਾਨ ਅੱਗੇ ਦਿੱਤਾ ਧਰਨਾ



**ਕਾਹਨੂੰਵਾਨ (ਯਾਦਵਿੰਦਰ ਸਿੰਘ ਮਲਹੋਤਰਾ)**-ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਲਈ ਜੂਝ ਰਹੇ ਮਜ਼ਦੂਰਾਂ ਨੇ ਪੇਂਡੂ ਕਿਸਾਨ ਮਜ਼ਦੂਰ ਯੂਨੀਅਨ ਦੇ ਝੰਡੇ ਹੇਠ ਬੀਡੀਪੀਓ ਦਫਤਰ ਅੱਗੇ ਰੋਸ ਮੁਜ਼ਾਹਰਾ ਕੀਤਾ। ਪਿੰਡ ਕੋਡਰ ਮੱਲ ਦੇ ਮਜ਼ਦੂਰਾਂ ਦੀ ਅਗਵਾਈ ਕਰਦੇ ਹੋਏ ਪਿੰਡ ਨੂੰ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਮੇਜਰ ਸਿੰਘ ਕੋਡਰ ਮੱਲ ਅਤੇ ਸਾਥੀਆਂ ਨੇ ਪੰਜਾਬ ਸਰਕਾਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਬੀਡੀਪੀਓ ਦਫਤਰ ਦੇ ਖਿਲਾਫ ਭਾਰੀ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਯੂਨੀਅਨ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਪਿਛਲੇ ਦੋ ਸਾਲ ਤੋਂ ਪਿੰਡ ਕੋ ਟੋਡਰ ਮੱਲ ਦੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਉਹ ਦਫਤਰ ਨੂੰ ਅਨੇਕਾਂ ਵਾਰ ਮਿਲ ਚੁੱਕੇ ਹਨ। ਪ੍ਰਸ਼ਾਸਨ ਮੰਗਾਂ ਪੂਰੀਆਂ ਕਰਨਾ ਤਾਂ ਕਿਤੇ ਦੂਰ ਉਨ੍ਹਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਮਜ਼ਦੂਰ ਔਰਤਾਂ ਨੂੰ ਮਨਰੇਗਾ ਤਹਿਤ ਰੁਜ਼ਗਾਰ ਨਹੀਂ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਲੋੜਵੰਦ ਪਰਿਵਾਰਾਂ ਨੂੰ ਪੰਜ ਪੰਜ ਮਰਲੇ ਦੇ ਰਿਹਾਇਸ਼ੀ ਪਲਾਟ ਵੀ ਸਰਕਾਰ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਮੁਹਈਆ ਨਹੀਂ ਕਰਵਾਏ ਹਨ। ਉਨ੍ਹਾਂ ਦੱਸਿਆ ਕਿ ਨਰੇਗਾ ਦੀ ਜੌਬ ਲਈ ਉਨ੍ਹਾਂ ਵੱਲੋਂ ਦਿੱਤੀਆਂ ਅਰਜ਼ੀਆਂ ਵੀ ਦਫਤਰ ਦੇ ਮਨਰੇਗਾ ਸਟਾਫ ਵੱਲੋਂ ਖੁਰਦ-ਬੁਰਦ ਕਰ ਦਿੱਤੀਆਂ ਗਈਆਂ ਹਨ।

ਉਧਰ ਇਸ ਸੰਬੰਧੀ ਜਦੋਂ ਬੀਡੀਪੀ ਉਹ ਕਾਹਨੂੰਵਾਨ ਕੁਲਵੰਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ, ਸਰਕਾਰ ਵੱਲੋਂ ਪੰਚਾਇਤਾਂ ਭੰਗ ਕਰਨ ਕਾਰਨ ਸਮੱਸਿਆ ਪੇਸ਼ ਆ ਰਹੀ ਹੈ। ਜਲਦੀ ਹੀ ਮਜ਼ਦੂਰਾਂ ਦੀਆਂ ਮੰਗਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ। ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨੂੰ ਵੀ ਸੂਚਿਤ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਮਜ਼ਦੂਰ ਅਤੇ ਮਜ਼ਦੂਰ ਬੀਬੀਆਂ ਹਾਜ਼ਰ ਸਨ।

# ਮੋਦੀ ਸਰਕਾਰ ਦੀਆਂ ਫਾਸ਼ੀਵਾਦੀ ਨੀਤੀਆਂ ਖਿਲਾਫ ਕੀਤੀਆਂ ਜਾਣਗੀਆਂ ਕਾਨਫਰੰਸਾਂ: ਜਾਮਾਰਾਏ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾਈ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਫਾਸ਼ੀਵਾਦੀ ਨੀਤੀਆਂ ਖਿਲਾਫ ਲੋਕ ਜਗਾਉ ਮੋਦੀ ਭਜਾਉ ਦੇ ਨਾਹਰੇ ਤਹਿਤ ਪੰਜਾਬ ਭਰ ਰਾਜਸੀ ਵਿਸ਼ਾਲ ਕਾਨਫਰੰਸਾਂ ਕੀਤੀਆਂ ਜਾਣਗੀਆਂ। ਜਾਮਾਰਾਏ ਨੇ ਕਿਹਾ ਕਿ ਮੋਦੀ ਸਰਕਾਰ ਹਿੰਦੂ ਰਾਸ਼ਟਰ ਬਣਾਉਣ ਲਈ ਘੱਟ ਗਿਣਤੀ ਲੋਕਾਂ ਤੇ ਹਮਲੇ ਕੀਤੇ ਜਾ ਰਹੇ ਹਨ ਅਤੇ ਔਰਤਾਂ ਨੂੰ ਅਲਫ ਨੰਗੀਆਂ ਕਰਕੇ ਘੁਮਾਇਆ ਜਾ ਰਿਹਾ ਹੈ। ਦੇਸ਼ ਦੀ ਅਰਥ ਵਿਵਸਥਾ ਡਾਵਾਂਡੋਲ ਹੋਈ ਫਿਰਦੀ ਹੈ। ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ ਨੇ ਦੱਸਿਆ ਕਿ ਪਾਰਟੀ ਦੀ ਸੂਬਾ ਕਮੇਟੀ ਦੇ ਸੱਦੇ ਤੇ ਜ਼ਿਲ੍ਹੇ ਅੰਦਰ ਭਰਵੀਆਂ ਰਾਜਨੀਤਕ ਕਾਨਫਰੰਸਾਂ ਕੀਤੀਆਂ ਜਾਣਗੀਆਂ। 2 ਸਤੰਬਰ ਛਾਪੜੀ ਸਾਹਿਬ, 10 ਸਤੰਬਰ ਦੇਓ, 13 ਸਤੰਬਰ ਨੂੰ ਨਾਗੋਕੇ, 20 ਭਿੱਖੀਵਿੰਡ, 23 ਸਤੰਬਰ ਚੂਸਲੇਵੜ, 25 ਸਤੰਬਰ ਫੈਲੋਕੇ ਆਦਿ ਕਾਨਫਰੰਸਾਂ ਕੀਤੀਆਂ ਜਾਣਗੀਆਂ । ਇਸ ਮੌਕੇ ਦਲਜੀਤ ਸਿੰਘ ਦਿਆਲਪੁਰਾ, ਧਰਮ ਸਿੰਘ ਪੱਟੀ, ਹਰਭਜਨ ਸਿੰਘ ਮੌੜ, ਕੇਵਲ ਸਿੰਘ ਮਾੜੀ ਕੰਬੋਕੀ, ਦਾਰਾ ਸਿੰਘ ਮੁੰਡਾ ਪਿੰਡ, ਅਜੀਤ ਸਿੰਘ ਢੋਟਾ, ਸੁਲੱਖਣ ਸਿੰਘ ਤੁੜ ਅਤੇ ਜਸਬੀਰ ਸਿੰਘ ਵੈਰੋਵਾਲ ਆਦਿ ਹਾਜ਼ਰ ਸਨ।

# ਨਸ਼ੇੜੀ ਪਤੀ ਵੱਲੋਂ ਤੇਜ਼ਧਾਰ ਹਥਿਆਰ ਨਾਲ ਪਤਨੀ ਦਾ ਕਤਲ



ਗੁਰਦਾਸਪੁਰ , (ਜਨਕ ਮਹਾਜਨ)-ਨਸ਼ੇ ਅਤੇ ਸ਼ੱਕ ਨੇ ਕੀਤੇ ਰਿਸ਼ਤੇ ਤਾਰ-ਤਾਰ। ਰਿਸ਼ਤਿਆਂ ਨੂੰ ਸ਼ਰਮਸ਼ਾਰ ਕਰਦਾ ਇਕ ਮਾਮਲਾ ਸਾਹਮਣੇ ਆਇਆ। ਕਸਬਾ ਧਿਆਨਪੁਰ 'ਚ ਨਸ਼ੇੜੀ ਪਤੀ ਨੇ ਆਪਣੀ 50 ਸਾਲਾ ਪਤਨੀ ਰਮਾ ਦਾ ਤੇਜ਼ਧਾਰ ਹਥਿਆਰ ਨਾਲ ਵਾਰ ਕਰਦੇ ਹੋਏ ਕਤਲ ਕਰ ਦਿੱਤਾ।

ਔਰਤ ਦੇ ਬੇਟੇ ਵੱਲੋਂ ਉਸ ਨੂੰ ਜ਼ਖ਼ਮੀ ਹਾਲਤ ਵਿੱਚ ਸਿਵਲ ਹਸਪਤਾਲ ਬਟਾਲਾ ਵਿਖੇ ਦਾਖਲ ਕਰਵਾਇਆ ਗਿਆ ਜਿੱਥੇ ਡਾਕਟਰਾਂ ਵਲੋਂ ਉਸਨੂੰ ਮ੍ਰਿਤਕ ਐਲਾਨ ਕਰ ਦਿੱਤਾ।

ਡਾਕਟਰਾਂ ਅਨੁਸਾਰ ਔਰਤ ਦੀ ਮੌਤ ਬਾਰੇ ਸਬੰਧਤ ਥਾਣੇ ਦੀ ਪੁਲਸ ਨੂੰ ਸੂਚਨਾ ਦੇ ਦਿੱਤੀ ਗਈ ਹੈ ਪਰ ਫ਼ਿਲਹਾਲ ਮੌਕੇ 'ਤੇ ਕੋਈ ਵੀ ਪੁਲਸ ਅਧਿਕਾਰੀ ਨਹੀਂ ਪਹੁੰਚਿਆ। ਮ੍ਰਿਤਕਾ ਦੇ ਬੇਟੇ ਵਿਕਾਸ ਨੇ ਦੱਸਿਆ ਕਿ ਉਹ ਬਾਹਰ ਗਿਆ ਹੋਇਆ ਸੀ ਤੇ ਪਿੱਛੇ ਘਰ ਉਸਦੀ ਮਾਂ ਰਮਾ ਅਤੇ ਪਿਤਾ ਅਰੁਣ ਕੁਮਾਰ ਇਕੱਲੇ ਸੀ । ਉਸ ਦੇ ਪਿਤਾ ਨੇ ਉਸਦੀ ਮਾਂ ਨਾਲ ਝਗੜਾ ਸ਼ੁਰੂ ਕਰ ਦਿੱਤਾ ਕਿਉਂਕਿ ਉਸ ਦਾ ਪਿਤਾ ਉਸ ਦੀ ਮਾਂ ਤੇ ਸ਼ੱਕ ਕਰਦਾ ਰਹਿੰਦਾ ਸੀ। ਬਹੁਤ ਵਾਰ ਉਸਨੂੰ ਰਿਸ਼ਤੇਦਾਰ ਤੇ ਅਸੀਂ ਖੁਦ ਵੀ ਸਮਝਾਇਆ ਸੀ ਪਰ ਉਸਦੇ ਸਮਝ ਹੀ ਨਹੀਂ ਸੀ ਪੈਂਦੀ।

ਉਸਦਾ ਪਿਤਾ ਨਸ਼ਾ ਵੀ ਕਰਦਾ ਸੀ ਤੇ ਅਕਸਰ ਹੀ ਮਾਂ ਨਾਲ ਲੜਾਈ ਝਗੜਾ ਕਰਦਾ ਰਹਿੰਦਾ ਸੀ ਤੇ ਅੱਜ ਉਸ ਨੇ ਤੇਜ਼ਧਾਰ ਹਥਿਆਰ ਨਾਲ ਮਾਂ ਤੇ ਵਾਰ ਕਰਦੇ ਹੋਏ ਮਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਖੁਦ ਮੌਕੇ ਤੋਂ ਫਰਾਰ ਹੋ ਗਿਆ। ਉਸ ਨੇ ਕਿਹਾ ਕਿ ਉਸ ਦੇ ਪਿਤਾ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾ ਨੂ ਇਨਸਾਫ ਦਿੱਤਾ ਜਾਵੇ।

ਓਥੇ ਹੀ ਸਿਵਲ ਹਸਪਤਾਲ ਬਟਾਲਾ ਦੇ ਡਿਊਟੀ ਤੇ ਮੌਜੂਦ ਡਾਕਟਰ ਸਵਾਤੀ ਨੇ ਘਟਨਾ ਬਾਰੇ ਦਸਦੇ ਹੋਏ ਕਿਹਾ ਕਿ ਤੇਜ਼ਧਾਰ ਹਥਿਆਰ ਨਾਲ ਪਤੀ ਵਲੋਂ ਕੀਤੇ ਵਾਰ ਕਾਰਨ ਪਤਨੀ ਰਮਾ ਦੀ ਮੌਤ ਹੋ ਗਈ। ਪੁਲਿਸ ਨੂੰ ਸੂਚਿਤ ਕੀਤਾ ਗਿਆ ਹੈ ਬਾਕੀ ਪੋਸਟਮਾਰਟਮ ਦੀ ਕਾਰਵਾਈ ਕੀਤੀ ਜਾ ਰਹੀ ਹੈ

# ਬੇਗੇਵਾਲ ਦੇ ਦੋ ਘਰਾਂ 'ਚੋਂ ਲੱਖਾਂ ਦੀ ਚੋਰੀ

ਮਜੀਠਾ/ਚੰਵਿਡਾ ਦੇਵੀ (ਸੋਇਮ ਆਨੰਦ/ਪ੍ਰੀਤਮ ਸਿੰਘ)-ਪੁਲਸ ਥਾਣਾ ਕੱਥੂਨੰਗਲ ਅਧੀਨ ਆਉਂਦੇ ਪਿੰਡ ਬੇਗੇਵਾਲ ਵਿਖੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਦੋ ਘਰਾਂ ਵਿੱਚ ਚੋਰੀ ਕਰਨ ਦਾ ਸਮਾਚਾਰ ਮਿਲਿਆ ਹੈ ਜਿਸ ਸਬੰਧੀ ਬਲਜੀਤ ਸਿੰਘ ਪੁੱਤਰ ਜਗਤ ਸਿੰਘ ਤੇ ਸਤਨਾਮ ਸਿੰਘ ਵਾਸੀ ਪਿੰਡ ਬੇਗੇਵਾਲ ਨੇ ਦੱਸਿਆ ਕਿ ਬੀਤੀ ਰਾਤ ਕੁਝ ਅਣਪਛਾਤੇ ਵਿਅਕਤੀਆਂ ਸਾਡੇ ਘਰੋਂ ਰਾਤ ਕਰੀਬ ਗਿਆਰਾਂ ਵਜੇ ਤੋਂ ਬਾਅਦ ਕਰੀਬ ਚਾਰ ਤੋਲੇ ਸੋਨੇ ਦੇ ਗਹਿਣੇ ਅਤੇ ਦੋ ਮੋਬਾਇਲ ਫੋਨ ਚੋਰੀ ਕਰਕੇ ਲੈ ਗਏ ਹਨ ਜਿਸ ਦੀ ਇਤਲਾਹ ਥਾਣਾ ਕੱਥੂਨੰਗਲ ਵਿਖੇ ਦਿੱਤੀ ਗਈ ਹੈ। ਪੀੜਤਾਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਚੋਰਾਂ ਨੂੰ ਕਾਬੂ ਕਰਕੇ ਸਾਡਾ ਸਾਮਾਨ ਵਾਪਸ ਕਰਵਾਇਆ ਜਾਵੇ। ਇਸ ਸਬੰਧੀ ਐੱਸਐੱਚਓ ਕੱਥੂਨੰਗਲ ਸਬ-ਇੰਸਪੈਕਟਰ ਮਨਤੇਜ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਤਲਾਹ ਮਿਲਣ 'ਤੇ ਚੋਰਾਂ ਦੀ ਭਾਲ ਕੀਤੀ ਜਾ ਰਹੀ ਹੈ।

# 'ਮੇਲਾ ਛਿੰਞ ਬੱਬੇਹਾਲੀ' 31 ਤੋਂ 1 ਸਤੰਬਰ ਤੱਕ

ਗੁਰਦਾਸਪੁਰ(ਜਨਕ ਮਹਾਜਨ)-ਸਦੀਆਂ ਤੋਂ ਰਵਾਇਤ ਅਨੁਸਾਰ ਮੇਲਿਆਂ ਦਾ ਸਰਤਾਜ 'ਮੇਲਾ ਛਿੰਞ ਬੱਬੇਹਾਲੀ' ਇਸ ਵਾਰ 31 ਅਗਸਤ ਤੋਂ 1 ਸਤੰਬਰ ਤੱਕ ਬੜੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਹਰ ਵਾਰ ਦੀ ਤਰ੍ਹਾਂ ਮੇਲੇ ਵਿੱਚ ਕੁਸ਼ਤੀ, ਕਬੱਡੀ ਦੇ ਮੁਕਾਬਲਿਆਂ ਤੋਂ ਇਲਾਵਾ ਖਿਡਾਰੀ ਅਤੇ ਪਹਿਲਵਾਨ ਆਪਣੀ ਕਲਾਂ ਦੇ ਜੌਹਰ ਦਿਖਾਉਣਗੇ। ਕੁਸ਼ਤੀ ਸੰਸਥਾ ਪੰਜਾਬ ਦੇ ਉਪ ਪ੍ਰਧਾਨ ਅਤੇ ਛਿੰਞ ਕਮੇਟੀ, ਬੱਬੇਹਾਲੀ ਦੇ ਸੀਨੀਅਰ ਮੈਂਬਰ ਐਡਵੋਕੇਟ ਅਮਰਜੋਤ ਸਿੰਘ ਬੱਬੇਹਾਲੀ ਨੇ ਦੱਸਿਆ ਕਿ ਇਸ ਮੇਲੇ ਦਾ ਉਦਘਾਟਨ 31 ਅਗਸਤ ਸ਼ਾਮ 4 ਵਜੇ ਪਿੰਡ ਬੱਬੇਹਾਲੀ ਦੇ ਮਹਿੰਦਰ ਸਿੰਘ ਖੇਡ ਸਟੇਡੀਅਮ ਵਿੱਚ ਮੇਲੇ ਦੇ ਮੁੱਖ ਪ੍ਰਬੰਧਕ ਅਤੇ ਸਾਬਕਾ ਵਿਧਾਇਕ ਅਤੇ ਗੁਰਬਚਨ ਸਿੰਘ ਬੱਬੇਹਾਲੀ ਕਰਨਗੇ। ਉਨ੍ਹਾਂ ਦੱਸਿਆ ਕਿ ਇੱਕ ਸਤੰਬਰ ਸਵੇਰੇ 12 ਵਜੇ ਸਭਿਆਚਾਰਕ ਪ੍ਰੋਗਰਾਮ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ (ਪੰਜਾਬ) ਸ. ਸੁਖਬੀਰ ਸਿੰਘ ਬਾਦਲ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ ਅਤੇ 4 ਵਜੇ ਮੇਲੇ ਦੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣਗੇ। ਬਾਦਲ ਇਸ ਮੌਕੇ ਵਿਸ਼ਾਲ ਇਕੱਠ ਨੂੰ ਸੰਬੋਧਨ ਵੀ ਕਰਨਗੇ। ਇਸ ਸੱਭਿਆਚਾਰਕ ਪ੍ਰੋਗਰਾਮ ਵਿੱਚ ਪ੍ਰਸਿੱਧ ਗਾਇਕ ਜੀ ਖਾਨ ਆਪਣੇ ਗੀਤਾਂ ਰਾਹੀਂ ਲੋਕਾਂ ਦਾ ਮਨੋਰੰਜਨ ਵੀ ਕਰਨਗੇ। ਮੇਲੇ ਵਿੱਚ ਕਬੱਡੀ ਦੇ ਸ਼ੋਅ ਮੈਚ ਹੋਣਗੇ। ਛਿੰਞ ਵਿੱਚ ਮਾਲੀ ਦੀ ਕੁਸਤੀ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

# ਗੀਤਾ ਭਵਨ ਗੁਰਦਾਸਪੁਰ ਵਿਖੇ ਮੁਫ਼ਤ ਮੈਡੀਕਲ ਕੈਂਪ ਲੱਗਾ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੇ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਵੱਲੋਂ ਗੀਤਾ ਭਵਨ ਗੁਰਦਾਸਪੁਰ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਚੇਅਰਮੈਨ ਰਮਨ ਬਹਿਲ, ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ, ਡੀਐੱਮਸੀ ਡਾ. ਰੋਮੀ ਰਾਜਾ ਨੇ ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੈਡੀਕਲ ਕੈਂਪ ਦੌਰਾਨ ਸਿਹਤ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਮੁਫ਼ਤ ਟੈਸਟ ਕਰਨ ਦੇ ਨਾਲ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਬਰਸਾਤ ਅਤੇ ਹੜ੍ਹਾਂ ਤੋਂ ਬਾਅਦ ਪ੍ਰਭਾਵਤ ਖੇਤਰ ਵਿੱਚ ਡੇਂਗੂ, ਮਲੇਰੀਆ ਅਤੇ ਅਲਰਜੀ ਦੀਆਂ ਬੀਮਾਰੀਆਂ ਵੱਧ ਰਹੀਆਂ ਹਨ, ਜਿਸਦੀ ਰੋਕਥਾਮ ਲਈ ਸਿਹਤ ਵਿਭਾਗ ਵੱਲੋਂ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੀਤਾ ਭਵਨ ਇਲਾਕੇ ਵਿੱਚ ਡੇਂਗੂ ਤੇ ਮਲੇਰੀਏ ਦੇ ਕੁਝ ਕੇਸ ਸਾਹਮਣੇ ਆਏ ਹਨ ਜਿਸ ਤੋਂ ਬਾਅਦ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਇਥੇ ਮੈਡੀਕਲ ਕੈਂਪ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੱਛਰਾਂ ਦੀ ਰੋਕਥਾਮ ਲਈ ਫੌਗਿੰਗ ਅਤੇ ਸਪਰੇਅ ਕਰਵਾਈ ਜਾ ਰਹੀ ਹੈ। ਸਾਫ਼ ਪਾਣੀ ਲਈ ਘਰ-ਘਰ ਕਲੋਰੀਨ ਦੀਆਂ ਗੋਲੀਆਂ ਵੰਡੀਆਂ ਜਾ ਰਹੀਆਂ ਹਨ। ਇਸਦੇ ਨਾਲ ਹੀ ਹੜ੍ਹ ਪ੍ਰਭਾਵਤ ਖੇਤਰ ਵਿੱਚ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਮੈਡੀਕਲ ਕੈਂਪ ਲਗਾਉਣ ਦੇ ਨਾਲ ਸਿਹਤ ਅਮਲੇ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਸੂਬਾ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ। ਕੈਂਪ ਦੌਰਾਨ ਹਾਜ਼ਰ ਲੋਕਾਂ ਨੂੰ



ਜਾਗਰੂਕ ਕਰਦਿਆਂ ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ ਨੇ ਕਿਹਾ ਕਿ ਚੇਅਰਮੈਨ ਸ੍ਰੀ ਰਮਨ ਬਹਿਲ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਹਰ ਤਰ੍ਹਾਂ ਦੀ ਮੈਡੀਕਲ ਸਹਾਇਤਾ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਵਿਸ਼ੇਸ਼ ਮੈਡੀਕਲ ਟੀਮਾਂ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੀਣ ਲਈ ਸਿਰਫ ਸਾਫ਼ ਪਾਣੀ ਦੀ ਵਰਤੋਂ ਹੀ ਕਰਨ। ਪੀਣ ਵਾਲੇ ਪਾਣੀ ਨੂੰ ਉਬਾਲ ਕੇ, ਠੰਡਾ ਕਰਕੇ ਵਰਤਿਆ ਜਾਵੇ ਅਤੇ ਸਮੇਂ-ਸਮੇਂ 'ਤੇ ਸਾਬਣ ਅਤੇ ਪਾਣੀ ਨਾਲ ਹੱਥ ਧੋਏ ਜਾਣ। ਉਨ੍ਹਾਂ ਕਿਹਾ ਕਿ ਦੂਸ਼ਿਤ ਪਾਣੀ ਨਾਲ ਚਮੜੀ ਤੇ ਬੈਕਟੀਰੀਅਲ ਇਨਫੈਕਸ਼ਨ ਹੋ ਸਕਦੀ ਹੈ ਇਸ ਲਈ ਚਮੜੀ ਦੀ ਲਾਗ ਨੂੰ ਰੋਕਣ ਲਈ ਰਬੜ ਦੇ ਬੂਟ ਅਤੇ ਪੂਰੀਆਂ ਬਾਹਾਂ ਵਾਲੇ ਕੱਪੜੇ ਪਹਿਨੇ ਜਾਣ। ਉਨ੍ਹਾਂ ਕਿਹਾ ਕਿ ਇਸ ਮੌਸਮ ਦੌਰਾਨ ਜੇਕਰ ਕਿਸੇ ਨੂੰ ਬੁਖਾਰ ਜਾਂ ਦਸਤ ਦੀ ਸਮੱਸਿਆ ਆਉਂਦੀ ਹੈ ਤਾਂ ਤੁਰੰਤ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ।

# ਮਾਮੂਲੀ ਜਿਹਾ ਮੁਆਵਜ਼ਾ ਦੇ ਕੇ ਸਰਕਾਰ ਹੜ੍ਹ ਪੀੜਤਾਂ ਦੇ ਜ਼ਖਮਾਂ 'ਤੇ ਲੂਣ ਛਿੜਕ ਰਹੀ: ਛੋਟੇਪੁਰ



ਬਟਾਲਾ (ਤਰਲੋਕ ਬੱਗਾ)-ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਵਾਈਸ ਪ੍ਰਧਾਨ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਨਸ਼ੇ, ਗੈਂਗਸਟਰ, ਭ੍ਰਿਸ਼ਟਾਚਾਰੀ ਤੇ ਮਹਿੰਗਾਈ ਅਮਰ ਵੇਲ ਵਾਂਗ ਵਧੀ ਹੈ ਅਤੇ ਇਸ ਸਰਕਾਰ ਵਿੱਚ ਕੋਈ ਵੀ ਮਹਿਫੂਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਵੱਲੋਂ ਪੰਜਾਬ ਦੇ ਗਵਰਨਰ ਅਤੇ ਹੋਰਨਾਂ ਖਿਲਾਫ ਬਿਆਨਬਾਜ਼ੀ ਕਰਕੇ ਪੰਜਾਬ ਦੇ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਲਾਂਭੇ ਕੀਤਾ ਜਾ ਰਿਹਾ ਹੈ। ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਆਪ ਸਰਕਾਰ ਦੀਆਂ ਨਲਾਇਕੀਆਂ ਦੀ ਬਦੌਲਤ ਪੰਜਾਬ ਦੇ ਲੋਕ ਹੜ੍ਹਾਂ ਦਾ ਸੰਤਾਪ ਭੋਗ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਦਰਿਆਵਾਂ ਦੇ ਕਿਨਾਰਿਆਂ ਦੀ ਸਮੇਂ ਸਿਰ ਦੇਖਭਾਲ ਕੀਤੀ ਹੁੰਦੀ ਤਾਂ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਦਰਿਆਵਾਂ ਦੇ ਹੜ੍ਹਾਂ ਕਾਰਨ ਪੰਜਾਬ ਦੇ ਕਿਸਾਨਾਂ ਮਜ਼ਦੂਰਾਂ ਤੋਂ ਇਲਾਵਾ ਆਮ ਲੋਕਾਂ ਦਾ ਨੁਕਸਾਨ ਤੋਂ ਇਲਾਵਾ ਅਰਬਾਂ ਰੁਪਏ ਦਾ ਮਾਲੀ ਨੁਕਸਾਨ ਹੋਇਆ ਹੈ ਪਰੰਤੂ ਸਰਕਾਰ ਉਨ੍ਹਾਂ ਨੂੰ ਮਾਮੂਲੀ ਮੁਆਵਜ਼ਾ ਦੇ ਕੇ ਹੜ੍ਹ ਪੀੜਤਾਂ ਦੇ ਜ਼ਖਮਾਂ ਤੇ ਲੂਣ ਲਗਾਉਣ ਵਾਲਾ ਕੰਮ ਕਰ ਰਹੀ ਹੈ। ਛੋਟੇਪੁਰ ਨੇ ਕਿਹਾ ਕਿ ਪੰਜਾਬ ਵਿੱਚ ਜਿਥੇ ਨਸ਼ਿਆਂ ਦੀ ਲਪੇਟ ਵਿੱਚ ਆ ਕੇ ਨੌਜਵਾਨ ਮੌਤ ਦੇ ਮੂੰਹ ਜਾ ਰਹੇ ਹਨ ਉਥੇ ਮਾਪੇ ਆਪਣੀਆਂ ਸਰਫੇ ਦੀਆਂ ਇਕਲੌਤੀਆ ਔਲਾਦਾਂ ਨੂੰ ਨਸ਼ੇ ਤੋਂ ਬਚਾਉਣ ਲਈ ਵਿਦੇਸ਼ਾਂ ਨੂੰ ਮਜਬੂਰੀ ਵੱਸ ਭੇਜ ਰਹੇ ਹਨ ਪਰੰਤੂ ਸਰਕਾਰ ਇਸ ਪ੍ਰਤੀ ਗੰਭੀਰ ਨਹੀਂ ਹੈ।

ਇਸ ਮੌਕੇ ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਪੰਜਾਬ ਵਿੱਚ ਕੋਈ ਸਰਕਾਰ ਨਾਂਅ ਦੀ ਚੀਜ਼ ਦਿਖਾਈ ਨਹੀਂ ਦੇ ਰਹੀ ਜਿਸ ਕਾਰਨ ਪੰਜਾਬ ਦੇ ਲੋਕਾਂ ਦਾ ਇਸ ਸਰਕਾਰ ਤੋਂ ਮੋਹ ਭੰਗ ਹੋ ਚੁੱਕਾ ਹੈ।

# ਰੱਖੜੀ ਦੇ ਤਿਉਹਾਰ ਮੌਕੇ ਭਿੱਖੀਵਿੰਡ 'ਚ ਧੜੱਲੇ ਨਾਲ ਵਿਕ ਰਹੀ ਮਿਲਾਵਟੀ ਮਠਿਆਈ

## ਸਿਹਤ ਵਿਭਾਗ ਸੁੱਤਾ ਕੁੰਭਕਰਨੀ ਨੀਂਦ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਰੱਖੜੀ ਦੇ ਤਿਉਹਾਰ ਮੌਕੇ ਭਿੱਖੀਵਿੰਡ 'ਚ ਮਿਲਾਵਟੀ ਮਠਿਆਈਆਂ ਦੀ ਵਿਕਰੀ ਧੜੱਲੇ ਨਾਲ ਹੋ ਰਹੀ ਹੈ,ਪ੍ਰੰਤੂ ਜ਼ਿਲ੍ਹਾ ਪ੍ਰਸਾਸਨ ਮਿੱਠੇ ਜ਼ਹਿਰ ਦੀ ਵਿਕਰੀ ਨੂੰ ਰੋਕਣ ਦੀ ਥਾਂ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਤਿਉਹਾਰਾਂ ਦੇ ਸੀਜ਼ਨ ਦੌਰਾਨ ਹਰ ਸਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਠਿਆਈ ਵਿਕਰੇਤਾਵਾਂ ਨਾਲ ਮੀਟਿੰਗਾਂ ਆਯੋਜਿਤ ਕਰਕੇ ਉਨ੍ਹਾਂ ਨੂੰ ਬਿਨਾਂ ਰੰਗਾਂ ਤੋਂ ਮਠਿਆਈਆਂ ਵੇਚਣ, ਮਠਿਆਈ ਉੱਪਰ ਮੈਨੂਫੈਕਚਰਿੰਗ ਤਾਰੀਖ ਲਿਖਣ, ਮਠਿਆਈ 'ਚ ਡੱਬੇ ਦਾ ਭਾਰ ਨਾ ਤੋਲਣ, ਸਾਫ-ਸੁਥਰਾ ਤੇ ਮਿਆਰੀ ਪਦਾਰਥ ਵੇਚਣ, ਦੁਕਾਨਾਂ ਦੇ ਆਲੇ-ਦੁਆਲੇ ਦੀ ਸਫਾਈ ਰੱਖਣ ਦੀਆਂ ਸਖਤ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਸਨ, ਪ੍ਰੰਤੂ ਇਸ ਵਾਰ ਪ੍ਰਸ਼ਾਸਨ ਵੱਲੋਂ ਮਠਿਆਈ ਵਿਕਰੇਤਾਵਾਂ ਨਾਲ ਕੋਈ ਵੀ ਮੀਟਿੰਗ ਨਹੀਂ ਕੀਤੀ ਗਈ। ਜ਼ਿਕਰਯੋਗ ਹੈ ਕਿ ਸਿਹਤ ਵਿਭਾਗ ਦੀ ਇਸ ਲਾਪਰਵਾਹੀ ਕਾਰਨ ਲੱਖਾਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ। ਜਦ ਇਸ ਮਾਮਲੇ ਸੰਬੰਧੀ ਜ਼ਿਲ੍ਹੇ ਦੇ ਨਵ-ਨਿਯੁਕਤ ਡਿਪਟੀ ਕਮਿਸ਼ਨਰ ਤਰਨਤਾਰਨ ਸੰਦੀਪ ਕੁਮਾਰ ਨਾਲ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਸ ਦੀ ਜਾਂਚ ਕਰਵਾਈ ਜਾਵੇਗੀ । ਉਨ੍ਹਾਂ ਇਹ ਵੀ ਕਿਹਾ ਕਿ ਜਲਦ ਹੀ ਮਠਿਆਈ ਦੀਆਂ ਦੁਕਾਨਾਂ ਦੇ ਸੈਂਪਲ ਭਰਨ ਲਈ ਟੀਮਾਂ ਭੇਜੀਆਂ ਜਾਣਗੀਆਂ ਅਤੇ ਜਿਹੜੇ ਦੁਕਾਨਦਾਰ ਦੀ ਮਠਿਆਈ ਮਿਲਾਵਟੀ ਜਾਂ ਰੰਗਦਾਰ ਪਾਈ ਗਈ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

# ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸਬੰਧੀ ਤਿਆਰੀਆਂ ਵੱਡੇ ਪੱਧਰ 'ਤੇ ਜਾਰੀ : ਜੱਸਲ

**ਬਟਾਲਾ (ਡਾ. ਮਲਵਿੰਦਰ ਸਿੰਘ)**-ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਦੇ ਵਿਆਹ ਪੁਰਬ 'ਤੇ ਸਾਲਾਨਾ ਮੇਲਾ ਗੁਰਦੁਆਰਾ ਸ੍ਰੀ ਕੰਧ ਸਾਹਿਬ ਤੇ ਗੁ. ਡੇਹਰਾ ਸਾਹਿਬ ਸਤਿਕਰਤਾਰੀਆਂ ਸਾਹਿਬ ਬਟਾਲਾ ਵਿਖੇ ਬਹੁਤ ਹੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾਵੇਗਾ। ਉਕਤ ਜਾਣਕਾਰੀ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਃ ਗੁਰਨਾਮ ਸਿੰਘ ਜੱਸਲ ਨੇ ਦਿੱਤੀ। ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ ਗੁਰਵਿੰਦਰ ਸਿੰਘ ਤਲਵੰਡੀ ਤੇ ਮੈਨੇਜਰ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਸਤਿਕਰਤਾਰੀਆਂ ਸਾਹਿਬ ਸਃ ਮਨਜੀਤ ਸਿੰਘ ਜਫਰਵਾਲ ਵਲੋਂ ਨਾਨਕ ਨਾਮ ਲੇਵਾ ਸੰਗਤਾਂ ਤੇ ਸਟਾਫ ਦੇ ਸਹਿਯੋਗ ਨਾਲ ਸੰਗਤਾਂ ਦੀ ਆਮਦ ਨੂੰ ਮੁੱਖ ਰਖਦਿਆਂ ਵਡੇ ਪੱਧਰ ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ । ਅੰਤ੍ਰਿਗ ਮੈਂਬਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ :ਜੱਸਲ ਨੇ ਕਿਹਾ ਕਿ ਵਿਆਹ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ਼੍ਰੀ ਡੇਹਰਾ ਸਾਹਿਬ ਸਤਿਕਰਤਾਰੀਆਂ ਅਤੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ 20 ਸਤੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ 22 ਸਤੰਬਰ ਨੂੰ ਭੋਗ ਪਾਏ ਜਾਣਗੇ। ਉਨ੍ਹਾਂ ਕਿਹਾ ਕਿ 20 ਸਤੰਬਰ ਨੂੰ ਸੰਗਤਾਂ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਬਟਾਲਾ ਤੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਲਈ ਰਵਾਨਾ ਹੋਣਗੀਆਂ ਜਿਥੋਂ 21 ਸਤੰਬਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਹੇਠ ਮਹਾਨ ਨਗਰ ਕੀਰਤਨ ਆਰੰਭ ਹੋ ਕੇ ਵੱਖ ਵੱਖ ਨਗਰਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਬਟਾਲਾ ਵਿਖੇ ਪੁਜੇਗਾ। 22 ਸਤੰਬਰ ਸ਼ੁੱਕਰਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਨਗਰ ਕੀਰਤਨ ਗੁਰਦੁਆਰਾ ਸ਼੍ਰੀ ਡੇਹਰਾ ਸਾਹਿਬ ਤੋ ਸਜਾਇਆ ਜਾਵੇਗਾ ਜਿਸ



ਵਿੱਚ ਮਹਾਨ ਪੰਥਕ ਸ਼ਖਸੀਅਤਾਂ ਸ਼ਮੂਲੀਅਤ ਕਰਨਗੀਆਂ। ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ ਜੱਸਲ ਨੇ ਪੁਲਸ ਤੇ ਸਿਵਲ ਪ੍ਰਸ਼ਾਸਨ ਅਤੇ ਨਗਰ ਨਿਗਮ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵਿਆਹ ਪੁਰਬ ਸਮਾਗਮਾਂ ਨੂੰ ਲੈ ਕੇ ਸੜਕਾਂ, ਸਫਾਈ, ਲਾਈਟ, ਸੁਰੱਖਿਆ ਦੇ ਯੋਗ ਪ੍ਰਬੰਧ ਕਰ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ ਤਾਂ ਕਿ ਸੰਗਤਾਂ ਨੂੰ ਕੋਈ ਮੁਸ਼ਕਿਲ ਨਾ ਹੋਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਅਮੋਲਕ ਸਿੰਘ ਕਾਰ ਸੇਵਾ ਵਾਲੇ, ਗੁਰਵਿੰਦਰ ਸਿੰਘ ਤਲਵੰਡੀ ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ, ਮਨਜੀਤ ਸਿੰਘ ਜਫਰਵਾਲ ਮੈਨੇਜਰ ਗੁਰਦੁਆਰਾ ਸ਼੍ਰੀ ਸਤਿਕਰਤਾਰੀਆਂ ਸਾਹਿਬ, ਕੁਲਵਿੰਦਰ ਸਿੰਘ ਸੈਦੋਵਾਲ ਮੈਨੇਜਰ ਗੁਰਦੁਆਰਾ ਸ਼੍ਰੀ ਅਚੱਲ ਸਾਹਿਬ, ਗਿਆਨੀ ਹਰਬੰਸ ਸਿੰਘ ਹੰਸਪਾਲ, ਗੁਰਦਰਸਨ ਸਿੰਘ, ਕ੍ਰਿਤਪਾਲ ਸਿੰਘ ਬਟਾਲਾ, ਗੁਰਵਿੰਦਰ ਸਿੰਘ ਖਾਲਸਾ ਗੁੰਥੀ,ਸਃ ਕਵਲਪ੍ਰੀਤ ਸਿੰਘ ਦੌਲਤਪੁਰ, ਹਰਵਿੰਦਰ ਸਿੰਘ ਜਫਰਵਾਲ, ਗੁਰਵਿੰਦਰ ਸਿੰਘ ਸੈਦਪੁਰ, ਗੁਰਮੁਖ ਸਿੰਘ ਕਾਦੀਆਂ: ਸਤਿੰਦਰ ਸਿੰਘ ਰਿੰਕੂ, ਹਰਭਿੰਦਰ ਸਿੰਘ, ਬਲਕਾਰ ਸਿੰਘ ਪੰਜਗਰਾਈਂ, ਰੇਸ਼ਮ ਸਿੰਘ ਖਹਿਰਾ ਅਤੇ ਗੁਰਦੀਪ ਸਿੰਘ ਆਦਿ ਹਾਜ਼ਰ ਸਨ

# ਡਾ: ਸੋਨੂੰ ਸ਼ਰਮਾ ਵੱਲੋਂ ਅਪਾਹਜ ਵਿਦਿਆਰਥੀ ਨੂੰ ਵ੍ਹੀਲਚੇਅਰ ਭੇਟ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਲੋਕ ਸੇਵਾ ਸੰਮਤੀ ਅਤੇ ਪੰਜਾਬ ਪ੍ਰਧਾਨ ਸ਼੍ਰੀ ਬ੍ਰਾਹਮਣ ਸਭਾ ਡਾ : ਸੋਨੂੰ ਸ਼ਰਮਾ ਵੱਲੋਂ ਇੱਕ ਲੋੜਵੰਦ ਅਪਾਹਜ ਵਿਦਿਆਰਥੀ ਨੂੰ ਵ੍ਹੀਲਚੇਅਰ ਭੇਟ ਕੀਤੀ ਗਈ। ਇਸ ਮੌਕੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਡਾ: ਸੋਨੂੰ ਸ਼ਰਮਾ ਨੇ ਕਿਹਾ ਕਿ ਪਰਮਾਤਮਾ ਦੀ ਭਗਤੀ ਤੋਂ ਬਾਅਦ ਜੇ ਕਿਸੇ ਹੋਰ ਉੱਤਮ ਕਰਮ ਦੀ ਗੱਲ ਕੀਤੀ ਜਾਵੇ ਤਾਂ ਉਹ ਮਾਨਵ ਸੇਵਾ ਹੀ ਹੈ।

ਮਨੁੱਖਤਾ ਦੇ ਸੇਵਕਾਂ ਲਈ ਭਗਤੀ ਦਾ ਮਾਰਗ ਸੁਖਾਲਾ ਹੋ ਜਾਂਦਾ ਹੈ। ਇਸ ਸਦਕਾ ਆਤਮ ਸੰਤੁਸ਼ਟੀ ਅਤੇ ਆਤਮ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਲੋਕ ਸੇਵਾ ਸਮਿਤੀ ਪਿੱਛਲੇ ਲੰਬੇ ਸਮੇਂ ਤੋਂ ਆਪਣੇ ਕੀਮਤੀ ਸਮੇਂ 'ਚੋਂ ਸਮਾਂ ਕੱਢ ਕੇ ਜਾਤ-ਪਾਤ, ਰੰਗ, ਨਸਲ, ਭਾਸ਼ਾ ਅਤੇ ਧਰਮ ਆਦਿ ਤੋਂ ਨਿਰਪੱਖ ਹੋ ਕੇ ਲੋੜਵੰਦਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ। ਇਸ ਮੌਕੇ ਮਾਸਟਰ ਨਰੇਸ਼ ਸ਼ਰਮਾ, ਪੱਤਰਕਾਰ ਜਸਬੀਰ ਸਿੰਘ ਸੰਧੂ, ਪੱਤਰਕਾਰ ਰਵਿੰਦਰ ਸੋਢੀ, ਪੱਤਰਕਾਰ ਰਜਿੰਦਰ ਸੈਣੀ ਅਤੇ ਪੱਤਰਕਾਰ ਪ੍ਰਿੰਸ ਆਨੰਦ ਵੀ ਹਾਜ਼ਰ ਸਨ।

# ਅੱਜ ਵੀ ਇਨਸਾਫ ਉਡੀਕ ਰਿਹੈ ਘਣੀਏ ਕੇ ਬੇਟ ਦਾ ਦਲਿਤ ਪਰਿਵਾਰ

ਬਟਾਲਾ (ਤਰਲੋਕ ਬੱਗਾ)-ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਪੰਜਾਬ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਮੋਰਚਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ ਅਤੇ ਕੁਲ ਹਿੰਦ ਕਿਸਾਨ ਸਭਾ ਦੇ ਆਗੂਆਂ ਸੁਖਦੇਵ ਸਿੰਘ ਭਾਗੋਕਾਵਾਂ, ਰਾਜ ਗੁਰਵਿੰਦਰ ਲਾਡੀ ਘੁਮਾਣ, ਗੁਲਜ਼ਾਰ ਸਿੰਘ ਬਸੰਤਕੋਟ, ਰਘਬੀਰ ਸਿੰਘ ਪਕੀਵਾਂ ਅਤੇ ਦੀ ਅਗਵਾਈ ਵਿੱਚ ਇਕ ਵਫਦ ਘਣੀਆਂ ਕੇ ਬੇਟ ਦੇ ਦਲਿਤ ਪਰਿਵਾਰ ਦੀ ਕੁਝ ਧਨਾਢ ਕਿਸਾਨਾਂ ਦੁਆਰਾ ਕਰੀਬ 3 ਏਕੜ ਬੀਜੀ ਫਸਲ ਵਾਹ ਦੇਣ ਸਬੰਧੀ ਐਸਐਸਪੀ ਬਟਾਲਾ ਵਲੋਂ ਡੀਐਸਪੀਡੀ ਨੂੰ ਸੌਂਪੀ ਗਈ ਪੜਤਾਲ ਬਾਬਤ ਮਿਲਿਆ ਅਤੇ ਵਫਦ ਵਲੋਂ ਦਸਿਆ ਗਿਆ ਕਿ ਜਗੀਰ ਸਿੰਘ ਸਾਹਬਾ ਦੇ ਪਰਿਵਾਰ ਦੀ 6 ਏਕੜ ਜੰਗਲਾਤ ਵਿਭਾਗ ਦੀ ਜਮੀਨ ਉਪਰ ਉਨ੍ਹਾਂ ਦੇ ਵੱਡੇ ਵਡੇਰਿਆਂ ਦੇ ਸਮੇਂ ਤੋਂ ਖੇਤੀ ਕੀਤੀ ਜਾ ਰਹੀ ਹੈ,ਜਿਸ ਦੀਆਂ ਗਰਦੌਰੀਆਂ ਜਗੀਰ ਸਿੰਘ ਅਤੇ ਉਸ ਦੀ ਮਾਤਾ ਦੇ ਨਾਂ ਬੋਲਦੀਆਂ ਹਨ ਅਤੇ ਬਕਾਇਦਾ ਬਟਾਲਾ ਅਦਾਲਤ 'ਚੋਂ ਇਸ ਜ਼ਮੀਨ ਦਾ ਸਟੇਅ ਵੀ ਮਿਲਿਆ ਹੋਇਆ ਹੈ ਪਰ ਇਸ ਦੇ ਬਾਵਜੂਦ ਸਤਾਧਾਰੀ ਪਾਰਟੀ ਨਾਲ ਸਬੰਧਤ ਧਨਾਢਾਂ ਨੇ ਕਰੀਬ 3 ਏਕੜ ਜ਼ਮੀਨ ਵਿਚ ਜਵਾਰ, ਬਾਜਰਾ ਅਤੇ ਤੋਰੀਏ ਦੀ ਫਸਲ ਕਰੀਬ ਇਕ ਦਰਜਨ ਲੱਠਮਾਰਾਂ ਨੂੰ ਲਿਜਾ ਕੇ ਬਰਬਾਦ ਕਰ ਦਿੱਤੀ



ਹੈ ਪਰ ਦੁੱਖ ਦੀ ਗੱਲ ਹੈ ਕਿ ਭਗਵੰਤ ਮਾਨ ਦੀ ਨਵੇਂ ਬਦਲਾਅ ਦੇ ਦਾਅਵਿਆਂ ਦੀ ਸਰਕਾਰ ਦੀ ਡੇਰਾ ਬਾਬਾ ਨਾਨਕ ਪੁਲਸ ਨੇ ਕਾਰਵਾਈ ਕਰਨੀ ਤਾਂ ਦੂਰ ਰਹੀ ਉਲਟਾ ਉਹ ਧਨਾਢਾਂ ਦੇ ਹੱਕ ਵਿੱਚ ਭੁਗਤ ਰਹੀ ਹੈ।

ਵਫਦ ਨੇ ਜਾਂਚ ਅਫਸਰ ਨੂੰ ਜਾਣੂ ਕਰਵਾ ਦਿੱਤਾ ਹੈ ਕਿ ਦੋਸ਼ੀਆਂ ਨੇ ਦਲਿਤ ਪਰਿਵਾਰ ਸਮਝ ਕੇ ਇਹ ਕਾਰਵਾਈ ਕੀਤੀ ਹੈ। ਉਨ੍ਹਾਂ ਵਿਰੁੱਧ ਐੱਸਸੀ, ਐੱਸਟੀ ਐਕਟ ਸਮੇਤ ਫਸਲ ਵਾਹ ਦੇਣ ਦਾ ਕੇਸ ਦਰਜ ਕਰਨਾ ਬਣਦਾ ਹੈ।

ਇਸ ਸਮੇਂ ਪਲਵਿਦਰ ਸਿੰਘ ਕਿਲਾ ਨੱਥੂ ਸਿੰਘ, ਗੁਰਮੀਤ ਸਿੰਘ ਢਡਿਆਲਾ ਨਜਾਰਾ, ਅਸ਼ਵਨੀ ਕੁਮਾਰ ਲੱਖਣਕਲਾਂ, ਦਲਬੀਰ ਭੋਲਾ, ਸ਼ਮਸ਼ੇਰ ਨਵਾਂ ਪਿੰਡ ਅਤੇ ਸਲਵਿਦਰ ਸਿੰਘ ਗੋਸਲ ਸ਼ਾਮਲ ਸਨ।

# ਬਲਦੇਵ ਸਿੰਘ ਛਾਪਾ ਨੂੰ ਸਰਪੰਚੀ ਦਾ ਉਮੀਦਵਾਰ ਐਲਾਨਿਆ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਹਲਕਾ ਤਰਨਤਾਰਨ ਦੇ ਅਧੀਨ ਆਉਂਦੇ ਪਿੰਡ ਛਾਪਾ ਵਿਖੇ ਐਤਵਾਰ ਨੂੰ ਸਰਪੰਚ ਦੀਆਂ ਚੋਣਾਂ ਨੂੰ ਲੈਣ ਕੇ ਆਗਾਜ਼ ਕੀਤਾ ਗਿਆ ਜਿਸ ਵਿੱਚ ਪਿੰਡ ਵਾਸੀ ਸਾਬਕਾ ਚੇਅਰਮੈਨ ਨਰਿੰਦਰ ਸਿੰਘ ਛਾਪਾ, ਹਰਜੋਤ ਸਿੰਘ ਛਾਪਾ, ਪ੍ਰੀਤਮ ਸਿੰਘ ਛਾਪਾ, ਚਰਨਜੀਤ ਸਿੰਘ ਛਾਪਾ, ਹਰਜਿੰਦਰ ਸਿੰਘ ਫੌਜੀ, ਕੁਲਵਿੰਦਰ ਸਿੰਘ ਕੰਵਲ, ਜਥੇਦਾਰ ਰੇਸ਼ਮ ਸਿੰਘ, ਮਾਨਬੀਰ ਸਿੰਘ, ਰਾਜੂ ਮੋਟਾ, ਪਿੰਦਾ ਸਰਪੰਚ, ਦੇਬਾ ਦੋਧੀ, ਜਸਪਾਲ ਸਿੰਘ ਨਿੰਦੀ, ਮਿਸਤਰੀ ਕੁਲਵੰਤ ਸਿੰਘ, ਹਰਦੇਵ ਸਿੰਘ ਬਾਉ, ਕੁਲਵਿੰਦਰ ਸਿੰਘ, ਮਨਜੀਤ ਸਿੰਘ ਦੋਧੀ, ਬਾਗਾਂ ਡੀਪੂ ਵਾਲੇ, ਜੱਤਾ, ਸਾਬਕਾ ਸਰਪੰਚ ਕੁਲਵੰਤ ਸਿੰਘ, ਸਾਬਕਾ ਮੈਂਬਰ ਬਲਬੀਰ ਸਿੰਘ, ਮੈਂਬਰ ਪੰਚਾਇਤ ਵੀਰ ਸਿੰਘ, ਮਹਿਲ ਸਿੰਘ, ਬਲਕਾਰ ਸਿੰਘ, ਬਾਬਾ ਸੁੱਖਾ ਸਿੰਘ, ਗੋਪੀ, ਬਚਿੱਤਰ ਸ਼ਾਹ, ਜੱਸੀ ਸਿੰਘ, ਗੁਰਵਿੰਦਰ ਸਿੰਘ, ਪੋਪਾ ਸਰਪੰਚ, ਸਰਪੰਚ ਮੰਗਲ ਸਿੰਘ, ਮੋਟਾ ਸੁੱਖਾ, ਬਲਜਿੰਦਰ ਸਿੰਘ ਰਾਜੂ, ਡਾ ਬਲਜੀਤ ਸਿੰਘ, ਬਲਜਿੰਦਰ ਸਿੰਘ, ਗੁਰਨਾਮ ਸਿੰਘ, ਗੁਰਲਾਲ ਸਿੰਘ, ਬਸੰਤ ਸਿੰਘ, ਸੋਨੀ ਫੌਜੀ , ਇਕਬਾਲ ਸਿੰਘ, ਗੁਰਿੰਦਰ ਸਿੰਘ ਆਦਿ ਹਾਜ਼ਰ ਹੋਏ ਤੇ ਸਾਰਿਆਂ ਨੇ ਸਲਾਹ ਮਸ਼ਵਰਾ ਕਰਕੇ ਪਿੰਡ ਦੇ ਬਲਦੇਵ ਸਿੰਘ ਛਾਪਾ ਨੂੰ ਆਉਣ ਵਾਲੀਆਂ ਪੰਚਾਇਤ ਦੀਆਂ ਚੋਣਾਂ ਵਿੱਚ ਸਰਪੰਚ ਦਾ ਉਮੀਦਵਾਰ ਐਲਾਨਿਆ। ਇਸ ਮੌਕੇ ਮੀਟਿੰਗ ਦੌਰਾਨ ਪਿੰਡ ਵਾਸੀਆਂ ਨੇ ਕਿਹਾ ਕਿ ਬਲਦੇਵ ਸਿੰਘ ਛਾਪਾ ਬਹੁਤ ਵਧੀਆ ਇਨਸਾਨ ਹਨ। ਇਨ੍ਹਾਂ ਦੇ ਸਰਪੰਚ ਬਣਨ ਨਾਲ ਪਿੰਡ ਹੋਰ ਤਰੱਕੀ ਕਰੇਗਾ ਤੇ ਪਿੰਡ ਵਿਚ ਹੋਣ ਵਾਲੇ ਵਿਕਾਸ ਕਾਰਜ ਪਹਿਲ ਦੇ ਅਧਾਰ ਤੇ ਹੋਣਗੇ।

# ਨਿਸ਼ਾਨੇਬਾਜ਼ ਦਿਵਿਆਂਸ਼ ਨੂੰ 1 ਲੱਖ ਦਾ ਚੈੱਕ ਭੇਟ



ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਦੇ ਹੋਣਹਾਰ ਵਿਦਿਆਰਥੀ ਅਤੇ ਸ਼ੂਟਿੰਗ ਦੇ ਵੱਖ-ਵੱਖ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ 'ਤੇ 1 ਲੱਖ ਰੁਪਏ ਦਾ ਚੈੱਕ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਇਹ ਚੈਕ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਪਲੇਅਰ ਦਿਵਿਆਂਸ਼ ਪਨਵਰ ਵੱਲੋਂ ਉਚ ਪੱਧਰ ਦੇ ਵੱਖ-ਵੱਖ ਮੁਕਾਬਲਿਆਂ 'ਚ ਸੋਨਾ ਅਤੇ ਚਾਂਦੀ ਦੇ ਤਮਗੇ ਹਾਸਲ ਕਰਨ 'ਤੇ ਹੌਸਲਾ ਅਫ਼ਜ਼ਾਈ ਵਜੋਂ ਦਿੱਤਾ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਸਰੀਰਿਕ ਸਿੱਖਿਆ ਵਿਭਾਗ ਦੇ ਮੁੱਖੀ ਡਾ. ਦਲਜੀਤ ਸਿੰਘ ਦੀ ਮੌਜੂਦਗੀ 'ਚ ਖਿਡਾਰੀ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਦਿਵਿਆਂਸ਼ ਨੇ ਆਈ. ਐਸ. ਐਸ. ਐਫ਼. ਵਰਲਡ ਕੱਪ 'ਚ ਸੋਨੇ, ਚਾਈਨਾ ਵਿਖੇ ਹੋਏ ਵਰਲਡ ਯੂਨੀਵਰਸਿਟੀ ਗੇਮਜ਼ 2023 'ਚ ਇਕ ਸੋਨਾ ਅਤੇ 2 ਚਾਂਦੀ ਦੇ ਤਮਗੇ ਹਾਸਲ ਕੀਤੇ, ਜਿਸ 'ਚ ਇਕ ਚਾਂਦੀ ਦਾ ਤਮਗਾ ਸਾਂਝੀ ਟੀਮ ਦੇ ਮੁਕਾਬਲੇ 'ਚ ਜਿੱਤਿਆ। ਉਨ੍ਹਾਂ ਕਿਹਾ ਕਿ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਵਿਦਿਆਰਥੀਆਂ ਨੂੰ ਵਿੱਦਿਆ ਦੇ ਨਾਲ-ਨਾਲ ਹੋਰਨਾਂ ਸਰਗਰਮੀਆਂ 'ਚ ਨਿਪੁੰਨਤਾ ਲਈ ਹਰੇਕ ਪ੍ਰਕਾਰ ਦੀ ਜਾਇਜ਼ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਉਹ ਆਪਣੇ ਭਵਿੱਖ ਨੂੰ ਸੁਨਹਿਰਾ ਕਰ ਸਕਣ। ਇਸ ਮੌਕੇ ਉਨ੍ਹਾਂ ਨੇ ਖਿਡਾਰੀ ਨੂੰ ਜੀਵਨ 'ਚ ਹੋਰ ਪ੍ਰਾਪਤੀਆਂ ਤੇ ਉਚਾਈਆਂ ਛੂਹਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਡਾ. ਤਮਿੰਦਰ ਸਿੰਘ ਭਾਟੀਆ, ਦੀਪਕ ਦੇਵਗਨ ਹਾਜ਼ਰ ਸਨ।

# ਦਿਹਾਤੀ ਮਜ਼ਦੂਰ ਸਭਾ ਵੱਲੋਂ 4 ਸਤੰਬਰ ਨੂੰ ਵਿਸ਼ਾਲ ਧਰਨਾ ਦੇਣ ਦਾ ਐਲਾਨ

ਪਠਾਨਕੋਟ (**ਦਵਿੰਦਰ ਸਿੰਘ**)-ਗਰੀਬ ਪਰਿਵਾਰਾਂ ਦੇ ਨਜਾਇਜ਼ ਕੱਟੇ ਰਾਸ਼ਨ ਕਾਰਡ ਬਹਾਲ, ਡਿੱਪੂ ਹੋਲਡਰਾਂ ਵਲੋਂ ਕਣਕ ਘੱਟ ਦੇਣ, ਬਿਨਾਂ ਕਿਸੇ ਕਾਰਨ ਕੁਝ ਮੈਂਬਰਾਂ ਦੇ ਨਾਮ ਰਾਸ਼ਨ ਕਾਰਡ ਚੋਂ ਕੱਟਣ ਅਤੇ ਲੋੜਵੰਦ ਗਰੀਬ ਲੋਕਾਂ ਦੇ ਨਵੇਂ ਰਾਸ਼ਨ ਕਾਰਡ ਬਣਵਾਉਣ ਵਿੱਚ ਪੰਜਾਬ ਸਰਕਾਰ ਅਤੇ ਫੂਡ ਤੇ ਸਿਵਲ ਸਪਲਾਈ ਦੇ ਅਧਿਕਾਰੀਆਂ ਵਲੋਂ ਡੰਗ ਟਪਾਊ ਦੀ ਢਿੱਲ ਮੱਠ ਨੀਤੀ ਅਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰਨ ਦੇ ਖਿਲਾਫ ਦਿਹਾਤੀ ਮਜ਼ਦੂਰ ਸਭਾ ਦੀ ਅਗਵਾਈ ਹੇਠ 4 ਸਤੰਬਰ 2023 ਤੋਂ ਜ਼ਿਲ੍ਹਾ ਹੈੱਡਕੁਆਰਟਰ ਪਠਾਨਕੋਟ ਵਿਖੇ ਲਗਾਤਾਰ ਧਰਨਾ ਦੇਣ ਦਾ ਪ੍ਰੋਗ੍ਰਾਮ ਉਲੀਕਿਆ ਗਿਆ ਹੈ। ਉਪਰੋਕਤ ਮੰਗਾਂ/ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਗਰੀਬ ਲੋਕਾਂ ਨੂੰ ਪਰਿਵਾਰਾਂ ਸਮੇਤ ਧਰਨੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ। ਉਪਰੋਕਤ ਮੰਗਾਂ ਬਾਰੇ ਜਾਣਕਾਰੀ ਦਿੰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਅਜੀਤ ਰਾਮ ਗੰਦਲਾਂ ਲਾਹੜੀ ਅਤੇ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਜਦੋਂ ਦੇ ਗਰੀਬ ਲੋਕਾਂ ਦੇ ਨਜਾਇਜ਼ ਰਾਸ਼ਨ ਕਾਰਡ ਕੱਟੇ ਗਏ ਹਨ ਲੋਕ ਆਪ ਮੁਹਾਰੇ ਲਗਾਤਾਰ ਡਿਪੂ ਹੋਲਡਰਾਂ ਅਤੇ ਫੂਡ ਤੇ ਸਿਵਲ ਸਪਲਾਈ ਵਿਭਾਗ ਦੇ ਦਫਤਰ ਵਿੱਚ ਗੇੜੇ ਮਾਰ-ਮਾਰ ਥੱਕ ਹਾਰ ਗਏ ਹਨ ਸਿਵਾਏ ਲਾਰਿਆਂ ਦੇ ਕੁੱਝ ਪੱਲੇ ਨਹੀਂ ਪਿਆ। ਮੀਟਿੰਗ ਵਿੱਚ ਸ਼ਾਮਲ ਸੀਟੀਯੂ ਪੰਜਾਬ ਦੇ ਆਗੂ ਮਾਸਟਰ ਸੁਭਾਸ਼ ਸ਼ਰਮਾ ਨੇ ਮਜ਼ਦੂਰਾਂ ਦੀਆਂ ਮੰਗਾਂ ਦੀ ਹਮਾਇਤ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਧਰਨੇ ਵਿੱਚ ਪੰਜਾਬ ਨਿਰਮਾਣ ਯੂਨੀਅਨ ਅਤੇ ਪੰਜਾਬ ਘਰੇਲੂ ਮਜ਼ਦੂਰ ਯੂਨੀਅਨ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਆਪਣੇ ਆਪਣੇ ਏਰੀਏ ਵਿੱਚੋਂ ਨਜਾਇਜ਼ ਕੱਟੇ ਰਾਸ਼ਨ ਕਾਰਡ ਦੇ ਪਰਿਵਾਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਲੋਕਾਂ ਨੂੰ 4 ਸਤੰਬਰ ਦੇ ਧਰਨੇ ਵਿੱਚ ਸ਼ਾਮਲ ਕਰਾਉਣ ਦਾ ਹਰ ਸੰਭਵ ਯਤਨ ਕੀਤਾ ਜਾਵੇ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਬਲਕਾਰ ਚੰਦ ਭਰਿਆਲ ਲਾਹੜੀ, ਦਰਸ਼ਨ ਸਿੰਘ ਅਖਰੋਟਾ, ਯਸ਼ਪਾਲ, ਸੋਹਨ ਲਾਲ, ਵਿਜੇ ਕੁਮਾਰ ਪਲਾਹ, ਦਰਸ਼ਨ ਸਿੰਘ ਜਿਆਣੀ, ਅਸ਼ਵਨੀ ਕੁਮਾਰ, ਜਗੀਰ ਸਿੰਘ ਰਣਜੀਤ ਕੁਮਾਰ ਅਤੇ ਹੋਰ ਸਾਥੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

# ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਦੇ ਅਚਨਚੇਤ ਅਕਾਲ ਚਲਾਣਾ ਕਰ ਜਾਣ 'ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਇੰਗਲੈਂਡ ਤੋਂ ਉਨ੍ਹਾਂ ਦੇ ਪਰਿਵਾਰ ਨਾਲ ਫੋਨ 'ਤੇ ਸਮੂਹ ਨਿਹੰਗ ਸਿੰਘ ਦਲਾਂ ਵੱਲੋਂ ਹਮਦਰਦੀ ਪ੍ਰਗਟ ਕਰਦਿਆਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਗਿਆਨੀ ਜਗਤਾਰ ਸਿੰਘ ਦੀਆਂ ਕੀਤੀਆਂ ਸੇਵਾਵਾਂ ਨੂੰ ਖ਼ਾਲਸਾ ਪੰਥ ਹਮੇਸ਼ਾ ਯਾਦ ਰੱਖੇਗਾ।

ਉਹ ਗੁਰਮਤਿ ਰੰਗ ਵਿੱਚ ਰੰਗੀ ਹੋਈ ਗੁਣੀ ਗਿਆਨੀ ਸ਼ਖ਼ਸ਼ੀਅਤ ਦੇ ਮਾਲਕ ਸਨ, ਉਨ੍ਹਾਂ ਦੇ ਜਾਣ ਨਾਲ ਸਿੱਖ ਪੰਥ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।

ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ, ਪਿੱਛੇ ਪਰਿਵਾਰ ਅਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰਨ। ਉਨ੍ਹਾਂ ਦੇ ਅੰਤਿਮ ਯਾਤਰਾ ਸਸਕਾਰ ਮੌਕੇ ਬੁੱਢਾ ਦਲ ਵੱਲੋਂ ਭਗਤ ਸਿੰਘ ਤੇ ਸਾਥੀ, ਬਾਕੀ ਵੱਖ-ਵੱਖ ਨਿਹੰਗ ਸਿੰਘ ਦਲਾਂ ਦੇ ਮੁਖੀ ਉਚੇਚੇ ਤੌਰ 'ਤੇ ਸ਼ਾਮਲ ਸਨ।

# ਰੱਖੜੀ ਦੇ ਤਿਓਹਾਰ ਮੌਕੇ ਬਾਜ਼ਾਰਾਂ 'ਚ ਲੱਗੀਆਂ ਰੌਣਕਾਂ



**ਕਲਾਨੌਰ (ਮਨਦੀਪ ਕੁਮਾਰ)**-ਸਾਲ ਵਿੱਚ ਇੱਕ ਵਾਰ ਆਉਂਦਾ ਹੈ ਭੈਣ ਭਰਾ ਦੇ ਪਵਿੱਤਰ ਰਿਸ਼ਤੇ ਦਾ ਤਿਉਹਾਰ ਰੱਖੜੀ ਜਿਸ ਨੂੰ ਲੈ ਕੇ ਅੱਜਕੱਲ ਬਾਜ਼ਾਰਾਂ ਵਿੱਚ ਭਾਰੀ ਰੌਣਕਾਂ ਲੱਗੀਆਂ ਹੋਈਆਂ ਹਨ। ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਤੇ ਪਿਆਰ ਦਾ ਪ੍ਰਤੀਕ ਰਕਸ਼ਾ ਬੰਧਨ ਦੇ ਤਿਉਹਾਰ ਨੂੰ ਲੈ ਕੇ ਬਜ਼ਾਰਾਂ ਵਿੱਚ ਰੱਖੜੀਆਂ ਦੀ ਖਰੀਦੋ ਫਰੋਖਤ ਪੂਰੇ ਜ਼ੋਰਾਂ 'ਤੇ ਹੈ ਅਤੇ ਮਹਿਲਾਵਾਂ ਅਤੇ ਲੜਕੀਆਂ ਵੱਲੋਂ ਵਿਦੇਸਾਂ ਅਤੇ ਦੂਰ-ਦੁਰਾਡੇ ਰਹਿੰਦੇ ਆਪਣੇ ਭਰਾਵਾਂ ਲਈ ਰੱਖੜੀਆਂ ਖਰੀਦ ਕੇ ਕੋਰੀਅਰ ਅਤੇ ਡਾਕ ਰਾਹੀਂ ਭੇਜੀਆਂ ਜਾ ਰਹੀਆਂ ਹਨ। ਕਲਾਨੌਰ ਦੇ ਬਾਜਾਰ ਵਿੱਚ ਲੱਗੀਆਂ ਰੱਖੜੀਆਂ ਅਤੇ ਹਲਵਾਈਆਂ ਦੀਆਂ ਦੁਕਾਨਾਂ ਤੇ ਚਹਿਲ-ਪਹਿਲ ਵੇਖਣ ਨੂੰ ਮਿਲ ਰਹੀ ਹੈ। ਇਸ ਮੌਕੇ ਦੁਕਾਨਾਂ ਤੋਂ ਰੱਖੜੀਆਂ ਦੀ ਖਰੀਦ ਕਰ ਰਹੀਆਂ ਮਹਿਲਾਵਾਂ ਮਨਪ੍ਰੀਤ ਕੌਰ, ਜਸਵਿੰਦਰ ਕੌਰ, ਕੁਲਵਿੰਦਰ ਕੌਰ, ਬਲਵਿੰਦਰ ਕੌਰ, ਹਰਜੀਤ ਕੌਰ, ਸ਼ਿਵਾਨੀ, ਰਾਜ ਕੁਮਾਰੀ, ਗੀਟਾ, ਰੇਖਾ ਰਾਣੀ ਆਦਿ ਨੇ ਦੱਸਿਆ ਕਿ ਭੈਣ ਤੇ ਭਰਾ ਦੇ ਪਵਿੱਤਰ ਰਿਸ਼ਤੇ ਦੇ ਪ੍ਰਤੀਕ ਤਿਉਹਾਰ ਰੱਖੜੀ ਮੌਕੇ ਆਪਣੇ ਭਰਾਵਾਂ ਦੀ ਲੰਮੀ ਉਮਰ ਦੀ ਕਾਮਨਾ ਕਰਦਿਆਂ ਹੋਇਆਂ ਉਨ੍ਹਾਂ ਲਈ ਖਰੀਦੋ ਫਰੋਖਤ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਪਿਛਲੇ ਸਮਿਆਂ ਵਿੱਚ ਜਿੱਥੇ ਉਨ੍ਹਾਂ ਦੇ ਵੱਡੇ-ਵਡੇਰਿਆਂ ਵਲੋਂ ਰੱਖੜੀ ਦੇ ਤਿਉਹਾਰ ਤੋਂ ਪਹਿਲਾਂ ਘਰਾਂ ਵਿੱਚ ਹੀ ਧਾਗੇ ਅਤੇ ਉਨ ਦੀਆਂ ਰੱਖੜੀਆਂ ਆਪਣੇ ਹੱਥਾਂ ਨਾਲ ਤਿਆਰ ਕੀਤੀਆਂ ਜਾਂਦੀਆਂ ਸਨ ਪਰੰਤੂ ਅੱਜ ਤੇ ਕੰਪਿਊਟਰ ਯੁੱਗ ਅਤੇ ਫੈਸ਼ਨ ਦੇ ਦੌਰ ਵਿੱਚ ਹੱਥਾਂ ਨਾਲ ਤਿਆਰ ਹੋਣ ਵਾਲੀਆਂ ਦਾ ਰੁਝਾਨ ਘਟਿਆ ਹੈ। ਅੱਜ ਦੇ ਮਸ਼ੀਨੀ ਯੁੱਗ ਵਿੱਚ ਫੈਂਸੀ ਰੱਖੜੀਆਂ ਦਾ ਰੁਝਾਨ ਵਧਿਆ ਹੈ। ਇਸ ਮੌਕੇ ਤੇ ਉਨ੍ਹਾਂ ਕਿਹਾ ਕਿ ਰੱਖੜੀ ਦੇ ਤਿਉਹਾਰ ਮੌਕੇ ਭੈਣ ਆਪਣੇ ਭਰਾ ਨੂੰ ਤਿਲਕ ਲਗਾਉਂਦੀ ਹੈ ਅਤੇ ਉਸਦੀ ਲੰਬੀ ਉਮਰ ਦੀ ਕਾਮਨਾ ਕਰਦੀ ਹੈ। ਭਰਾ ਵੀ ਸਾਰੀ ਉਮਰ ਭੈਣ ਦੇ ਦੁੱਖ-ਸੁੱਖ ਵਿਚ ਸਾਥ ਦੇਣ ਦਾ ਵਾਅਦਾ ਕਰਦਾ ਹੈ ਅਤੇ ਭੈਣ ਨੂੰ ਪਿਆਰ ਦੇ ਰੂਪ ਵਿਚ ਤੋਹਫੇ ਵੀ ਦਿੰਦਾ ਹੈ।

ਇਸ ਮੌਕੇ ਮਹਿਲਾਵਾਂ ਨੇ ਦੱਸਿਆ ਕਿ ਇਸ ਤਿਉਹਾਰ ਨੂੰ ਮਨਾਉਣ ਦੀ ਪਰੰਪਰਾ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਰਕਸ਼ਾ ਬੰਧਨ ਦੇ ਤਿਉਹਾਰ ਨੂੰ ਮਨਾਉਣ ਲਈ ਰੱਖੜੀਆਂ ਦੀ ਖਰੀਦੋ ਫਰੋਕਤ ਵੱਡੇ ਪੱਧਰ ਤੇ ਕੀਤੀ ਜਾ ਰਹੀ ਹੈ। ਇਸ ਮੌਕੇ ਰੱਖੜੀ ਵੇਚਣ ਵਾਲੇ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਇਸ ਵਾਰ ਰੱਖੜੀ ਦਾ ਰੇਟ ਪਹਿਲੇ ਸਾਲ ਨਾਲੋਂ ਵਧੀਆ ਹੈ ਪ੍ਰੰਤੂ ਇਸਦੇ ਬਾਵਜੂਦ ਵੀ ਭੈਣਾਂ ਵੱਲੋਂ ਆਪਣੇ ਭਰਾਵਾਂ ਲਈ ਮਹਿੰਗੀਆਂ ਮਹਿੰਗੀਆਂ ਫੈਂਸੀ ਰੱਖੜੀਆਂ ਖਰੀਦਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਫੋਟੋ ਵਾਲੀਆਂ ਰੱਖੜੀਆਂ ਬਣਾਉਣ ਦੀ ਵੀ ਹੋੜ ਲੱਗੀ ਹੋਈ ਹੈ।

# 'ਟਰੱਕਿੰਗ ਇਜ਼ ਹਾਰਡ; ਚੂਜ਼ਿੰਗ ਇੰਜਨ ਆਇਲ ਸੂਡੈਂਟ ਬੀ' ਲਾਂਚ

ਅੰਮ੍ਰਿਤਸਰ : ਮੋਬਿਲ ਨੇ ਅੱਜ ਆਪਣਾ ਨਵਾਂ ਅਭਿਆਨ 'ਟਰੱਕਿੰਗ ਇਜ਼ ਹਾਰਡ; ਚੂਜ਼ਿੰਗ ਇੰਜਨ ਆਇਲ ਸੂਡੈਂਟ ਬੀ' ਨੂੰ ਲਾਂਚ ਕੀਤਾ, ਜਿਸਦਾ ਉਦੇਸ਼ ਟਰੱਕ ਡਰਾਈਵਰਾਂ ਨੂੰ ਆਪਣੇ ਟਰੱਕ ਲਈ ਸਹੀ ਗੁਣਵੱਤਾ ਵਾਲੇ ਇੰਜਨ ਆਇਲ ਚੁਣਨ ਵਿੱਚ ਮਦਦ ਕਰਨਾ ਹੈ।

ਇਸ ਮੌਕੇ ਐਕਸੋਨਮੋਬਿਲ ਲਿਊਬ੍ਰੀਕੈਂਟ ਪ੍ਰਾਈਵੇਟ ਲਿਮਟਿਡ ਦੇ ਕਾਰਜਕਾਰੀ ਮੁੱਖ ਅਧਿਕਾਰੀ ਵਿਪਿਨ ਰਾਣਾ ਨੇ ਕਿਹਾ ਕਿ ਸਾਰੀਆਂ ਸਥਿਤੀਆਂ ਵਿੱਚ ਟਰੱਕ ਦੇ ਇੰਜਨ ਨੂੰ ਖਰਾਬ ਹੋਣ ਤੋਂ ਬਚਾਉਣ ਅਤੇ ਟਰੱਕ ਡਰਾਈਵਰਾਂ ਅਤੇ ਕਾਰੋਬਾਰਾਂ ਨੂੰ ਵਧਣ-ਫੁੱਲਣ ਵਿੱਚ ਮਦਦ ਕਰਨ ਲਈ ਮੋਬਿਲ ਡੇਲਵੈਕ 100 ਸਾਲਾਂ ਤੋਂ ਵਿਸ਼ੇਸ਼ ਕੋਸ਼ਿਸ਼ ਕਰ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਇਸਦੇ ਇਲਾਵਾ ਸਾਡੇ 50% ਪੋਸਟ-ਕੰਜ਼ਿਊਮਰ ਰਿਸਾਈਕਲਡ (ਪੀਸੀਆਰ) ਪਾਇਲ ਅਤੇ ਅੰਡਰਾਈਟਰਸ ਲੈਬੋਰੇਟਜ਼ ਕਾ ਜ਼ੀਰੋ ਵੇਸਟ ਟੂ ਲੈਂਡਫਿਲ ਪ੍ਰਮਾਣ ਇਸ ਗੱਲ ਦੀਆਂ ਉਦਾਹਰਨਾਂ ਹਨ ਕਿ ਅਸੀਂ ਆਪਣੀ ਸਥਿਰਤਾ ਨੂੰ ਤਰਜੀਹ ਦਿੰਦੇ ਹਾਂ।

# ਲੋਕ ਭਿਆਨਕ ਬਿਮਾਰੀਆਂ ਤੋਂ ਬਚਣ ਲਈ ਆਲੇ-ਦੁਆਲੇ ਦੀ ਸਾਫ-ਸਫਾਈ ਵੱਲ ਖਾਸ ਧਿਆਨ ਦੇਣ : ਐੱਸਐੱਮਓ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਲੋਕ ਭਿਆਨਕ ਬਿਮਾਰੀਆਂ ਤੋਂ ਬਚਣ ਲਈ ਆਪਣੇ ਆਲੇ-ਦੁਆਲੇ ਦੀ ਸਾਫ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ। ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਡੇਂਗੂ ਦਾ ਇਲਾਜ ਨੀਮ-ਹਕੀਮਾਂ ਤੋਂ ਕਰਾਉਣ ਦੀ ਬਜਾਏ ਉਹ ਸਿਰਫ ਮਾਹਿਰ ਡਾਕਟਰ ਤੇ ਸਰਕਾਰੀ ਸਿਹਤ ਸੰਸਥਾ ਤੋਂ ਹੀ ਕਰਵਾਉਣ।

ਇਸਦੇ ਨਾਲ ਹੀ ਸਿਹਤ ਵਿਭਾਗ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਡੇਂਗੂ ਦੀ ਬਿਮਾਰੀ ਵਿੱਚ ਬਹੁਤੀਆਂ ਦਵਾਈਆਂ ਖਾਣ ਦੀ ਲੋੜ ਨਹੀਂ ਹੁੰਦੀ ਬਲਕਿ ਇਸ ਬਿਮਾਰੀ ਵਿੱਚ ਤਰਲ ਪਦਾਰਥ ਵੱਧ ਤੋਂ ਵੱਧ ਪੀਣੇ ਚਾਹੀਦੇ ਹਨ।

ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਨੀਅਰ ਮੈਡੀਕਲ ਅਫਸਰ ਡਾਃ ਹਰਪਾਲ ਸਿੰਘ ਨੇ ਡੇਂਗੂ ਦੀ ਬਿਮਾਰੀ ਸਬੰਧੀ ਦੱਸਿਆਂ ਕਿ ਡੇਂਗੂ ਦੀ ਬਿਮਾਰੀ ਵਿੱਚ ਜ਼ਿਆਦਾ ਦਵਾਈਆਂ ਨਹੀਂ ਖਾਣੀਆਂ ਚਾਹੀਦੀਆਂ ਕਿਉਂਕਿ ਇਸ ਨਾਲ ਪਲੇਟਲੈਟ ਸੈੱਲ ਹੋਰ ਘਟ ਜਾਂਦੇ ਹਨ। ਉਨਾਂ ਕਿਹਾ ਕਿ ਡੇਂਗੂ ਦੀ ਬਿਮਾਰੀ ਦੌਰਾਨ ਵੱਧ ਤੋਂ ਵੱਧ ਤਰਲ ਪਦਾਰਥ ਪੀਣੇ ਚਾਹੀਦੇ ਹਨ। ਉਨਾਂ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਲੋਕ ਡੇਂਗੂ ਦੀ ਬਿਮਾਰੀ ਹੋਣ 'ਤੇ ਨੀਮ-ਹਕੀਮਾਂ ਦੇ ਚੱਕਰ ਵਿੱਚ ਫਸ



ਜਾਂਦੇ ਹਨ, ਜਿਸ ਕਾਰਨ ਇਹ ਬਿਮਾਰੀ ਹੋਰ ਵੀ ਖਤਰਨਾਕ ਰੂਪ ਧਾਰਨ ਕਰ ਜਾਂਦੀ ਹੈ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਇਸ ਬਿਮਾਰੀ ਤੋ ਘਬਰਾਉਣ ਦੀ ਕੋਈ ਲੋੜ ਨਹੀ , ਪਰ ਡੇਂਗੂ ਦੇ ਇਲਾਜ ਲਈ ਸਰਕਾਰੀ ਸਿਹਤ ਸੰਸਥਾ ਵਿੱਚ ਹੀ ਪਹੁੰਚ ਕਰਨੀ ਚਾਹੀਦੀ ਹੈ। ਡਾ. ਹਰਪਾਲ ਸਿੰਘ ਨੇ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ-ਪਾਣੀ ਵਿੱਚ ਪਲਦਾ ਹੈ ਅਤੇ ਜਿਹੜਾ ਪਾਣੀ ਸੱਤ ਦਿਨ ਤੱਕ ਖੜਾ ਰਹੇ, ਉਥੇ ਇਹ ਮੱਛਰ ਤਿਆਰ ਹੋ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਇਸ ਲਈ ਜ਼ਰੂਰੀ ਹੈ ਕਿ ਅਸੀਂ ਘਰਾਂ, ਦੁਕਾਨਾਂ, ਦਫਤਰਾਂ ਅਤੇ ਹੋਰ ਥਾਵਾਂ 'ਤੇ ਪਏ ਵਾਧੂ ਸਮਾਨ, ਜਿਸ ਵਿਚ ਮੀਂਹ ਆਦਿ ਦਾ ਪਾਣੀ ਖੜ੍ਹ ਸਕਦਾ ਹੈ, ਉਸ ਨੂੰ ਸਾਫ ਕਰਦੇ ਰਹੀਏ। ਇਸ ਤੋਂ ਇਲਾਵਾ ਹਰ ਹਫਤੇ ਕੂਲਰਾਂ, ਗਮਲਿਆਂ ਜਾਂ ਪੌਦੇ ਲਗਾਉਣ ਲਈ ਰੱਖੀਆਂ ਬੋਤਲਾਂ ਆਦਿ ਦਾ ਪਾਣੀ ਬਦਲਣਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਡੇਂਗੂ ਦਾ ਮੱਛਰ ਆਮ ਮੱਛਰ ਨਾਲੋਂ ਵੱਡਾ ਅਤੇ ਉਸਦੇ ਸਰੀਰ 'ਤੇ ਧਾਰੀਆਂ ਹੁੰਦੀਆਂ ਹਨ।

ਇਹ ਸਵੇਰ ਜਾਂ ਸ਼ਾਮ ਦੇ ਸਮੇਂ ਕੱਟਦਾ ਹੈ ਅਤੇ ਡੰਗ ਵੀ ਤਿੱਖਾ ਮਾਰਦਾ ਹੈ। ਇਹ ਆਮ ਤੌਰ 'ਤੇ ਪਰਦਿਆਂ, ਫੋਟੋ ਫਰੇਮਾਂ, ਟੇਬਲ-ਕੁਰਸੀਆਂ ਦੇ ਹੇਠਾਂ ਜਾਂ ਹੋਰ ਠੰਡੀਆਂ ਥਾਵਾਂ 'ਤੇ ਹੁੰਦਾ ਹੈ।

ਡਾ. ਹਰਪਾਲ ਸਿੰਘ ਨੇ ਕਿਹਾ ਕਿ ਡੇਂਗੂ ਅਤੇ ਮਲੇਰੀਆ ਦੀਆਂ ਬਿਮਾਰੀਆਂ ਤੋਂ ਬਚਣ ਲਈ ਸਾਨੂੰ ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ ਅਤੇ ਆਪਣੇ ਆਲੇ-ਦੁਆਲੇ ਪਾਣੀ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਤ ਸਾਉਣ ਸਮੇਂ ਮੱਛਰਦਾਨੀ ਜਾਂ ਮੱਛਰ ਭਜਾਊ ਕਰੀਮਾਂ ਆਦਿ ਦੀ ਵਰਤੋਂ ਕਰਨੀਂ ਚਾਹੀਦੀ ਹੈ।

ਇਸ ਮੌਕੇ ਮੈਡੀਕਲ ਅਫਸਰ ਡਾ: ਜਤਿੰਦਰ ਸਿੰਘ ਨੇ ਵੀ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਹਸਪਤਾਲ ਦੀ ਸਾਫ ਸਫਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਹਸਪਤਾਲ ਦੇ ਕਰਮਚਾਰੀਆਂ ਦਾ ਪੂਰਨ ਸਹਿਯੋਗ ਕਰਨ ਤੇ ਬਾਥਰੂਮਾਂ ਵਿੱਚ ਗੰਦਗੀ ਨਾ ਫੈਲਾਉਣ। ਇਸ ਮੌਕੇ ਮੈਡੀਕਲ ਅਫਸਰ ਡਾ: ਪ੍ਰਗਤੀ ਸਿੰਘ ਤੋ ਇਲਾਵਾ ਹਸਪਤਾਲ ਦਾ ਹੋਰ ਵੀ ਸਟਾਫ ਹਾਜ਼ਰ ਸੀ ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਧਰਨੇ-ਮੁਜ਼ਾਹਰਿਆਂ ਦੀਆਂ ਤਿਆਰੀਆਂ ਸ਼ੁਰੂ

**ਜਲੰਧਰ** : ਪੇਂਡੂ ਮਜਦੂਰ ਯੂਨੀਅਨ ਪੰਜਾਬ ਵਲੋਂ ਪੰਜਾਬ ਭਰ ਵਿੱਚ 20 ਸਤੰਬਰ ਨੂੰ ਕੀਤੇ ਜਾ ਰਹੇ ਜ਼ਿਲ੍ਹਾ,ਤਹਿਸੀਲ ਪੱਧਰੀ ਧਰਨੇ ਮੁਜਾਹਰਿਆਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸੂਬਾ ਦਫਤਰ ਵਿਖੇ ਪੁੱਜੀਆਂ ਰਿਪੋਰਟਾਂ ਅਨੁਸਾਰ



ਗੁਰਦਾਸਪੁਰ,ਬਟਾਲਾ,ਕਪੂਰਥਲਾ, ਮੋਗਾ,ਮੁਕਤਸਰ, ਫਰੀਦਕੋਟ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ ਅਤੇ ਜਲੰਧਰ ਆਦਿ ਦੇ ਪਿੰਡਾਂ ਅੰਦਰ ਮਜਦੂਰਾਂ ਦੀ ਲਾਮਬੰਦੀ ਮੁਹਿੰਮ ਸ਼ੁਰੂ ਕਰਦਿਆਂ 13 ਪਿੰਡਾਂ ਵਿੱਚ ਰੈਲੀਆਂ ਕੀਤੀਆਂ ਗਈਆਂ। ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਧਰਨੇ ਮੁਜਾਹਰੇ ਜਮੀਨ ਹੱਦਬੰਦੀ ਕਾਨੂੰਨ ਤਹਿਤ ਸਾਢੇ 17 ਏਕੜ ਤੋਂ ਵਾਧੂ ਜਮੀਨਾਂ ਬੇਜਮੀਨੇ ਮਜਦੂਰਾਂ ਕਿਸਾਨਾਂ ਨੂੰ ਵੰਡਣ,ਪੰਚਾਇਤੀ ਜਮੀਨਾਂ 'ਚੋਂ ਦਲਿਤਾਂ ਨੂੰ ਰਾਖਵੇਂ ਤੀਜੇ ਹਿੱਸੇ ਦਾ ਹੱਕ ਪੱਕੇ ਤੌਰ ਉੱਤੇ ਦੇਣ, ਰਿਹਾਇਸ਼ੀ ਪਲਾਟ ਤੇ ਲਾਲ ਲਕੀਰ ਦੇ ਮਾਲਕੀ ਹੱਕ ਦੇਣ, ਮਗਨਰੇਗਾ ਸਕੀਮ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਨ ਸਮੇਤ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ, ਮਹਿੰਗਾਈ ਅਨੁਸਾਰ ਹਰ ਖੇਤਰ ਵਿੱਚ ਮਜਦੂਰਾਂ ਦੀ ਦਿਹਾੜੀ 1000 ਰੁਪਏ ਕਰਨ, ਕਰਜਾ ਮੁਆਫੀ ਤੇ ਬਦਲਵੇਂ ਕਰਜੇ ਦਾ ਪ੍ਰਬੰਧ ਕਰਨ ਅਤੇ ਸਮਾਜਿਕ ਜਬਰ ਬੰਦ ਕਰਨ ਵਰਗੀਆਂ ਮੰਗਾਂ ਦੇ ਹੱਲ ਨੂੰ ਹੱਲ ਕਰਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਸਰਕਾਰ ਹੁਣ ਤੱਕ ਜਮੀਨ, ਜਾਇਦਾਦ ਦੀ ਕਾਣੀ ਵੰਡ ਖਤਮ ਕਰਕੇ ਵਾਧੂ ਜਮੀਨਾਂ ਬੇਜਮੀਨੇ ਮਜਦੂਰਾਂ ਕਿਸਾਨਾਂ ਨੂੰ ਵੰਡਣ ਲਈ ਜਮੀਨ ਹੱਦਬੰਦੀ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨ ਲਈ ਤਿਆਰ ਨਹੀਂ,ਲੋਕ ਘੁਰਨਿਆਂ ਵਰਗੇ ਘਰਾਂ ਵਿੱਚ ਰਹਿਣ ਲਈ ਮਜਬੂਰ ਹਨ, ਮਜਦੂਰਾਂ ਨੇ ਸੰਘਰਸ ਕਰਕੇ ਰਿਹਾਇਸੀ ਪਲਾਟ ਦੇਣ ਦੀ ਸਕੀਮ ਬਣਵਾ ਲਈ। ਇਸ ਸਕੀਮ ਨੂੰ ਬਣੇ ਨੂੰ 23 ਸਾਲ ਹੋ ਗਏ। ਕਾਰਪੋਰੇਟ ਘਰਾਣਿਆਂ ਨੂੰ ਜਮੀਨਾਂ ਹਥਿਆ ਕੇ ਦੇਣ ਲਈ ਮਿੰਟ ਸਕਿੰਟ ਲਾਉਣ ਵਾਲੇ ਹਾਕਮ ਲੋੜਵੰਦ ਮਜਦੂਰਾਂ ਨੂੰ ਸਿਰ ਢੱਕਣ ਲਈ ਪਲਾਟ ਦੇਣ ਲਈ ਤਿਆਰ ਨਹੀਂ। ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਰਜਿਸਟਰੀਆਂ ਕਰਕੇ ਦੇਣ ਲਈ "ਸਵੈ ਮਿੱਤਵਾ ਸਕੀਮ" ਦਾ ਖਾਤਮਾ ਸਮਾਂ ਦਸੰਬਰ 2023 ਹੈ ਪਰ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਤੋਂ ਸਰਕਾਰਾਂ ਨੇ ਕੰਨੀ ਹੀ ਕਤਰਾਈ ਹੈ। ਉਨ੍ਹਾਂ ਕਿਹਾ ਕਿ ਮਹਿੰਗਾਈ ਅਮਰਵੇਲ ਵਾਂਗ ਵਧਦੀ ਜਾ ਰਹੀ ਹੈ ਪ੍ਰੰਤੂ ਮਜਦੂਰਾਂ ਦੀ ਦਿਹਾੜੀ ਬਹੁਤ ਹੀ ਨਿਗੂਣੀ ਹੈ। ਪੰਦਰਵੀਂ ਲੇਬਰ ਕਾਨਫਰੰਸ ਮੁਤਾਬਕ ਦਿਹਾੜੀ ਇੱਕ ਹਜਾਰ ਰੁਪਏ ਬਣਦੀ ਹੈ, ਇਸਨੂੰ ਲਾਗੂ ਕਰਨ ਤੋਂ ਸਰਕਾਰ ਟਾਲਾ ਵੱਟ ਰਹੀ ਹੈ। ਕਾਰਪੋਰੇਟ ਘਰਾਣਿਆਂ ਦੇ ਚੁੱਪ ਚਪੀਤੇ ਕਰਜ਼ਿਆਂ ਉੱਪਰ ਲੀਕ ਵੱਜ ਜਾਂਦੀ ਹੈ ਪ੍ਰੰਤੂ ਬੇਜਮੀਨੇ ਮਜਦੂਰਾਂ ਦੇ ਕਰਜੇ ਜਿਉਂ ਦੇ ਤਿਉਂ ਖੜੇ ਹਨ, ਮਜਦੂਰ ਮਾਈਕਰੋ-ਫਾਈਨਾਂਸ ਕੰਪਨੀਆਂ ਤੇ ਸ਼ਾਹੂਕਾਰਾਂ ਦੇ ਮੱਕੜਜਾਲ ਵਿੱਚ ਫਸੇ ਹੋਏ ਹਨ ਅਤੇ ਇਹਨਾਂ ਪਰਵਾਰਾਂ ਲਈ ਬਦਲਵੇਂ ਕਰਜੇ ਦਾ ਕੋਈ ਪ੍ਰਬੰਧ ਨਹੀਂ। ਸਮਾਜਿਕ ਜਬਰ ਦੇ ਖਾਤਮੇ ਦੀ ਥਾਂ ਇਹ ਜਬਰ ਬੇਰੋਕ ਵੱਧਦਾ ਜਾ ਰਿਹਾ ਹੈ। ਇਸ ਹਾਲਾਤ ਮਜਦੂਰਾਂ ਨੂੰ ਜਥੇਬੰਦ ਹੋ ਕੇ ਤਿੱਖੇ ਸੰਘਰਸ਼ਾਂ ਦੇ ਰਾਹ ਪੈਣਾ ਚਾਹੀਦਾ ਹੈ।

# ਚਿੱਪ ਵਾਲੇ ਮੀਟਰਾਂ ਦੇ ਵਿਰੋਧ 'ਚ ਧਰਨਾ ਅੱਜ



**ਬਹਿਰਾਮ (ਅਵਤਾਰ ਕਲੇਰ)** ਸਮਾਰਟ ਮੀਟਰ ਵਿਰੋਧੀ ਫਰੰਟ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਮਾਨ ਸਰਕਾਰ ਵਲੋਂ ਲਾਏ ਜਾ ਰਹੇ ਚਿੱਪ ਵਾਲੇ ਪ੍ਰੀਪੇਡ ਬਿਜਲੀ ਦੇ ਸਮਾਰਟ ਮੀਟਰਾਂ ਦੇ ਵਿਰੋਧ ਵਿੱਚ ਜ਼ਿਲ੍ਹਾ ਪੱਧਰੀ ਧਰਨਾ 29 ਅਗਸਤ ਨੂੰ ਸਵੇਰੇ 10 ਵਜੇ ਤੋਂ ਲੈ ਕੇ ਬਾਅਦ ਦੁਪਹਿਰ 2 ਵਜੇ ਤੱਕ ਪਾਵਰਕੌਮ ਦੇ ਨਿਗਰਾਨ ਇੰਜੀਨੀਅਰ ਦਫਤਰ ਗੜ੍ਹਸ਼ੰਕਰ ਰੋਡ ਨਵਾਂਸ਼ਹਿਰ ਅੱਗੇ ਲਾਇਆ ਜਾਵੇਗਾ ਜਿਸ ਵਿਚ ਜ਼ਿਲ੍ਹਾ ਭਰ ਵਿੱਚੋਂ ਲੋਕ ਕਾਫਲੇ ਬੰਨ੍ਹ ਕੇ ਪੁੱਜਣਗੇ। ਇਹ ਜਾਣਕਾਰੀ ਇੱਥੇ ਪੱਤਰਕਾਰਾਂ ਨਾਲ ਸਾਂਝੀ ਕਰਦਿਆਂ ਫਰੰਟ ਦੇ ਆਗੂਆਂ ਸੁਰਿੰਦਰ ਸਿੰਘ ਬੈਂਸ, ਜਸਬੀਰ ਦੀਪ,ਤਰਸੇਮ ਸਿੰਘ ਬੈਂਸ, ਸਤੀਸ਼ ਕੁਮਾਰ ਨੇ ਦੱਸਿਆ ਕਿ ਭਾਰੀ ਮੀਂਹ ਪੈਣ ਕਾਰਨ ਧਰਨੇ ਦੀ ਮਿਤੀ 28 ਅਗਸਤ ਤੋਂ ਬਦਲ ਕੇ 29 ਅਗਸਤ ਕਰ ਦਿੱਤੀ ਗਈ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ 29 ਅਗਸਤ ਨੂੰ ਇਸ ਧਰਨੇ ਵਿਚ ਹੁੰਮ ਹੁਮਾ ਕਿ ਪੁੱਜਣ। ਇਸ ਮੌਕੇ ਪਰਵਾਸੀ ਮਜਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ, ਰੇਹੜੀ ਵਰਕਰਜ਼ ਯੂਨੀਅਨ ਦੇ ਆਗੂ ਕਿਸ਼ੋਰ ਕੁਮਾਰ,ਆਟੋ ਵਰਕਰਜ਼ ਯੂਨੀਅਨ ਦੇ ਆਗੂ ਬਿੱਲਾ ਗੁੱਜਰ, ਇਸਤਰੀ ਜਾਗ੍ਰਿਤੀ ਮੰਚ ਦੇ ਜ਼ਿਲ੍ਹਾ ਸਕੱਤਰ ਰੁਪਿੰਦਰ ਕੌਰ ਦੁਰਗਾਪੁਰ, ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਬਲਜੀਤ ਸਿੰਘ ਧਰਮਕੋਟ, ਜੁਗਾੜੂ ਰੇਹੜਾ ਯੂਨੀਅਨ ਦੇ ਆਗੂ ਰਾਜੂ ਕਰਿਆਮ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਆਗੂ ਸ਼ਿਵ ਨੰਦਨ, ਪਰਮਜੀਤ ਸਿੰਘ ਸੰਘਾ, ਸੁਰਿੰਦਰ ਸਿੰਘ ਮਹਿਰਮਪੁਰ ਆਗੂ ਵੀ ਮੌਜੂਦ ਸਨ।

# ਭੋਗ 'ਤੇ ਵਿਸ਼ੇਸ਼ — ਮਜ਼ਦੂਰਾਂ ਦਾ ਆਗੂ ਜਗਸੀਰ ਸਿੰਘ ਕੁਸਲਾ



'ਮੈ ਦੁਨੀਆ ਤੋਂ ਅਲੱਗ ਨਹੀਂ,
ਸਾਡੀ ਤਾਂ ਦੁਨੀਆ ਅਲੱਗ ਹੈ।'

ਇੱਕ ਸਿਰੜੀ ਸਾਥੀ, ਹੱਕ-ਸੱਚ ਦੇ ਪਹਿਰੇਦਾਰ ਤੇ ਲੋਕ ਲਹਿਰਾਂ ਨੂੰ ਸਮਰਪਿਤ, ਕਮਿਊਨਿਸਟ ਲਹਿਰ ਦਾ ਸਿਪਾਹੀ, ਮਜ਼ਦੂਰ ਆਗੂ ਸਾਥੀ ਜਗਸੀਰ ਸਿੰਘ ਕੁਸਲਾ ਦਾ ਜਨਮ ਲੱਗਭੱਗ 65-66 ਸਾਲ ਪਹਿਲਾਂ ਮਜ਼ਦੂਰ ਪਰਵਾਰ ਪਿਤਾ ਗੁਰਦਿਆਲ ਸਿੰਘ ਦੇ ਘਰ ਅਤੇ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਮਾਨਸਾ ਜ਼ਿਲ੍ਹੇ ਦੀ ਤਹਿਸੀਲ ਸਰਦੂਲਗੜ੍ਹ ਦੇ ਪਿੰਡ ਕੁਸਲਾ ਵਿਖੇ ਹੋਇਆ। ਪਰਵਾਰ ਬੇਸ਼ੱਕ ਤੰਗੀਆਂ-ਤੁਰਸ਼ੀਆਂ ਕਰਕੇ ਸਖਤ ਮਿਹਨਤ ਕਰਨ ਵਾਲਾ ਤੇ ਕਿਰਤ ਤੇ ਵਿਸ਼ਵਾਸ ਰੱਖਦਾ ਸੀ, ਜਿਸ ਕਾਰਨ ਰੋਜ਼ੀ-ਰੋਟੀ ਦਾ ਗੁਜ਼ਾਰਾ ਚੱਲ ਰਿਹਾ ਸੀ। ਜਗਸੀਰ ਭਾਵੇਂ ਵਿਦਿਅਕ ਪੱਖੋਂ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ, ਪਰੰਤੂ ਇੱਕ ਚੰਗੀ ਸਮਝ, ਹਿੰਮਤੀ ਤੇ ਸਮਾਜਿਕ ਗਿਆਨ ਨੇ ਕਮਿਊਨਿਸਟ ਪਾਰਟੀ ਦੀ ਵਿਚਾਰਧਾਰਾ ਨਾਲ ਜੋੜਿਆ, ਜੋ ਆਪਣੀ ਸਾਰੀ ਜ਼ਿੰਦਗੀ ਲੋਕ ਸੇਵਾ, ਪਾਰਟੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਤੇ ਦੱਬੇ-ਕੁਚਲੇ ਸਮਾਜ ਦੀ ਬਿਹਤਰੀ ਲਈ ਕੰਮ ਕਰਦਾ ਰਿਹਾ। 78-79 ਦੇ ਕਰੀਬ ਸਾਥੀ ਤੇਜਾ ਸਿੰਘ ਕੁਸਲਾ ਆਦਿ ਸਾਥੀਆਂ ਦੇ ਸਹਿਯੋਗ ਕਾਰਨ ਜਗਸੀਰ ਕੁਸਲਾ ਨੇ ਸੀ ਪੀ ਆਈ ਦੀ ਨੌਜਵਾਨ ਜਥੇਬੰਦੀ ਵਿੱਚ ਸ਼ਾਮਲ ਹੋ ਕੇ ਆਪਣਾ ਰਾਜਨੀਤਕ ਸਫਰ ਅਰੰਭ ਕੀਤਾ ਤੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਲੈ ਪਾਰਟੀ ਦਾ ਵਫਾਦਾਰ ਸਿਪਾਹੀ ਹੋ ਤੁਰਿਆ। ਇਲਾਕੇ, ਜ਼ਿਲ੍ਹੇ ਤੇ ਪਾਰਟੀ ਸਰਗਰਮੀਆਂ 'ਚ ਵਿਸ਼ੇਸ਼ ਯੋਗਦਾਨ ਪਾ ਕੇ ਪਾਰਟੀ ਦੀ ਚੜ੍ਹਦੀ ਕਲਾ ਲਈ ਵਿਸ਼ੇਸ਼ ਭੂਮਿਕਾ ਨਿਭਾਈ।

ਪਾਰਟੀ ਲੀਡਰਸ਼ਿਪ ਕਾਮਰੇਡ ਬੂਟਾ ਸਿੰਘ, ਹਰਦੇਵ ਸਿੰਘ ਅਰਸ਼ੀ ਤੇ ਸੀਨੀਅਰ ਆਗੂਆਂ ਦਾ ਇੱਕ ਅਤੀ ਭਰੋਸੇਯੋਗ ਸਾਥੀ ਹੋਣ ਦੇ ਨਾਲ-ਨਾਲ ਜ਼ਿਲ੍ਹਾ ਪਾਰਟੀ ਦੀਆਂ ਜ਼ਿੰਮੇਵਾਰ ਪੁਜ਼ੀਸ਼ਨਾਂ 'ਤੇ ਕੰਮ ਕੀਤਾ, ਪਾਰਟੀ ਦੇ ਜ਼ਿਲ੍ਹਾ ਕੌਂਸਲ ਮੈਂਬਰ, ਸਬ ਡਵੀਜ਼ਨ ਦੇ ਸਹਾਇਕ ਸਕੱਤਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਤੇ ਸੂਬਾ ਕਮੇਟੀ ਮੈਂਬਰ ਰਹਿ ਕੇ ਨਿਰੰਤਰ ਬੇਦਾਗ ਤੇ ਇਮਾਨਦਾਰੀ ਨਾਲ ਕੰਮ ਕੀਤਾ। ਕਰੀਬ 1982-83 ਸਮੇਂ ਹੋਈਆਂ ਪੰਚਾਇਤੀ ਚੋਣਾਂ ਸਮੇਂ ਪੰਚਾਇਤ ਮੈਂਬਰ ਰਹਿ ਕੇ ਨਗਰ ਦੀ ਬਿਹਤਰੀ ਲਈ ਕੰਮ ਕੀਤਾ।

ਪਾਰਟੀ ਸੇਵਾ ਦੇ ਨਾਲ-ਨਾਲ ਪਰਵਾਰ ਦੀ ਪਾਲਣਾ ਵੀ ਜ਼ਿੰਮੇਵਾਰੀ ਨਾਲ ਨਿਭਾਉਣ ਵਾਲੇ ਸਾਥੀ ਨੂੰ ਪਤਨੀ ਰਾਜਵਿੰਦਰ ਕੌਰ, ਬੇਟਾ ਜੀਵਨ ਸਿੰਘ ਤੇ ਬੇਟੀਆਂ ਗੁਰਵਿੰਦਰ, ਕੁਲਦੀਪ, ਗੁਰਮੀਤ ਤੇ ਬੇਅੰਤ ਕੌਰ ਨੇ ਹਰ ਪੱਖੋਂ ਸਹਿਯੋਗ ਦਿੱਤਾ।

ਸੰਨ 2000 ਵਿੱਚ ਕੁਦਰਤੀ ਦੋਵੇਂ ਅੱਖਾਂ ਦੀ ਜੋਤ ਜਾਣ ਕਰਕੇ ਸਾਥੀ ਕੁਸਲਾ ਦੀਆਂ ਗਤੀਵਿਧੀਆਂ 'ਤੇ ਕੁਝ ਸਮੇਂ ਲਈ ਖੜੋਤ ਜ਼ਰੂਰ ਆਈ, ਪਰ ਹਰ ਪੱਖ ਅਡੋਲ ਤੇ ਪਰਵਾਰਕ ਸਹਿਯੋਗ ਨੇ ਕਦੇ ਪਾਰਟੀ ਲੀਡਰਸ਼ਿਪ ਤੇ ਆਮ ਲੋਕਾਂ ਨੂੰ ਕੁਸਲਾ ਦੀ ਅੰਗਹੀਣਤਾ ਮਹਿਸੂਸ ਹੋਣ ਨਹੀਂ ਦਿੱਤੀ। ਜੋ ਪਤਨੀ ਰਾਜਵਿੰਦਰ ਕੌਰ, ਬੇਟਾ ਜੀਵਨ ਤੇ ਬੇਟੀ ਗੁਰਵਿੰਦਰ ਨੇ ਹਮੇਸ਼ਾ ਉਹਨਾਂ ਦੀ ਛਾਂ ਬਣ ਸਹਿਯੋਗ ਕੀਤਾ। ਜ਼ਿਕਰਯੋਗ ਹੈ ਕਿ ਪਰਵਾਰ ਵੱਲੋਂ ਆਪਣੀ ਨੈਤਿਕਤਾ ਤੇ ਜ਼ਿੰਮੇਵਾਰੀ ਨੂੰ ਮੰਨ ਕੇ ਕੀਤੇ ਸਹਿਯੋਗ ਨੇ ਸਾਥੀ ਕੁਸਲਾ ਨੂੰ ਵਿਲੱਖਣ ਸ਼ਖ਼ਸੀਅਤ ਹੋਣ ਦਾ ਸਬੂਤ ਦਿੱਤਾ।

ਪਾਰਟੀ ਤੇ ਜਥੇਬੰਦੀ ਦੇ ਹੁਕਮ ਤੇ ਸਿੱਦਤ ਨਾਲ ਪਹਿਰਾ ਦੇਣ ਵਾਲੇ ਨੇ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਸਰਕਾਰੀ ਧੱਕੇਸ਼ਾਹੀ ਤੇ ਕਿਰਤੀਆਂ ਦੇ ਹੱਕਾਂ ਦੀ ਪ੍ਰਾਪਤੀ ਲਈ ਕਈ ਵਾਰ ਗ੍ਰਿਫਤਾਰੀਆਂ ਵੀ ਦਿੱਤੀਆਂ।

ਥੋੜ੍ਹਾ ਸਮਾਂ ਸਾਹ ਦੀ ਸ਼ਿਕਾਇਤ ਆਉਣ ਕਰਕੇ ਸਰੀਰ ਓਨਾ ਮਜ਼ਬੂਤ ਨਹੀਂ ਸੀ ਰਿਹਾ, ਜੋ ਬਾਅਦ ਵਿੱਚ ਸ਼ੂਗਰ ਜ਼ਿਆਦਾ ਹੋਣ ਕਰਕੇ ਮਾਨਸਾ ਤੇ ਫਿਰ ਪਟਿਆਲੇ ਰਜਿੰਦਰਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਪਰਵਾਰ ਤੇ ਸਾਥੀਆਂ ਵੱਲੋਂ ਕੀਤੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਸਿੱਧ ਹੋਈਆਂ। 21 ਅਗਸਤ ਦੀ ਸ਼ਾਮ ਨੂੰ ਆਖਰੀ ਸਾਹ ਲਏ ਅਤੇ ਲੋਕਾਂ ਦੀ ਅਵਾਜ਼ ਹਮੇਸ਼ਾ ਸਦਾ ਲਈ ਖਾਮੋਸ਼ ਹੋ ਗਈ। ਜੋ ਪਰਵਾਰ ਤੇ ਪਾਰਟੀ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

29 ਅਗਸਤ ਮੰਗਲਵਾਰ ਉਹਨਾ ਦੇ ਜੱਦੀ ਪਿੰਡ ਕੁਸਲਾ ਦੇ ਗੁਰੂ ਘਰ ਵਿਖੇ ਪਾਰਟੀ ਲੀਡਰਸ਼ਿਪ, ਵੱਖ-ਵੱਖ ਰਾਜਨੀਤਕ, ਧਾਰਮਿਕ, ਸਮਾਜਿਕ ਆਗੂਆਂ ਸਮੇਤ ਰਿਸ਼ਤੇਦਾਰਾਂ ਤੇ ਸੁਨੇਹੀਆਂ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

**ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ**
*ਸਕੱਤਰ ਸੀ ਪੀ ਆਈ ਜ਼ਿਲ੍ਹਾ ਮਾਨਸਾ।*
*ਮੋਬਾਇਲ ਨੰ. 90418-60378*

# ਮਾਨ ਸਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਹਰ ਯਤਨ ਕਰ ਰਹੀ : ਜੱਗੀ

**ਟਾਂਡਾ ਉੜਮੁੜ ( ਓਕਾਰ ਸਿੰਘ, ਜਸਵਿੰਦਰ ਸੰਧੂ )**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕਰਵਾਈਆਂ ਜਾ ਰਹੀਆਂ ਪੰਜਾਬ ਸਕੂਲ ਖੇਡਾਂ ਪ੍ਰਤੀ ਬੱਚਿਆਂ ਵਿੱਚ ਪੂਰਾ ਉਤਸ਼ਾਹ ਹੈ ਅਤੇ ਪੰਜਾਬ ਦਾ ਹਰ ਸਕੂਲ ਇਸ ਵਿੱਚ ਵੱਧ ਚੜ ਕੇ ਭਾਗ ਲੈ ਰਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਜਗਜੀਵਨ ਜੱਗੀ ਨੇ ਐਮ ਐਸ ਕੇ ਡੇ -ਬੋਡਿੰਗ ਸਕੂਲ ਕੋਟਲੀ ਜੰਡ ਵਿਖੇ ਸ਼ੁਰੂ ਹੋਈਆਂ ਪੰਜਾਬ ਸਕੂਲ ਖੇਡਾਂ ਦੇ ਦੂਜੇ ਦਿਨ ਮੁਕਾਬਲੇ ਆਰੰਭ ਕਰਵਾਉਣ ਮੌਕੇ ਕਹੇ। ਉਹਨਾਂ ਹੋਰ ਕਿਹਾ ਕਿ ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਦੀ ਅਗਵਾਈ ਹੇਠ ਪੂਰੇ ਹਲਕੇ ਦੇ ਸਕੂਲਾਂ ਵਿੱਚ ਬਲਾਕ ਪੱਧਰ 'ਤੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਇੱਥੇ ਲੜਕਿਆਂ ਦੇ 14 ਤੇ 17 ਸਾਲਾ ਵਰਗ ਵਿੱਚ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। 14 ਸਾਲ ਵਰਗ ਦੇ ਮੁਕਾਬਲਿਆਂ ਵਿੱਚ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਨੇ ਪਹਿਲਾ ਸਥਾਨ ਹਾਸਲ ਕੀਤਾ ਜਦੋਂ ਕਿ ਸਰਕਾਰੀ ਹਾਈ ਸਕੂਲ ਦੇਹਰੀਵਾਲ ਦੂਸਰੇ ਸਥਾਨ ਤੇ ਕੈਂਬਰਿਜ ਅਰਥ ਸਕੂਲ ਤੀਜੇ ਸਥਾਨ 'ਤੇ ਰਿਹਾ।



ਇਸੇ ਤਰ੍ਹਾਂ 17 ਸਾਲਾਂ ਵਰਗ ਵਿਚ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਪਹਿਲੇ ਸਥਾਨ 'ਤੇ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ ਤਲਵੰਡੀ ਡੱਡੀਆਂ ਦੂਜੇ ਸਥਾਨ ਅਤੇ ਸਰਕਾਰੀ ਹਾਈ ਸਕੂਲ ਦੇਹਰੀਵਾਲ ਤੀਜੇ ਸਥਾਨ 'ਤੇ ਰਿਹਾ। ਪ੍ਰਿੰਸੀਪਲ ਪਰਵਿੰਦਰ ਕੌਰ ਨੇ ਆਈਆਂ ਹੋਈਆਂ ਟੀਮਾਂ ਅਤੇ ਵਿਸ਼ੇਸ਼ ਸ਼ਖਸੀਅਤਾਂ ਨੂੰ ਜੀ ਆਇਆਂ ਆਖਿਆ। ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਜਿੱਥੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦੀ ਅਪੀਲ ਕੀਤੀ ਉਥੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਵਾਰ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਸ਼ਾਮਲ ਹੋਣ ਲਈ ਬੜਾ ਉਤਸ਼ਾਹਤ ਕੀਤਾ ਜਾ ਰਿਹਾ ਹੈ ਤੇ ਪੇਂਡੂ ਖੇਡਾਂ ਲਈ ਸਰਕਾਰ ਵੱਲੋਂ ਖਿਡਾਰੀਆਂ ਲਈ ਵਿਸ਼ੇਸ਼ ਸਨਮਾਨ ਵੀ ਰੱਖੇ ਗਏ ਹਨ। ਇਸ ਮੌਕੇ ਅਵਤਾਰ ਸਿੰਘ ਤਾਰੀ, ਸਤੀਸ਼ ਜੌੜਾ, ਅੰਮ੍ਰਿਤਪਾਲ ਸਿੰਘ, ਬਲਜਿੰਦਰ ਸਿੰਘ ਦੇਹਰੀਵਾਲ, ਕੋਚ ਪਰਦੀਪ ਸਿੰਘ, ਅਮਨਪ੍ਰੀਤ ਸਿੰਘ, ਕੇਸ਼ਵ ਚੰਦਰ, ਗਗਨਦੀਪ ਸਿੰਘ, ਤਨਿਸ਼ਕਾ ਦੱਤ, ਮਨਪ੍ਰੀਤ ਕੌਰ, ਤਰਨਜੀਤ ਕੌਰ, ਗੁਰਸ਼ਰਨ ਕੌਰ, ਨਰਿੰਦਰ ਕੌਰ ਆਦਿ ਹਾਜਰ ਸਨ।

# ਸਾਬਕਾ ਸਰਪੰਚ ਆਮ ਆਦਮੀ ਪਾਰਟੀ 'ਚ ਸ਼ਾਮਲ



**ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)**- ਗੰਭੀਰਪੁਰ ਵਿਖੇ ਸਾਬਕਾ ਸਰਪੰਚ ਰਾਮ ਸਿੰਘ ਤੇ ਸਾਬਕਾ ਸਰਪੰਚ ਸਰੂਪ ਸਿੰਘ ਦਸਗਰਾਈ ਆਪਣੀ ਪਾਰਟੀ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਹਰਜੋਤ ਸਿੰਘ ਬੈਂਸ ਦੀ ਹਾਜਰੀ ਵਿਚ ਆਪ ਵਿਚ ਸ਼ਾਮਿਲ ਹੋ ਗਏ। ਇਹਨਾਂ ਆਗੂਆਂ ਨੇ ਕਿਹਾ ਕਿ ਉਹ ਆਪ ਦੀ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਬੈਂਸ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਆਪ ਵਿਚ ਸ਼ਾਮਲ ਹੋਏ ਹਨ। ਬੈਂਸ ਨੇ ਕਿਹਾ ਕਿ ਲੋਕ ਮਾਨ ਸਰਕਾਰ ਦੀ ਕੰਮ ਕਰਨ ਦੀ ਕਾਬਲੀਅਤ ਅਤੇ ਭ੍ਰਿਸ਼ਟਾਚਾਰ ਤੋਂ ਬਿਨਾਂ, ਬਿਨਾ ਸਿਫਾਰਸ਼ ਤੋਂ ਹੋ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਆਪ ਨਾਲ ਜੁੜ ਰਹੇ ਹਨ। ਉਹਨਾਂ ਕਿਹਾ ਕਿ ਜੋ ਲੋਕ ਅੱਜ ਪਾਰਟੀ ਵਿਚ ਸ਼ਾਮਲ ਹੋਏ ਹਨ ਇਹਨਾਂ ਦਾ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ। ਇਸ ਮੌਕੇ ਸੋਹਣ ਸਿੰਘ ਬੈਂਸ, ਜਸਪਾਲ ਸਿੰਘ ਢਾਹੇ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਕੁਲਦੀਪ ਖਾਨਪੁਰ, ਹਰਮਨਜੀਤ ਸਿੰਘ ਠੇਕੇਦਾਰ, ਜਸਵਿੰਦਰ ਬਾਂਠ, ਕੁਲਦੀਪ ਸਿੰਘ ਸਾਬਕਾ ਸਰਪੰਚ, ਜੀਵਨ ਕੁਮਾਰ,ਪਰਮਜੀਤ ਸਿੰਘ ਹਾਜ਼ਰ ਸਨ।

# ਹਰਦੀਪ ਪੁਰੀ ਨੇ ਰੁਜ਼ਗਾਰ ਮੇਲੇ 'ਚ ਨਿਯੁਕਤੀ ਪੱਤਰ ਸੌਂਪੇ



**ਜਲੰਧਰ** : ਹਰਦੀਪ ਸਿੰਘ ਪੁਰੀ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਅਤੇ ਮਕਾਨ ਉਸਾਰੀ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਨੇ ਸੀਮਾ ਸੁਰੱਖਿਆ ਬਲ, ਪੰਜਾਬ ਫਰੰਟੀਅਰ, ਜਲੰਧਰ ਦੇ ਆਡੀਟੋਰੀਅਮ ਵਿੱਚ ਲਗਾਏ ਗਏ ਰੁਜ਼ਗਾਰ ਮੇਲੇ ਦੇ 8ਵੇਂ ਐਡੀਸ਼ਨ ਦੌਰਾਨ 262 ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ। ਜ਼ਿਆਦਾਤਰ ਨਵੇਂ ਭਰਤੀ ਹੋਏ ਨੌਜਵਾਨ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਨਾਲ ਸਬੰਧਤ ਹਨ, ਜਿਹੜੇ ਕੇਂਦਰੀ ਹਥਿਆਰਬੰਦ ਪੁਲਸ ਬਲਾਂ ਸਮੇਤ ਬੀਐਸਐਫ, ਸੀਆਰਪੀਐਫ ਆਦਿ ਤੋਂ ਇਲਾਵਾ ਕੇਂਦਰ ਸਰਕਾਰ ਦੇ ਕੁਝ ਹੋਰ ਵਿਭਾਗਾਂ ਵਿੱਚ ਸੇਵਾਵਾਂ ਪ੍ਰਦਾਨ ਕਰਨਗੇ। ਜਲੰਧਰ ਵਿੱਚ ਨਵੀਆਂ ਨਿਯੁਕਤੀਆਂ ਦੀ ਕੁੱਲ ਗਿਣਤੀ 860 ਹੈ। ਜਿਨ੍ਹਾਂ ਵਿੱਚੋਂ 262 ਨੂੰ ਬੀਐਸਐਫ ਕੰਪਲੈਕਸ ਵਿੱਚ ਨਿਯੁਕਤੀ ਪੱਤਰ ਪ੍ਰਦਾਨ ਕੀਤੇ ਗਏ ਅਤੇ ਬਾਕੀ ਸਾਰਿਆਂ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਇੱਕ ਕਲਿੱਕ ਦੀ ਮਦਦ ਨਾਲ ਆਨਲਾਈਨ ਨਿਯੁਕਤੀ ਪੱਤਰ ਪ੍ਰਦਾਨ ਕੀਤੇ ਗਏ। ਦੇਸ਼ ਭਰ ਵਿੱਚ 45 ਥਾਵਾਂ 'ਤੇ ਕਰਵਾਏ ਗਏ ਪ੍ਰੋਗਰਾਮਾਂ ਰਾਹੀਂ 51,000 ਤੋਂ ਵੱਧ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਪ੍ਰਦਾਨ ਕੀਤੇ ਗਏ।

# ਸ਼ੋਕਗ੍ਰਸਤ ਪਰਵਾਰ ਨੂੰ ਦਿੱਤੀ ਸਹਾਇਤਾ ਰਾਸ਼ੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਫਾਈ ਕਰਮਚਾਰੀ ਯੂਨੀਅਨ ਰਜਿ: ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਸਫਾਈ ਸੇਵਕ ਵਿਕਾਸ ਨੂੰ ਉਸ ਦੀ ਮਾਤਾ ਸ੍ਰੀਮਤੀ ਕਿਰਨ ਦੀ ਰਸਮ ਪਗੜੀ ਮੌਕੇ 5000 ਰੁਪਏ ਦੀ ਰਾਸ਼ੀ ਸਹਾਇਤਾ ਦੇ ਤੌਰ ਤੇ ਯੂਨੀਅਨ ਦੇ ਫੰਡ ਵਿੱਚੋਂ ਦਿੱਤੀ ਗਈ। ਇਸ ਦੁੱਖ ਦੀ ਘੜੀ ਵਿੱਚ ਸਮੂਹ ਯੂਨੀਅਨ ਮੈਂਬਰਾਂ ਪ੍ਰਧਾਨ ਕਰਨ ਜੋਤ ਆਦੀਆ, ਚੇਅਰਮੈਨ ਰਾਕੇਸ ਸਿੱਧੂ, ਸੋਮਨਾਥ ਆਦੀਆ, ਜੋਗਿੰਦਰ ਪਾਲ ਆਦੀਆ, ਦੇਵ ਕੁਮਾਰ ਆਦੀਆ, ਕੈਲਾਸ, ਰਜਿੰਦਰ ਕੁਮਾਰ, ਬਲਰਾਮ, ਵਿਕਰਮਜੀਤ, ਹਰਬਿਲਾਸ,ਦੀਪਕ, ਸੋਨੂੰ, ਰਵਿੰਦਰ ਕੁਮਾਰ, ਅਸਵਨੀ ਕੁਮਾਰ, ਅਸ਼ੋਕ ਸੋਨੂੰ ਆਦਿ ਹਾਜਰ ਸਨ।

# ਸੰਤਾਂ ਮਹਾਂਪੁਰਸ਼ਾਂ ਦੀ ਮੀਟਿੰਗ 2 ਨੂੰ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਸੰਤ ਸਮਾਜ ਵਿਚ ਆਪਸੀ ਮੇਲ ਮਿਲਾਪ ਅਤੇ ਤਾਲਮੇਲ ਵਧਾਉਣ ਸਬੰਧੀ ਸੰਤਾਂ ਮਹਾਂਪੁਰਸ਼ਾਂ ਦੀ ਇੱਕ ਵਿਸ਼ੇਸ਼ ਮੀਟਿੰਗ 2 ਸਤੰਬਰ ਨੂੰ ਕੁਟੀਆ ਸੰਤ ਦਲੀਪ ਸਿੰਘ ਡੁਮੇਲੀ ਵਿਖੇ ਸਵੇਰੇ 11 ਵਜੇ ਹੋ ਰਹੀ ਹੈ. ਸੰਤ ਪ੍ਰੀਤਮ ਸਿੰਘ ਡੁਮੇਲੀ, ਸੰਤ ਅਮਰਜੀਤ ਸਿੰਘ ਹਰਖੋਵਾਲ, ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ ਅਤੇ ਸੰਤ ਮਹਾਂਵੀਰ ਸਿੰਘ ਤਾਜੇਵਾਲ ਨੇ ਸਾਂਝੇ ਤੌਰ ਤੇ ਦੱਸਿਆ ਕਿ ਪਿਛਲੀ ਮੀਟਿੰਗ ਗੁਰਦੁਆਰਾ ਟਿੱਬਾ ਸਾਹਿਬ ਵਿਖੇ ਹੋਈ ਸੀ ਉਸੇ ਲੜੀ ਨੂੰ ਅੱਗੇ ਤੋਰਦੇ ਹੋਏ ਹੁਣ ਇਹ ਮੀਟਿੰਗ ਕੁਟੀਆ ਸੰਤ ਦਲੀਪ ਸਿੰਘ ਡੁਮੇਲੀ ਵਿਖੇ ਹੋਵੇਗੀ। ਇਸ ਮੀਟਿੰਗ ਵਿੱਚ ਨਿਰਮਲੇ, ਉਦਾਸੀ ਅਤੇ ਹਮ ਖਿਆਲੀ ਸੰਤ ਮਹਾਪੁਰਸ਼ ਹਾਜ਼ਰ ਹੋਣਗੇ ਵੱਖ-ਵੱਖ ਸੰਪਰਦਾਵਾਂ ਦਾ ਆਪਸੀ ਮੇਲ ਜੋਲ ਵਧਾਉਣ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਦੇ ਨਾਲ ਹੀ ਡੇਰਿਆਂ ਵਿੱਚ ਸਾਧੂਆਂ ਨੂੰ ਆ ਰਹੀਆਂ ਲੋਕਲ ਮੁਸਕਲਾਂ ਸੰਬੰਧੀ ਵੀ ਚਰਚਾ ਕੀਤੀ ਜਾਵੇਗੀ।

# ਸਾਹਿਤ ਸਭਾ ਧੂਰੀ ਦੀ ਮੀਟਿੰਗ ਪੁਸਤਕਾਂ ਦਾ ਲੋਕ ਅਰਪਣ ਹੋ ਨਿਬੜੀ



**ਧੂਰੀ, (ਸੁਖਦੇਵ ਧੂਰੀ)**- ਸਾਹਿਤ ਸਭਾ ਧੂਰੀ ਰਜਿ: (ਸੇਖੋਂ) ਦੀ ਮਹੀਨਾਵਾਰ ਮੀਟਿੰਗ ਮਾਲਵਾ ਖਾਲਸਾ ਸੀ:ਸੈ:ਸ: ਧੂਰੀ ਵਿਖੇ ਸੁਰਿੰਦਰ ਸ਼ਰਮਾ ਨਾਗਰਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਰਣਜੀਤ ਧੂਰੀ ਦੀ ਪੁਸਤਕ ਵਿਹਾਰਕ ਪਿੰਗਲ ਲੋਕ ਅਰਪਣ ਹੋਈ। ਸੁਖਦੇਵ ਸ਼ਰਮਾ ਧੂਰੀ ਤੇ ਰਾਕੇਸ਼ ਕੁਮਾਰ ਨੇ ਪੇਪਰ ਪੜ੍ਹਿਆ । ਇਸ ਪੁਸਤਕ ਉੱਪਰ ਤੇ ਜਗਦੇਵ ਸ਼ਰਮਾ ਦੀ 'ਗੁਆਚੀਆਂ ਜਮੀਰਾਂ' ਤੇ ਅਮਰ ਗਰਗ ਕਲਮਦਾਨ ਦੀ ਪੁਸਤਕ 'ਸਭਿਆਚਾਰ ਤਿੰਨ ਮਾਵਾਂ ਦਾ ਪਸਾਰਾ' ਉੱਪਰ ਖੂਬ ਚਰਚਾ ਹੋਈ। ਪ੍ਰੋਗਰਾਮ ਦੀ ਸ਼ੁਰੂਆਤ ਰਜਿੰਦਰ ਪਾਲ ਦੀ ਕਵਿਤਾ ਨਾਲ ਹੋਈ। ਅਮਰਜੀਤ ਅਮਨ ਨੇ ਆਪਣੀ ਕਵਿਤਾ 'ਬਾਪੂ ਠੰਡੀਆਂ ਛਾਵੇਂ ਵਰਗੇ ਹੁੰਦੇ ਨੇ' ਨਾਲ ਪੂਰਾ ਰੰਗ ਬੰਨ੍ਹਿਆ। ਤਰਸੇਮ ਸੇਮੀ ਨੇ ਪਿੰਗਲ ਵਿੱਚ ਦੋਹਿਰੇ ਗਾ ਕੇ ਆਪਣੀ ਛਾਪ ਛੱਡੀ। ਜਗਦੇਵ ਸ਼ਰਮਾ ਨੇ ਆਪਣੀ ਨਵੀਂ ਪੁਸਤਕ ਵਿੱਚੋਂ ਕਹਾਣੀ 'ਮਨੀ ਰਾਮ' ਸੁਣਾਈ। ਹੰਸਰਾਜ ਗਰਗ ਨੇ 'ਜਾਗੋ ਆਈ' ਸਭਿਆਚਾਰਕ ਗੀਤ ਗਾ ਕੇ ਸੁਣਾਇਆ। ਦਿਲਸ਼ਾਦ ਜਮਾਲਪੁਰ,ਪਰਮਜੀਤ ਦਰਦੀ ਰਾਮੇਸ਼ ਜੈਨ, ਸੁਖਦੇਵ ਪੇਂਟਰ ,ਗੁਰਦੀਪ ਕੈਂਥ , ਦੇਵੀ ਸਰੂਪ ਮੀਮਸਾ ਤੇ ਨਾਹਰ ਮੁਬਾਰਕਪੁਰੀ ਨੇ ਬੜੀ ਬੁਲੰਦ ਆਵਾਜ ਵਿੱਚ ਕਲਾਮ ਪੇਸ਼ ਕੀਤੇ। ਬਲਜੀਤ ਧੀਮਾਨ ਨੇ ਆਪਣਾ ਗੀਤ ਵਧੀਆ ਤਰੰਨੁਮ 'ਚ ਗਾਇਆ। ਡਾ: ਰਾਕੇਸ਼ ਸ਼ਰਮਾ, ਪਵਨ ਹਰਚੰਦ ਪੁਰੀ, ਸੁਰਿੰਦਰ ਸ਼ਰਮਾ ਨਾਗਰਾ , ਅਸ਼ੋਕ ਭੰਡਾਰੀ, ਰਣਜੀਤ ਸਿੰਘ ਕਾਲਾਬੂਲਾ ਤੇ ਰਾਮ ਸਰੂਪ ਨੇ ਪੁਸਤਕਾਂ ਤੇ ਚਰਚਾ ਕੀਤੀ ਤੇ ਆਪਣੇ ਆਪਣੇ ਕਲਾਮ ਪੇਸ਼ ਕੀਤੇ। ਪਰਸਨ ਸਿੰਘ ਬੀਹਲਾ ਨੇ ਸਟੇਜ ਸੰਭਾਲੀ। ਸਭਾ ਵੱਲੋਂ ਰਣਜੀਤ ਧੂਰੀ, ਜਗਦੇਵ ਸ਼ਰਮਾ, ਅਮਰ ਗਰਗ ਕਲਮਦਾਨ ਦਾ ਪੁਸਤਕਾਂ ਲਈ ਤੇ ਡਾ: ਜੈ ਗੋਪਾਲ ਦਾ ਜਨਮ ਦਿਨ ਲਈ ਤੇ ਅਮਰਜੀਤ ਅਮਨ ਦਾ ਕੇਂ: ਪੰਜਾਬੀ ਲੇਖਕ ਸਭਾ ਸੇਖੋਂ ਦਾ ਕਾਰਜਕਾਰੀ ਮੈਂਬਰ ਬਨਣ 'ਤੇ ਸਨਮਾਨ ਕੀਤਾ। ਸਭਾ ਵੱਲੋਂ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਧਾ ਤੇ ਰਾਕੇਸ਼ ਕੁਮਾਰ ਦਾ ਪੰਜਾਬੀ ਭਾਸ਼ਾ ਲਈ ਯੋਗਦਾਨ ਵਾਸਤੇ ਸਨਮਾਨ ਕੀਤਾ ਗਿਆ।

# ਚੰਡੀਗੜ੍ਹ ਸੀਵਰੇਜ ਦੇ ਗੰਦੇ ਪਾਣੀ ਨੂੰ ਰੋਕਿਆ ਜਾਵੇ : ਮੇਅਰ

**ਮੋਹਾਲੀ, (ਗੁਰਜੀਤ ਬਿੱਲਾ)**- ਮੋਹਾਲੀ ਨਗਰ ਨਿਗਮ ਦੇ ਮੇਅਰ ਅਮਰਜੀਤ ਸਿੰਘ ਸਿੱਧੂ ਨੇ ਚੰਡੀਗੜ੍ਹ ਯੂ.ਟੀ. ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸੈਕਟਰ-51 ਦੇ ਲਾਰੈਂਸ ਪਬਲਿਕ ਸਕੂਲ ਦੇ 2000 ਵਿਦਿਆਰਥੀਆਂ ਦੀ ਸਿਹਤ ਉਤੇ ਮਾੜਾ ਅਸਰ ਪਾ ਰਹੇ 'ਐਨ ਚੋਏ' ਵਿਚ ਆ ਰਹੇ ਚੰਡੀਗੜ੍ਹ ਸੀਵਰੇਜ ਦੇ ਗੰਦੇ ਪਾਣੀ ਨੂੰ ਤੁਰੰਤ ਰੋਕਿਆ ਜਾਵੇ। ਸਿੱਧੂ ਨੇ ਯੂ.ਟੀ, ਪ੍ਰਸ਼ਾਸਕ ਦੇ ਸਲਾਹਕਾਰ ਅਤੇ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਨੂੰ ਲਿਖੇ ਪੱਤਰਾਂ ਵਿਚ ਕਿਹਾ ਹੈ ਕਿ ਐਨ ਚੋਅ ਵਿਚ ਚੰਡੀਗੜ੍ਹ ਸ਼ਹਿਰ ਦਾ ਅਣਸੋਧਿਆ ਪਾਣੀ ਮੋਹਾਲੀ ਦੇ ਵਾਤਾਵਰਣ ਅਤੇ ਸ਼ਹਿਰੀਆਂ ਲਈ ਗੰਭੀਰ ਖਤਰਾ ਬਣਿਆ ਹੋਇਆ ਹੈ। ਇਸ ਲਈ ਮਸਲੇ ਦਾ ਤੁਰੰਤ ਹੱਲ ਕੱਢਿਆ ਜਾਣਾ ਚਾਹੀਦਾ ਹੈ। ਉਹਨਾਂ ਸਿੱਧੂ ਨੇ ਕਿਹਾ ਕਿ ਇਸ ਵਾਤਾਵਰਣ ਨਾਲ ਜੁੜੇ ਇਸ ਮਾਮਲੇ ਲਈ ਚੰਡੀਗੜ੍ਹ ਪ੍ਰਸ਼ਾਸਨ ਦੇ ਨਾਲ ਨਾਲ ਪੁੱਡਾ ਵੀ ਬਰਾਬਰ ਦੀ ਜ਼ਿੰਮੇਵਾਰ ਜਿਸ ਨੇ ਇਸ ਚੋਅ ਨੂੰ ਸਾਫ ਕਰਨ ਅਤੇ ਇਸ ਦੀ ਸਾਂਭ-ਸੰਭਾਲ ਲਈ ਕਦੇ ਤਕਲੀਫ ਨਹੀਂ ਕੀਤੀ। ਮੌਨਸੂਨ ਦੇ ਮੌਸਮ ਕਾਰਨ ਡੇਂਗੂ, ਦਸਤ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਦਾ ਖਤਰਾ ਤੇਜੀ ਨਾਲ ਵੱਧ ਜਾਂਦਾ ਹੈ ਜਿਸ ਨਾਲ ਵਿਦਿਆਰਥੀਆਂ ਦੀ ਸਿਹਤ ਖਤਰੇ ਵਿੱਚ ਪੈ ਸਕਦੀ ਹੈ।

# ਮਾਂ ਮਾਤੇਸ਼ਵਰੀ ਮੰਦਰ ਟਰੱਸਟ ਵੱਲੋਂ ਢੋਲਵਾਹਾ ਜਨੌੜੀ ਵਿਖੇ 8 ਰੋਜਾ ਲੰਗਰ ਸੰਪੰਨ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਵਣ ਮਹੀਨੇ ਦੇ ਮੇਲਿਆਂ ਦੌਰਾਨ ਮਾਤਾ ਚਿੰਤਪੁਰਨੀ ਦਰਬਾਰ 'ਚ ਮੱਥਾ ਟੇਕਣ ਪੈਦਲ ਜਾਣ ਵਾਲੇ ਸ਼ਰਧਾਲੂਆਂ ਦੇ ਖਾਣ-ਪੀਣ ਅਤੇ ਉਨ੍ਹਾਂ ਦੇ ਆਰਾਮ ਕਰਨ ਲਈ ਢੋਲਵਾਹਾ ਜਨੌੜੀ ਵਿਖੇ ਮੰਦਿਰ ਦੇ ਟਰੱਸਟ ਵਲੋਂ ਇਲਾਕੇ ਦੇ ਲੋਕਾਂ ਤੇ ਗਾਂਧੀ ਪਰਵਾਰ ਦੇ ਸਹਿਯੋਗ ਨਾਲ ਲਗਾਇਆ ਗਿਆ 8 ਰੋਜਾ ਲੰਗਰ ਸੰਪੰਨ ਹੋ ਨਿਬੜਿਆ। ਲੰਗਰ ਦੇ ਆਖਰੀ ਦਿਨ ਮੰਦਰ ਵਿਖੇ ਖੁੱਲਾ ਪੰਡਾਲ ਸਜਾਇਆ ਗਿਆ ਜਿਸਦਾ ਉਦਘਾਟਨ ਮੁੱਖ ਮਹਿਮਾਨ ਭਗਵਾਨ ਵਾਲਮੀਕਿ ਸ਼ਕਤੀ ਸੈਨਾ ਪੰਜਾਬ ਪ੍ਰਧਾਨ ਐਡਵੋਕੇਟ ਅਜੈ ਕੁਮਾਰ ਨੇ ਕੀਤਾ। ਇਸ ਮੌਕੇ 'ਤੇ ਉਨ੍ਹਾਂ ਨਾਲ ਹਲਕਾ ਵਿਧਾਇਕ ਡਾ. ਰਵਜੋਤ, ਸਾਬਕਾ ਵਿਧਾਇਕ ਸ਼ਾਮ ਚੌਰਾਸੀ ਬੀਬੀ ਮਹਿੰਦਰ ਕੌਰ ਜੋਸ਼ ਅਤੇ ਬਲਾਕ ਭੂੰਗਾ ਚੇਅਰਮੈਨ ਵਿਸ਼ਨੂੰ ਤਿਵਾੜੀ ਨੇ ਵੀ ਪੰਡਾਲ ਵਿੱਚ ਆਪਣੀ ਹਾਜਰੀ ਲਗਵਾਈ। ਮਾਂ-ਮਾਤੇਸ਼ਵਰੀ ਮੰਦਿਰ ਟਰੱਸਟ ਦੇ ਸੰਸਥਾਪਕ ਰਵੀ ਗਾਂਧੀ ਨੇ ਕਿਹਾ ਕਿ ਇਹ 8 ਰੋਜਾ ਲੰਗਰ ਦਿਨ ਰਾਤ ਚੱਲਦਾ ਰਿਹਾ ਅਤੇ ਮਾਤਾ ਦੇ ਸ਼ਰਧਾਲੂਆਂ ਦੇ ਆਰਾਮ ਕਰਨ ਦੇ ਪੂਰੇ ਇੰਤਜਾਮ ਕੀਤੇ ਗਏ ਸਨ। ਪਰਵਿੰਦਰ ਮਿੱਠੂ ਨੇ ਕਿਹਾ ਕਿ ਮਾਤਾ ਦੇ ਦਰਸ਼ਨਾਂ ਲਈ ਪੈਦਲ ਜਾ ਰਹੇ ਸ਼ਰਧਾਲੂਆਂ ਲਈ ਉਨ੍ਹਾਂ ਵੱਲੋਂ ਢੋਲਵਾਹਾ ਜਨੌੜੀ ਤੋਂ ਮਾਤਾ ਚਿੰਤਪੁਰਨੀ ਦਰਬਾਰ ਤੱਕ ਬੱਸਾਂ ਦੇ ਰਾਹੀਂ ਲੈ ਕੇ ਜਾਣ ਦੀ ਮੁਫਤ ਸੇਵਾ ਕੀਤੀ ਗਈ ਸੀ।



# ਲੁਟੇਰਿਆਂ ਦੇ ਸ਼ਿਕਾਰ ਹੋ ਰਹੇ ਹਨ ਪਿੰਡ ਵਾਸੀ, ਹੱਦਬੰਦੀ ਨੂੰ ਲੈ ਕੇ ਉਲਝੀ ਪੁਲਸ



**ਗੁਰਾਇਆ (ਬਿੰਦਰ ਸੁੰਮਨ)**-ਪੁਲਸ ਸੁਸਤ ਅਤੇ ਚੋਰ ਚੁਸਤ ਵਾਲੀ ਗੱਲ ਗੁਰਾਇਆ ਵਿਚ ਸੱਚ ਸਾਬਿਤ ਹੁੰਦੀ ਦਿਖਾਈ ਦੇ ਰਹੀ ਹੈ। ਤਾਜਾ ਮਾਮਲਾ ਪਿੰਡ ਢੀਂਡਸਾ ਤੋਂ ਸਾਹਮਣੇ ਆਇਆ ਹੈ। ਜਿਥੇ ਲੁਟੇਰੇ ਦਿਨ ਦਿਹਾੜੇ ਹੀ ਰਾਸਤੇ 'ਚੋਂ ਲੰਘ ਰਹੇ ਰਾਹਗੀਰਾਂ ਨੂੰ ਆਪਣਾ ਨਿਸ਼ਾਨਾ ਬਣਾ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਭੁਪਿੰਦਰ ਸਿੰਘ ਭੋਗਲ , ਕੁਲਦੀਪ ਸਿੰਘ ਪੰਚ ,ਸਰਪੰਚ ਹਰਬੰਸ ਸਿੰਘ ਸੰਧੂ ਨੇ ਦੱਸਿਆ ਕਿ ਲੁਟੇਰੇ ਦਿਨ ਦਿਹਾੜੇ ਹੀ ਰਾਹਗੀਰਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਹਨ। ਸੋਮਵਾਰ ਵੀ ਦੋ ਵਾਰੀ ਦਿਨ ਦਿਹਾੜੇ ਲੁਟੇਰਿਆਂ ਨੇ ਹਮਲਾ ਕਰਕੇ ਦੋ ਪਰਵਾਰਾਂ ਨੂੰ ਲੁੱਟਣ ਦੀ ਕੋਸ਼ਿਸ ਕੀਤੀ। ਜਦਕਿ ਇਸ ਤੋਂ ਪਹਿਲਾਂ ਵੀ ਇੱਕ ਔਰਤ ਨੂੰ ਜਖਮੀ ਕਰਕੇ ਲੁੱਟ ਦੀ ਵਰਦਾਤ ਨੂੰ ਅੰਜ਼ਾਮ ਦਿੱਤਾ ਸੀ। ਉਨ੍ਹਾਂ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਇਲਾਕੇ ਵਿੱਚ ਗਸ਼ਤ ਵਧਾਈ ਜਾਵੇ ਤਾਂ ਜੋ ਇਨ੍ਹਾਂ ਮਾੜੇ ਅਨਸਰਾਂ ਨੂੰ ਨਕੇਲ ਪਾਈ ਜਾ ਸਕੇ। ਜਦੋਂ ਇਸ ਸਬੰਧੀ ਮੌਕਾ ਦੇਖਣ ਆਏ ਪੁਲਸ ਚੌਕੀ ਰੁੜਕਾ ਕਲਾਂ ਦੇ ਇੰਚਾਰਜ ਐਸ ਆਈ ਹਰਜੀਤ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਇਹ ਕਹਿ ਕੇ ਆਪਣਾ ਪੱਲਾ ਝਾੜ ਦਿੱਤਾ ਕਿ ਜਿਸ ਕਮਾਦ ਲਾਗੇ ਵਾਰਦਾਤ ਹੋਣ ਲੱਗੀ ਸੀ ਉਹ ਪਿੰਡ ਢੱਡਾ ਅਧੀਨ ਆਉਂਦੀ ਹੈ ਅਤੇ ਪਿੰਡ ਢੰਡਾ ਗੁਰਾਇਆ ਥਾਣੇ ਅਧੀਨ ਆਉਂਦਾ ਹੈ। ਉਧਰ ਜਦੋਂ ਥਾਣਾ ਗੁਰਾਇਆਂ ਡਿਊਟੀ ਅਫਸਰ ਏ ਐਸ ਆਈ ਹਰਭਜਨ ਸਿੰਘ ਗਿੱਲ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਵੀ ਇਹ ਕਹਿ ਕੇ ਆਪਣਾ ਪੱਲਾ ਝਾੜ ਦਿੱਤਾ ਕਿ ਉਹ ਥਾਂ ਰੁੜਕਾ ਕਲਾਂ ਚੌਕੀ ਅਧੀਨ ਆਉਂਦੀ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਸਾਹਮਣੇ ਆਈ ਕਿ ਪੁਲਸ ਲੁੱਟ ਖੋਹ ਕਰਨ ਵਾਲਿਆਂ ਨੂੰ ਕਾਬੂ ਤਾਂ ਕੀ ਕਰਨਾ ਉਨ੍ਹਾਂ ਨੂੰ ਆਪਣੀਆਂ ਹੱਦਾਂ ਹੀ ਨਹੀ ਪਤਾ। ਜਦਕਿ ਰੁੜਕਾ ਕਲਾਂ ਚੌਕੀ ਵੀ ਥਾਣਾ ਗੁਰਾਇਆ ਅਧੀਨ ਆਉਂਦੀ ਹੈ।

# ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਲੋਹਾਰਾਂ ਵਿਖੇ ਮਨਾਇਆ ਤੀਜ ਦਾ ਜਸ਼ਨ




**ਜਲੰਧਰ (ਸ਼ੈਲੀ ਐਲਬਰਟ)**-ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਲੋਹਾਰਾਂ ਨੇ ਤੀਜ ਦਾ ਤਿਉਹਾਰ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ । ਵਿਦਿਆਰਥੀਆਂ ਨੇ ਸੋਲੋ ਅਤੇ ਗਰੁੱਪ ਗੀਤ, ਡਾਂਸ ਅਤੇ ਗਿੱਧੇ ਦਾ ਸੱਭਿਆਚਾਰਕ ਸ਼ੋਅ ਪੇਸ਼ ਕੀਤਾ। ਇਸ ਤੋਂ ਬਾਅਦ ਲੜਕੀਆਂ ਨੇ ਦਰੱਖਤ ਤੇ ਝੂਲੇ ਦਾ ਆਨੰਦ ਮਾਣਿਆ ਅਤੇ ਫਿਰ ਆਪਣੇ ਹੱਥਾਂ ਨੂੰ ਮਹਿੰਦੀ ਨਾਲ ਸਜਾਇਆ ।

ਸਮਾਰੋਹ ਨੂੰ ਰੇਡੀਓ ਸਿਟੀ ਤੋਂ ਕੈਂਪਸ ਗੇੜੀ ਵਿਦ ਆਰਜੇ ਸੈਂਡੀ ਦੁਆਰਾ ਅੱਗੇ ਵਧਾਇਆ ਗਿਆ। ਉਸ ਦਾ ਸ਼ੋਅ ਕੈਂਪਸ ਦੇ ਲਾਅਨ ਵਿੱਚ ਬਾਹਰ ਆਯੋਜਿਤ ਕੀਤਾ ਗਿਆ ਸੀ। ਉਨ੍ਹਾਂ ਨੇ ਖੇਡਾਂ ਕਰਵਾਈਆਂ ਅਤੇ ਮੌਕੇ 'ਤੇ ਹੀ ਇਨਾਮ ਦਿੱਤੇ। ਉਸ ਨੇ ਹੋਣਹਾਰ ਵਿਦਿਆਰਥੀਆਂ ਨੂੰ ਸਾਹਮਣੇ ਲਿਆਂਦਾ ਅਤੇ ਉਨ੍ਹਾਂ ਨੂੰ ਗਾਉਣ ਅਤੇ ਗਿੱਧਾ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ । ਸਮਾਰੋਹ ਵਿੱਚ ਸ਼੍ਰੀਮਤੀ ਸ਼ੈਲੀ ਬੌਰੀ(ਕਾਰਜਕਾਰੀ ਨਿਰਦੇਸ਼ਕ ਸਕੂਲ), ਸ਼੍ਰੀਮਤੀ ਅਰਾਧਨਾ ਬੌਰੀ, (ਕਾਰਜਕਾਰੀ ਡਾਇਰੈਕਟਰ ਕਾਲਜ), ਡਾ: ਪਲਕ ਗੁਪਤਾ ਬੌਰੀ,(ਡਾਇਰੈਕਟਰ-ਸੀਐਸਆਰ),ਕੁਮਾਰੀ ਸ਼ਾਲੂ ਸਹਿਗਲ (ਪ੍ਰਿੰਸੀਪਲ, ਆਈਐਚਐਸ, ਲੋਹਾਰਾਂ), ਰਾਹੁਲ ਜੈਨ(ਡਿਪਟੀ ਡਾਇਰੈਕਟਰ-ਸਕੂਲ ਅਤੇ ਕਾਲਜ), ਐਚ ਓ ਡੀਜ਼, ਫੈਕਲਿਟੀ ਮੈਂਬਰ, ਸਟਾਫ ਅਤੇ ਵਿਦਿਆਰਥੀ ਸ਼ਾਮਿਲ ਸਨ ।

# ਅਨਪੜ੍ਹ ਕੱਚੇ ਕਾਮਿਆਂ ਨੂੰ ਪੱਕਿਆਂ ਕੀਤਾ ਜਾਵੇਗਾ : ਵਣਪਾਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਜੰਗਲਾਤ ਵਰਕਰਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਨੇ 28 ਅਗਸਤ ਨੂੰ ਜੰਗਲਾਤ ਵਰਕਰਜ ਯੂਨੀਅਨ ਪੰਜਾਬ ਦੀ ਮੀਟਿੰਗ ਮੁੱਖ ਵਣ ਪਾਲ ਮੋਹਾਲੀ ਨਾਲ ਹੋਈ। ਵਣਪਾਲ ਨੇ ਕਿਹਾ ਕਿ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਵਿਚ ਕੰਮ ਕਰਦੇ (ਡੇਲੀਵੇਜ) ਅਨਪੜ੍ਹ ਕੱਚੇ ਕਾਮਿਆਂ ਨੂੰ ਇਕ ਮਹੀਨੇ ਵਿਚ ਪੱਕਿਆਂ ਕੀਤਾ ਜਾਵੇਗਾ ਅਤੇ ਇਹ ਕਾਮੇ 60 ਸਾਲ ਦੀ ਉਮਰ 'ਤੇ ਰਿਟਾਇਰ ਹੋਣਗੇ ਅਤੇ ਰਹਿੰਦੇ ਕੱਚੇ ਕਾਮਿਆਂ ਦੀਆਂ ਤਨਖਾਹਾਂ ਵਿੱਚ ਵੱਡੀ ਪੱਧਰ ਹੋਵੇਗਾ ਵਾਧਾ ਅਤੇ ਹੋਰ ਬਹੁਤ ਮੰਗਾਂ 'ਤੇ ਸਹਿਮਤੀ ਹੋਈ ਹੈ । ਮੀਟਿੰਗ ਵਿੱਚ ਜਨਰਲ ਸਕੱਤਰ ਜਸਵੀਰ ਸਿੰਘ ਸੀਰਾ ਚੇਅਰਮੈਨ ਵਿਰਸਾ ਸਿੰਘ ਅੰਮ੍ਰਿਤਸਰ ਅਤੇ ਫੈਡਰੇਸ਼ਨ ਦੇ ਸੂਬਾਈ ਪ੍ਰਧਾਨ ਸਤੀਸ਼ ਰਾਣਾ ਤੇ ਮਨਜੀਤ ਸਿੰਘ ਸੈਣੀ ਹਾਜਰ ਹੋਏ।

# 34,784 ਪਰਵਾਰਾਂ ਨੂੰ ਘਰ ਉਸਾਰ ਕੇ ਸੌਂਪੇ: ਭੁੱਲਰ

**ਚੰਡੀਗੜ੍ਹ, (ਗੁਰਜੀਤ ਬਿੱਲਾ)** -ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਵਿਭਾਗ ਵੱਲੋਂ ਪਿੰਡਾਂ ਦੇ ਲੋੜਵੰਦ ਪਰਵਾਰਾਂ ਨੂੰ ਪੱਕਾ ਘਰ ਮੁਹੱਈਆ ਕਰਵਾਉਣ ਦੀ ਮੁਹਿੰਮ ਤਹਿਤ ਹੁਣ ਤੱਕ ਯੋਗ ਲਾਭਪਾਤਰੀਆਂ ਨੂੰ 34,784 ਘਰ ਉਸਾਰ ਕੇ ਸੌਂਪੇ ਜਾ ਚੁੱਕੇ ਹਨ। ਪੀ.ਐਮ.ਏ.ਵਾਈ. (ਜੀ) ਸਕੀਮ ਤਹਿਤ ਵਿਭਾਗ ਵੱਲੋਂ 40,326 ਘਰ ਮਨਜੂਰ ਕੀਤੇ ਗਏ ਸਨ, ਜਿਨ੍ਹਾਂ ਵਿੱਚ 34,784 ਘਰ ਉਸਾਰ ਕੇ ਯੋਗ ਲਾਭਪਾਤਰੀਆਂ ਨੂੰ ਸੌਂਪੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੇ 5559 ਘਰਾਂ ਦੀ ਉਸਾਰੀ ਲਈ ਲਾਭਪਾਤਰੀਆਂ ਨੂੰ 21.23 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਇਹ ਮਕਾਨ ਇਸ ਸਾਲ ਦੇ ਦਸੰਬਰ ਮਹੀਨੇ ਤੱਕ ਮੁਕੰਮਲ ਕਰ ਦਿੱਤੇ ਜਾਣਗੇ।

# ਪਰਾਲੀ ਨਾ ਸਾੜਨ ਲਈ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

**ਡੇਰਾਬੱਸੀ, (ਕ੍ਰਿਸ਼ਨ ਗਰਗ)** ਸਰਕਾਰੀ ਕਾਲਜ ਡੇਰਾਬੱਸੀ ਵਿੱਖੇ ਪ੍ਰਿੰਸੀਪਲ ਸ੍ਰੀਮਤੀ ਕਾਮਨਾ ਗੁਪਤਾ ਦੀ ਯੋਗ ਅਗਵਾਈ ਹੇਠ ਐਨ. ਐਸ.ਐਸ. ਅਤੇ ਵਾਤਾਵਰਨ ਕਮੇਟੀ ਵਲੋਂ ਪਰਾਲੀ ਨਾ ਸਾੜਨ ਦੇ ਤਹਿਤ ਵਿਦਿਆਰਥੀਆਂ ਨੂੰ ਇਸ ਸਬੰਧੀ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਪ੍ਰੋਫੈਸਰ ਰਾਜਬੀਰ ਢਿੱਲੋਂ ਨੇ ਇਸ ਸਬੰਧੀ ਪੀ. ਪੀ. ਟੀ. ਦੇ ਰਾਹੀਂ ਵਿਦਿਆਰਥੀਆਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕੀਤਾ। ਡਾ. ਸੁਜਾਤਾ ਕੌਸਲ ਨੇ ਵੀ ਵਿਦਿਆਰਥੀਆਂ ਨੂੰ ਪਰਾਲੀ ਨਾ ਸਾੜਨ ਬਾਰੇ ਪ੍ਰੇਰਿਤ ਕਰਦੇ ਹੋਏ, ਲੋਕਾਂ ਨੂੰ ਜਾਗਰੂਕ ਕਰਨ ਲਈ ਕਿਹਾ। ਇਸ ਮੌਕੇ ਪ੍ਰੋਫੈਸਰ ਆਮੀ ਭੱਲਾ, ਪ੍ਰੋਫੈਸਰ ਬੋਮਿੰਦਰ ਕੌਰ, ਸ੍ਰੀਮਤੀ ਭੁਪਿੰਦਰ ਕੌਰ ਅਤੇ ਜਗਮੋਹਨ ਸਿੰਘ ਵੀ ਸ਼ਾਮਲ ਸਨ।

# ਚੰਦਰਯਾਨ -3 ਦੀ ਲੈਂਡਿੰਗ ਟੀਮ 'ਚ ਦਾਤਾਰਪੁਰ ਦਾ ਅਭਿਸ਼ੇਕ ਸ਼ਰਮਾ ਵੀ ਸ਼ਾਮਲ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਚੰਦਰਯਾਨ-3 ਦੀ ਸਫ਼ਲ ਲੈਂਡਿੰਗ ਕਰਵਾਉਣ ਵਾਲੀ ਇਸਰੋ ਦੀ ਟੀਮ 'ਚ ਸ਼ਾਮਲ ਅਭਿਸ਼ੇਕ ਸ਼ਰਮਾ ਕੰਢੀ ਦੇ ਧਾਰਮਿਕ ਕਸਬਾ ਦਾਤਾਰਪੁਰ ਨਾਲ ਜੰਮਪਲ ਹੈ। ਅਭਿਸ਼ੇਕ ਨੇ 10ਵੀਂ ਅਤੇ 12ਵੀਂ ਦੀ ਪੜ੍ਹਾਈ ਬੀਬੀਐਮਬੀ ਡੀਏਵੀ ਪਬਲਿਕ ਸਕੂਲ ਸੈਕਟਰ - 2 ਤਲਵਾੜਾ ਤੋਂ ਸਾਲ ਸਾਲ 2010 ਅਤੇ 2012 'ਚ ਪਾਸ ਕੀਤੀ ਸੀ। ਸਾਇੰਸ ਅਧਿਆਪਕ ਰਿਟਾ ਕ੍ਰਿਸ਼ਨਪਾਲ ਸ਼ਰਮਾ ਅਤੇ ਮਾਤਾ ਜੋਤੀ ਸ਼ਰਮਾ ਨੇ ਦਸਿਆ ਕਿ ਅਭਿਸ਼ੇਕ ਸ਼ਰਮਾ ਸ਼ੁਰੂ ਤੋਂ ਹੀ ਵਿਗਿਆਨਕ ਬਣਨਾ ਚਾਹੰਦਾ ਸੀ, ਮੋਗਾ ਇੰਜਨੀਅਰਿੰਗ ਕਾਲਜ ਤੋਂ ਬੀਟੈੱਕ ਦੀ ਪੜ੍ਹਾਈ ਕਰਨ ਤੋਂ ਬਾਅਦ ਅਭਿਸ਼ੇਕ ਸ਼ਰਮਾ ਨੇ ਆਈਆਈਟੀ ਮੁੰਬਈ ਤੋਂ ਐਮਟੈੱਕ ਕਰਨ ਤੋਂ ਬਾਅਦ ਉਸਦੀ ਚੋਣ ਇਸਰੋ 'ਚ ਹੋ ਗਈ। ਹੁਣ ਅਭਿਸ਼ੇਕ ਸ਼ਰਮਾ ਆਪਣੀ ਪਤਨੀ ਅਤੇ ਬੇਟੀ ਨਾਲ ਤ੍ਰਿਵੇਂਦਰਮ ਵਿਖੇ ਰਹਿ ਰਿਹਾ ਹੈ। ਬੀਬੀਐਮਬੀ ਡੀਏਵੀ ਪਬਲਿਕ ਸਕੂਲ ਸੈਕਟਰ -2 ਤਲਵਾੜਾ ਦੇ ਪ੍ਰਿੰਸੀਪਲ ਰੋਹਿਤ ਸਲਾਰੀਆ, ਭਾਖੜਾ ਬਿਆਸ ਮੈਨੇਜਮੈਂਟਰ ਬੋਰਡ ਦੇ ਚੀਫ਼ ਇੰਜਨੀਅਰ ਅਰੁਣ ਕੁਮਾਰ ਸਿਡਾਨਾ ਨੇ ਅਭਿਸ਼ੇਕ ਸ਼ਰਮਾ ਦੀ ਸ਼ਾਨਦਾਰ ਕਾਮਯਾਬੀ 'ਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ ਹੈ।

**ਗਾਖਲ-ਸੁਰਜੀਤ ਕੌਮੀ ਖੇਡ ਦਿਵਸ ਹਾਕੀ-2023**

# ਜਲੰਧਰ ਤੇ ਸੁਰਜੀਤ ਹਾਕੀ ਅਕੈਡਮੀ ਦੀਆਂ ਟੀਮਾਂ ਫਾਈਨਲ 'ਚ



**ਜਲੰਧਰ (ਸ਼ੈਲੀ ਐਲਬਰਟ)**-ਸ਼ਾਨਦਾਰ ਹਾਕੀ ਅਤੇ ਬਿਹਤਰ ਤਾਲਮੇਲ ਦਾ ਪ੍ਰਦਰਸ਼ਨ ਕਰਦੇ ਹੋਏ ਲੜਕਿਆਂ ਦੇ ਵਰਗ ਵਿਚ ਸੁਰਜੀਤ ਅਕੈਡਮੀ/ਬਰੌਕੀ ਜਲੰਧਰ, ਅਲਫਾ ਹਾਕੀ/ਸ਼ਰੇ ਹਾਕੀ ਅਤੇ ਲੜਕੀਆਂ ਦੇ ਵਰਗ ਵਿਚ ਰੇਲ ਕੋਚ ਫੈਕਟਰੀ/ਬਰੌਕੀ ਜਲੰਧਰ ਸੀ. ਆਰ. ਪੀ. ਐੱਫ./ਖਾਲਸਾ ਕਾਲਜ ਦੀਆਂ ਟੀਮਾਂ ਨੇ ਆਪਣੇ ਆਪਣੇ ਲੀਗ ਮੈਚ ਜਿੱਤਕੇ ਪਹਿਲੇ ਗਾਖਲ-ਸੁਰਜੀਤ ਕੌਮੀ ਖੇਡ ਦਿਵਸ (ਫਾਇਵ-ਏ-ਸਾਈਡ) ਹਾਕੀ ਟੂਰਨਾਮੈਂਟ ਵਿਚ ਪੂਰੇ ਅੰਕ ਹਾਸਿਲ ਕੀਤੇ ਹਨ। ।ਭਾਰਤੀ ਹਾਕੀ ਦੇ ਮਹਾਨ ਖਿਡਾਰੀ ਮਰਹੂਮ ਓਲੰਪੀਅਨ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਹਰ ਸਾਲ ਭਾਰਤ ਵਿੱਚ ਰਾਸ਼ਟਰੀ ਖੇਡ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਸੁਰਜੀਤ ਹਾਕੀ ਸੁਸਾਇਟੀ ਵੱਲੋਂ ਜਨਮ ਦਿਨ ਮਨਾਉਣ ਲਈ ਇਸ ਤਿੰਨ ਰੋਜ਼ਾ ਹਾਕੀ ਟੂਰਨਾਮੈਂਟ ਵਿੱਚ 18 ਲੜਕਿਆਂ (ਅੰਡਰ 18) ਟੀਮਾਂ, ਲੜਕੀਆਂ (ਓਪਨ) ), ਜੂਨੀਅਰ (ਅੰਡਰ 14) ਅਤੇ ਸਬ-ਜੂਨੀਅਰ (ਅੰਡਰ 10) ਵਰਗ ਵਿਚ ਟੀਮਾਂ ਭਾਗ ਲੈ ਰਹੀਆਂ ਹਨ। ਸਥਾਨਕ ਸੁਰਜੀਤ ਹਾਕੀ ਸਟੇਡੀਅਮ, ਬਲਟਰਨ ਪਾਰਕ ਵਿਖੇ ਆਰੰਭ ਹੋਏ ਇਸ ਟੂਰਨਾਮੈਂਟ ਦੇ ਮਹਿਲਾ ਵਰਗ ਦੇ ਮੈਚਾਂ ਵਿਚ ਤਜ਼ਰਬੇਕਾਰ ਰੇਲ ਕੋਚ ਫੈਕਟਰੀ, ਕਪੂਰਥਲਾ ਨੇ ਬਰੌਕੀ ਜਲੰਧਰ ਨੂੰ 14-1 ਦੇ ਫਰਕ ਨਾਲ ਹਰਾਇਆ ਜਦਕਿ ਸੀ.ਆਰ.ਪੀ.ਐੱਫ. ਜਲੰਧਰ ਨੇ ਖਾਲਸਾ ਕਾਲਜ, ਜਲੰਧਰ ਨੂੰ 16-4 ਦੇ ਫਰਕ ਨਾਲ ਹਰਾਕੇ ਆਪਣੇ ਪੂਰੇ ਅੰਕ ਹਾਸਿਲ ਕੀਤੇ । ਲੜਕਿਆਂ ਦੇ ਜੂਨੀਅਰ (18 ਸਾਲ ਤੋਂ ਘੱਟ ਉਮਰ) ਵਰਗ ਵਿਚ ਸ਼ਰੇ ਹਾਕੀ ਜਲੰਧਰ ਨੇ ਅਲਫਾ ਹਾਕੀ, ਜਲੰਧਰ ਨੂੰ 8-7 ਦੇ ਫਰਕ ਨਾਲ ਹਰਾਇਆ ਜਦਕਿ ਸੁਰਜੀਤ ਹਾਕੀ ਅਕਾਡਮੀ ਅਤੇ ਬਰੌਕੀ ਜਲੰਧਰ ਵਿਚਕਾਰ ਮੈਚ 6-6 ਨਾਲ ਬਰਾਬਰ ਰਿਹਾ। ਜੂਨੀਅਰ (14 ਸਾਲ ਤੋਂ ਘੱਟ ਉਮਰ) ਵਰਗ ਵਿਚ ਸੁਰਜੀਤ ਹਾਕੀ ਅਕਾਡਮੀ ਨੇ ਅਲਫਾ ਹਾਕੀ ਜਲੰਧਰ ਨੂੰ 7-8 ਦੇ ਫਰਕ ਨਾਲ ਹਰਾਇਆ ਜਦਕਿ ਸ਼ਰੇ ਹਾਕੀ ਜਲੰਧਰ ਨੇ ਹਾਕੀ ਜਲੰਧਰ ਨੂੰ 9-4 ਦੇ ਫਰਕ ਨਾਲ ਹਰਾਇਆ । ਸਬ ਜੂਨੀਅਰ (10 ਸਾਲ ਤੋਂ ਘੱਟ ਉਮਰ) ਵਰਗ ਵਿਚ ਹਾਕੀ ਜਲੰਧਰ ਨੇ ਅਲਫਾ ਹਾਕੀ ਜਲੰਧਰ ਨੂੰ 2-1 ਦੇ ਫਰਕ ਨਾਲ ਹਰਾਇਆ ਜਦਕਿ ਸੁਰਜੀਤ ਹਾਕੀ ਅਕਾਡਮੀ ਨੇ ਸ਼ਰੇ ਹਾਕੀ ਜਲੰਧਰ ਨੂੰ 4-3 ਦੇ ਫਰਕ ਨਾਲ ਹਰਾਕੇ ਫਾਈਨਲ ਵਿਚ ਪ੍ਰਵੇਸ਼ ਕੀਤਾ।।

ਇਸ ਤੋਂ ਪਹਿਲਾਂ ਟੂਰਨਾਮੈਂਟ ਦਾ ਉਦਘਾਟਨ ਮਾਸਕੋ ਓਲੰਪਿਕ ਦੇ ਗੋਲਡ ਮੈਡਲਿਸਟ ਤੇ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਆਈ.ਪੀ.ਐਸ. (ਸੇਵਾਮੁਕਤ) ਕੀਤਾ । ਇਸ ਮੌਕੇ ਸੁਰਿੰਦਰ ਸਿੰਘ ਭਾਪਾ, ਰਨਬੀਰ ਸਿੰਘ ਟੁੱਟ, ਐੱਲ.ਆਰ. ਨਈਅਰ, ਰਾਮ ਪ੍ਰਤਾਪ, ਲਖਵਿੰਦਰਪਾਲ ਸਿੰਘ ਖਹਿਰਾ, ਇਕਬਾਲ ਸਿੰਘ ਸੰਧੂ, ਨੱਥਾ ਸਿੰਘ ਗਾਖਲ, ਓਲੰਪੀਅਨ ਰਾਜਿੰਦਰ ਸਿੰਘ, ਗੁਰਵਿੰਦਰ ਸਿੰਘ ਗੁੱਲੂ, ਅਰਵਿੰਦਰ ਸਿੰਘ ਬਿੰਦਰ ਕੁਲਾਰ, ਪ੍ਰਿਤਪਾਲ ਸਿੰਘ ਢਿੱਲੋਂ, ਪ੍ਰੋ. ਬਲਵਿੰਦਰ ਸਿੰਘ ਵਗੈਰਾ ਹਾਜਰ ਸਨ।